@Qpatrika
@qaumipatrika punjabi
instagram.com/qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪੱਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Sunday, 10 August 2025

VISIT:
www.qaumipatrika.org
Email: qpatrika@gmail.com

ਨਵੀਂ ਦਿੱਲੀ: ਐਤਵਾਰ 10 ਅਗਸਤ 2025, 26 ਸਾਵਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 43, ਅੰਕ 271, qpatrika@gmail.com ਫੋਨ : 9971359517 www.qaumipatrika.org

## ਵੋਟ ਚੋਰੀ ਨੂੰ ਲੈ ਕੇ ਰਾਹੁਲ ਗਾਂਧੀ ਵਲੋਂ ਕੀਤੇ ਖੁਲਾਸੇ ਦੀ ਹੋਵੇ ਜਾਂਚ : ਪ੍ਰਿਯੰਕਾ ਗਾਂਧੀ

ਨਵੀਂ ਦਿੱਲੀ 9 ਅਗਸਤ। ਕਾਂਗਰਸ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਨੇ ਕਿਹਾ ਹੈ ਕਿ ਵੋਟ ਚੋਰੀ ਨੂੰ ਲੈ ਕੇ ਕਾਂਗਰਸ ਦੇ ਸਾਬਕਾ ਪ੍ਰਧਾਨ ਅਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਵੱਲੋਂ ਜੋ ਵੀ ਖੁਲਾਸਾ ਕੀਤਾ ਗਿਆ ਹੈ, ਉਹ ਬਹੁਤ ਗੰਭੀਰ ਹੈ। ਇਸ ਲਈ ਇਸ



ਦੀ ਜਾਂਚ ਹੋਣੀ ਚਾਹੀਦੀ ਹੈ। ਸ਼ੁੱਕਰਵਾਰ ਨੂੰ ਲੋਕ ਸਭਾ ਕੰਪਲੈਕਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੀਮਤੀ ਵਾਡਰਾ ਨੇ ਕਿਹਾ ਕਿ ਚੋਣ ਕਮਿਸ਼ਨ ਨੂੰ ਵੋਟਰ ਸੂਚੀ ਅਤੇ ਡੇਟਾ ਮੁਹੱਈਆ ਕਰਵਾਉਣਾ ਚਾਹੀਦਾ ਹੈ। ਚੋਣ ਕਮਿਸ਼ਨ ਅਤੇ ਭਾਜਪਾ ਜਿਸ ਤਰ੍ਹਾਂ ਦੇ ਬਿਆਨ ਦੇ ਰਹੇ ਹਨ, ਉਸ ਤੋਂ ਇਹ ਸਪੱਸ਼ਟ ਹੈ ਕਿ ਕੁਝ ਬੇਨਿਯਮੀਆਂ ਹੋਈਆਂ ਹਨ ਅਤੇ ਇਸਦੀ ਜਾਂਚ ਹੋਣ ਦੀ ਲੋੜ ਹੈ। ਉਨ੍ਹਾਂ ਕਿਹਾ, ਰਾਹੁਲ ਗਾਂਧੀ ਨੇ ਇੰਨਾ ਵੱਡਾ ਖੁਲਾਸਾ ਕੀਤਾ ਹੈ, ਇਸਦੀ ਜਾਂਚ ਹੋਣੀ ਚਾਹੀਦੀ ਹੈ। ਚੋਣ ਕਮਿਸ਼ਨ ਵੋਟਰ ਸੂਚੀ ਨਹੀਂ ਦੇ ਰਿਹਾ, ਜਾਂਚ ਨਹੀਂ ਕਰ ਰਿਹਾ, ਉਲਟਾ ਹਲਫ਼ਨਾਮਾ ਮੰਗ ਰਿਹਾ ਹੈ। ਅਸੀਂ ਲਗਾਤਾਰ ਡੇਟਾ ਦਿਖਾ ਰਹੇ ਹਾਂ ਪਰ ਕਮਿਸ਼ਨ ਆਪਣਾ ਡੇਟਾ ਸਵੀਕਾਰ ਕਰਨ ਲਈ ਤਿਆਰ ਕਿਉਂ ਨਹੀਂ ਹੋ ਰਿਹਾ ਹੈ? ਸ਼੍ਰੀਮਤੀ ਵਾਡਰਾ ਨੇ ਕਿਹਾ ਕਿ ਭਾਜਪਾ ਅਤੇ ਚੋਣ ਕਮਿਸ਼ਨ ਵੱਲੋਂ ਜਿਸ ਤਰ੍ਹਾਂ ਦੇ ਬਿਆਨ ਆ ਰਹੇ ਹਨ, ਉਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਵੱਡੀਆਂ ਬੇਨਿਯਮੀਆਂ ਹੋ ਰਹੀਆਂ ਹਨ।

# ਸਰਕਾਰ ਨੂੰ ਸਮਝ ਨਹੀਂ ਆ ਰਹੀ ਕਿ ਟੈਰਿਫ ਮੁੱਦੇ ਨਾਲ ਕਿਵੇਂ ਨਜਿੱਠਣਾ: ਮਲਿਕਾਰਜੁਨ ਖੜਗੇ

ਕੌਮੀ ਪੱਤ੍ਰਿਕਾ
**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 9 ਅਗਸਤ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਦੋਸ਼ ਲਗਾਇਆ ਕਿ ਮੋਦੀ ਸਰਕਾਰ ਦੀ ਵਿਦੇਸ਼ ਨੀਤੀ ਪੂਰੀ ਤਰ੍ਹਾਂ ਫਿੱਕੀ ਪੈ ਗਈ ਹੈ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਭਾਰਤ ’ਤੇ ਕੁੱਲ 50 ਪ੍ਰਤੀਸ਼ਤ ਟੈਰਿਫ ਦਾ ਐਲਾਨ ਕਰਨ ਤੋਂ ਬਾਅਦ ਇਸ ਸਥਿਤੀ ਨਾਲ ਕਿਵੇਂ ਨਜਿੱਠਣਾ ਹੈ, ਇਹ ਸਮਝ ਨਹੀਂ ਆ ਰਿਹਾ ਹੈ। ਖੜਗੇ ਨੇ ਦਾਅਵਾ ਕੀਤਾ ਕਿ ਟਰੰਪ ਵਾਰ-ਵਾਰ ਧਮਕੀਆਂ ਦੇ ਰਹੇ ਹਨ ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਚੁੱਪ ਹਨ। ਖਰਗੇ ਨੇ ਐਕਸ ’ਤੇ ਪੋਸਟ ਸਾਂਝੀ ਕਰਦੇ ਹੋਏ ਕਿਹਾ ਕਿ ਭਾਰਤ ਦਾ ਰਾਸ਼ਟਰੀ ਹਿੱਤ ਸਭ ਤੋਂ ਉੱਪਰ ਹੈ। ਕੋਈ ਵੀ ਦੇਸ਼, ਜੋ ਗੁੱਟ-ਨਿਰਲੇਪਤਾ ਦੀ ਵਿਚਾਰਧਾਰਾ ’ਤੇ ਅਧਾਰਤ ਸਾਡੀ ਸਮੇਂ ਦੀ ਕਸੌਟੀ ’ਤੇ ਕੱਸੀ ਗਈ ਰਣਨੀਤਕ ਖੁਦਮੁਖਤਿਆਰੀ ਦੀ ਨੀਤੀ ਲਈ ਭਾਰਤ ਨੂੰ ਮਨਮਾਨੇ ਢੰਗ ਨਾਲ ਸਜ਼ਾ ਦਿੰਦਾ ਹੈ, ਉਹ ਭਾਰਤ ਦੇ ਮਜ਼ਬੂਤ ਢਾਂਚੇ ਨੂੰ ਨਹੀਂ ਸਮਝਦਾ। ਉਨ੍ਹਾਂ ਨੇ ਇਸ ਗੱਲ਼ ਦਾ ਵੀ ਜ਼ਿਕਰ ਕੀਤਾ, ਸੱਤਵੇਂ ਬੇੜੇ ਦੀਆਂ ਧਮਕੀਆਂ ਤੋਂ ਲੈ ਕੇ ਪ੍ਰਮਾਣੂ ਪ੍ਰੀਖਣਾਂ ’ਤੇ ਪਾਬੰਦੀਆਂ ਤੱਕ ਅਸੀਂ ਅਮਰੀਕਾ ਨਾਲ ਆਪਣੇ ਸਬੰਧਾਂ ਨੂੰ ਸਵੈ-ਮਾਣ ਅਤੇ ਮਾਣ ਨਾਲ ਬਣਾਈ ਰੱਖਿਆ ਹੈ। ਖੜਗੇ ਦੇ ਅਨੁਸਾਰ, ਟਰੰਪ ਨੇ ਅਜਿਹੇ ਸਮੇਂ 50 ਪ੍ਰਤੀਸ਼ਤ ਡਿਊਟੀ ਲਗਾਉਣ ਦੀ ਗੱਲ ਕੀਤੀ ਹੈ ਜਦੋਂ ਭਾਰਤ ਦੀ ਕੂਟਨੀਤੀ ਬਹੁਤ ਬੁਰੀ ਤਰ੍ਹਾਂ ਡਿੱਗ ਰਹੀ ਹੈ। ਕਾਂਗਰਸ ਪ੍ਰਧਾਨ ਨੇ ਕਿਹਾ, ਨਰਿੰਦਰ ਮੋਦੀ ਜੀ, ਜਦੋਂ ਟਰੰਪ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੇ ਜੰਗਬੰਦੀ ਦੀ ਵਿਚੋਲਗੀ ਕੀਤੀ ਹੈ ਤਾਂ ਤੁਸੀਂ ਚੁੱਪ ਰਹੇ। ਉਨ੍ਹਾਂ ਨੇ ਇਹ ਦਾਅਵਾ ਘੱਟੋ-ਘੱਟ 30 ਵਾਰ ਕੀਤਾ ਹੈ ਅਤੇ ਇਹ ਗਿਣਤੀ ਵਧ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ 30 ਨਵੰਬਰ, 2024 ਨੂੰ ਟਰੰਪ ਨੇ ਬ੍ਰਿਕਸ ਦੇਸ਼ਾਂ ’ਤੇ 100 ਪ੍ਰਤੀਸ਼ਤ ਟੈਰਿਫ ਲਗਾਉਣ ਦੀ ਧਮਕੀ ਦਿੱਤੀ ਸੀ ਅਤੇ ਉਸ ਸਮੇਂ ਪ੍ਰਧਾਨ ਮੰਤਰੀ ਮੋਦੀ ਉੱਥੇ ਮੁਸਕਰਾਉਂਦੇ ਹੋਏ ਬੈਠੇ ਸਨ ਜਦੋਂ ਟਰੰਪ ਨੇ ’ਬ੍ਰਿਕਸ ਡੈੱਡ’ ਕਿਹਾ ਸੀ। ਉਨ੍ਹਾਂ ਕਿਹਾ, ਟਰੰਪ ਮਹੀਨਿਆਂ ਤੋਂ ’ਬਦਲੇ ਵਾਲੇ ਟੈਰਿਫ’ ਲਗਾਉਣ ਦੀ ਯੋਜਨਾ ਬਣਾ ਰਹੇ ਸਨ। ਅਸੀਂ ਸਾਰੇ ਇਸ ਬਾਰੇ ਜਾਣਦੇ ਸੀ। ਤੁਸੀਂ ਕੇਂਦਰੀ ਬਜਟ ਵਿੱਚ ਸਾਡੇ ਮੁੱਖ ਖੇਤਰਾਂ ਜਿਵੇਂ ਖੇਤੀਬਾੜੀ, MSME ਅਤੇ ਵੱਖ-ਵੱਖ ਉਦਯੋਗਾਂ ’ਤੇ ਪ੍ਰਭਾਵ ਨੂੰ ਘਟਾਉਣ ਲਈ ਕੁਝ ਨਹੀਂ



ਕੀਤਾ ਹੈ। ਖੜਗੇ ਨੇ ਕਿਹਾ, ਤੁਹਾਡੇ (ਮੋਦੀ) ਮੰਤਰੀ ਮਹੀਨਿਆਂ ਤੋਂ ਅਮਰੀਕਾ ਨਾਲ ਵਪਾਰ ਸਮਝੌਤੇ ’ਤੇ ਗੱਲਬਾਤ ਕਰਨ ਬਾਰੇ ਗੱਲ ਕਰ ਰਹੇ ਹਨ। ਉਨ੍ਹਾਂ ਵਿੱਚੋਂ ਕੁਝ ਤਾਂ ਕਈ ਦਿਨਾਂ ਤੋਂ ਵਾਸ਼ਿੰਗਟਨ ਵਿੱਚ ਵੀ ਡੇਰਾ ਲਾਈ ਬੈਠੇ ਹਨ। ਉਨ੍ਹਾਂ ਕਿਹਾ, ਤੁਸੀਂ ਅਮਰੀਕਾ ਨਾਲ ਵਪਾਰ ਸਮਝੌਤੇ ’ਤੇ ਗੱਲਬਾਤ ਕਰਨ ਵਿੱਚ ਅਸਫਲ ਰਹੇ। ਤੁਹਾਡੇ ਕੋਲ ਛੇ ਮਹੀਨਿਆਂ ਤੋਂ ਵੱਧ ਸਮਾਂ ਸੀ। ਹੁਣ ਟਰੰਪ ਸਾਨੂੰ ਧਮਕੀਆਂ ਦੇ ਰਹੇ ਹਨ ਅਤੇ ਮਜਬੂਰ ਕਰ ਰਹੇ ਹਨ ਪਰ ਤੁਸੀਂ ਚੁੱਪ ਹੋ। ਉਨ੍ਹਾਂ ਕਿਹਾ ਕਿ ਭਾਰਤ ਦਾ ਅਮਰੀਕਾ ਨੂੰ ਨਿਰਯਾਤ ਲਗਭਗ 7.51 ਲੱਖ ਕਰੋੜ ਰੁਪਏ (2024) ਹੈ ਅਤੇ 50 ਪ੍ਰਤੀਸ਼ਤ ਦੀ ਇੱਕ ਵਾਰ ਡਿਊਟੀ 3.75 ਲੱਖ ਕਰੋੜ ਰੁਪਏ ਦਾ ਆਰਥਿਕ ਬੋਝ ਪਾਏਗੀ। ਕਾਂਗਰਸ ਪ੍ਰਧਾਨ ਨੇ ਕਿਹਾ, ਸਾਡੇ ਬਹੁਤ ਸਾਰੇ ਸੈਕਟਰ ਜਿਵੇਂ ਕਿ MSME, ਖੇਤੀਬਾੜੀ, ਡੇਅਰੀ ਇੰਜੀਨੀਅਰਿੰਗ ਸਾਮਾਨ, ਇਲੈਕਟ?ਰਾਨਿਕ ਸਾਮਾਨ, ਰਤਨ ਅਤੇ ਗਹਿਣੇ, ਫਾਰਮਾਸਿਊਟੀਕਲ ਉਤਪਾਦਨ ਅਤੇ ਜੈਵਿਕ ਉਤਪਾਦ, ਪੈਟਰੋਲੀਅਮ ਉਤਪਾਦ ਅਤੇ ਸੂਤੀ ਕੱਪੜਾ ਸਭ ਤੋਂ ਵੱਧ ਪ੍ਰਭਾਵਿਤ ਹੋਣਗੇ। ਉਨ੍ਹਾਂ ਦਾਅਵਾ ਕੀਤਾ ਕਿ ਮੋਦੀ ਸਰਕਾਰ ਨੂੰ ਨਹੀਂ ਪਤਾ ਕਿ ਇਸ ਨਾਲ ਕਿਵੇਂ ਨਜਿੱਠਣਾ ਹੈ। ਖੜਗੇ ਨੇ ਇਹ ਵੀ ਕਿਹਾ, ਤੁਸੀਂ (ਪ੍ਰਧਾਨ ਮੰਤਰੀ) ਇਸ ਵਿਦੇਸ਼ ਨੀਤੀ ਦੀ ਤਬਾਹੀ ਲਈ 70 ਸਾਲਾਂ ਦੀ ਕਾਂਗਰਸ ਨੂੰ ਵੀ ਜ਼ਿੰਮੇਵਾਰ ਨਹੀਂ ਠਹਿਰਾ ਸਕਦੇ।

# ਟਰੰਪ ਟੈਰਿਫ ’ਤੇ ਭਾਰਤ ਦੇ ਅਰਬਪਤੀ ਕਾਰੋਬਾਰੀਆਂ ਦਾ ਕਰਾਰਾ ਜਵਾਬ, ਕਿਹਾ-‘ਕਿਸੇ ਦੇ ਅੱਗੇ ਨਹੀਂ ਝੁਕੇਗਾ ਭਾਰਤ’

ਕੌਮੀ ਪੱਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 9 ਅਗਸਤ। 6 ਅਗਸਤ ਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ ਨੂੰ ਲੈ ਕੇ ਇਕ ਵੱਡਾ ਫੈਸਲਾ ਲਿਆ। ਉਨ੍ਹਾਂ ਨੇ ਇਕ ਕਾਰਜਕਾਰੀ ਆਦੇਸ਼ ’ਤੇ ਦਸਤਖ਼ਤ ਕਰਦੇ ਹੋਏ ਭਾਰਤ ਤੋਂ ਅਮਰੀਕਾ ਜਾਣ ਵਾਲੀ ਬਰਾਮਦ ’ਤੇ 25 ਫੀਸਦੀ ਵਾਧੂ ਟੈਰਿਫ ਲਾਉਣ ਦਾ ਐਲਾਨ



ਕੀਤਾ। ਇਸ ਨਾਲ ਭਾਰਤ ’ਤੇ ਕੁਲ ਟੈਰਿਫ ਵਧ ਕੇ 50 ਫੀਸਦੀ ਹੋ ਗਿਆ ਹੈ। ਟਰੰਪ ਦੇ ਇਸ ਕਦਮ ਨਾਲ ਭਾਰਤੀ ਉਦਯੋਗਪਤੀ ਭੜਕ ਗਏ ਹਨ। ਆਰ. ਪੀ. ਜੀ. ਇੰਟਰਪ੍ਰਾਈਜ਼ਿਜ਼ ਦੇ ਚੇਅਰਮੈਨ ਹਰਸ਼ ਗੋਇਨਕਾ ਅਤੇ ਮਹਿੰਦਰਾ ਗਰੁੱਪ ਦੇ ਚੇਅਰਮੈਨ ਆਨੰਦ ਮਹਿੰਦਰਾ ਨੇ ਸੋਸ਼ਲ ਮੀਡੀਆ ’ਤੇ ਆਪਣੀ ਨਾਰਾਜ਼ਗੀ ਜਤਾਈ। ਹਰਸ਼ ਗੋਇਨਕਾ ਨੇ ਕਿਹਾ,“ਤੁਸੀਂ ਸਾਡੀ ਬਰਾਮਦ ’ਤੇ ਟੈਰਿਫ ਲਾ ਸਕਦੇ ਹੋ ਪਰ ਸਾਡੀ ਪ੍ਰਭੂਸੱਤਾ ’ਤੇ ਨਹੀਂ।” ਉਥੇ ਹੀ ਆਨੰਦ ਮਹਿੰਦਰਾ ਨੇ ਇਸ ਕਦਮ ਨੂੰ ‘ਅਣਚਾਹੇ ਨਤੀਜਿਆਂ ਦਾ ਨਿਯਮ’ ਦੱਸਿਆ ਅਤੇ ਭਾਰਤ ਲਈ 2 ਵੱਡੇ ਸੁਝਾਅ ਦਿੱਤੇ। ਭਾਰਤ ਦੇ ਵਪਾਰਕ ਜਗਤ ’ਚ ਟਰੰਪ ਦੇ ਇਸ ਕਦਮ ’ਤੇ ਤਿੱਖੀ ਪ੍ਰਤੀਕਿਰਿਆ ਦੇਖਣ ਨੂੰ ਮਿਲੀ। ਆਰ. ਪੀ. ਜੀ. ਇੰਟਰਪ੍ਰਾਈਜ਼ਿਜ਼ ਦੇ ਚੇਅਰਮੈਨ ਹਰਸ਼ ਗੋਇਨਕਾ ਨੇ ਸਪੱਸ਼ਟ ਸ਼ਬਦਾਂ ’ਚ ਕਿਹਾ ਕਿ ਭਾਰਤ ਆਪਣੀ ਪ੍ਰਭੂਸੱਤਾ ਨਾਲ ਕੋਈ ਸਮਝੌਤਾ ਨਹੀਂ ਕਰੇਗਾ। ਉਨ੍ਹਾਂ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ (ਪਹਿਲਾਂ ’ਚ ਟਵਿਟਰ) ’ਤੇ ਲਿਖਿਆ,“ਤੁਸੀਂ ਸਾਡੀ ਬਰਾਮਦ ’ਤੇ ਟੈਰਿਫ ਲਾ ਸਕਦੇ ਹੋ ਪਰ ਸਾਡੀ ਪ੍ਰਭੂਸੱਤਾ ’ਤੇ ਨਹੀਂ। ਅਸੀਂ ਸੰਕਲਪ ਮਜ਼ਬੂਤ ਕਰਾਂਗੇ, ਬਦਲ ਦੀ ਭਾਲ ਕਰਾਂਗੇ ਅਤੇ ਆਤਮਨਿਰਭਰ ਬਣਾਂਗੇ। ਭਾਰਤ ਕਿਸੇ ਦੇ ਅੱਗੇ ਝੁਕੇਗਾ ਨਹੀਂ। ਹਰਸ਼ ਗੋਇਨਕਾ ਦੇ ਇਸ ਬਿਆਨ ਤੋਂ ਇਹ ਸਾਫ ਸੰਕੇਤ ਮਿਲਿਆ ਕਿ ਭਾਰਤੀ ਉਦਯੋਗਪਤੀ ਇਸ ਫੈਸਲੇ ਨੂੰ ਸਿਰਫ ਆਰਥਿਕ ਨਹੀਂ, ਸਗੋਂ ਰਾਜਨੀਤਕ ਚੁਣੌਤੀ ਮੰਨ ਰਹੇ ਹਨ। ਉਥੇ ਹੀ ਨੀਤੀ ਆਯੋਗ ਦੇ ਸਾਬਕਾ ਸੀ. ਈ. ਓ. ਅਮਿਤਾਭ ਕਾਂਤ ਨੇ ਲਿਖਿਆ,“ਟਰੰਪ ਨੇ ਸਾਨੂੰ ਇਕ ਪੀੜ੍ਹੀ ’ਚ ਇਕ ਵਾਰ ਮਿਲਣ ਵਾਲਾ ਮੌਕਾ ਦਿੱਤਾ ਹੈ, ਤਾਂਕਿ ਅਸੀਂ ਸੁਧਾਰਾਂ ’ਚ ਅਗਲਾ ਵੱਡਾ ਕਦਮ ਚੁੱਕ ਸਕੀਏ। ਇਸ ਸੰਕਟ ਦਾ ਪੂਰਾ ਫਾਇਦਾ ਚੁੱਕਣਾ ਚਾਹੀਦਾ ਹੈ।” ਮਹਿੰਦਰਾ ਗਰੁੱਪ ਦੇ ਚੇਅਰਮੈਨ ਆਨੰਦ ਮਹਿੰਦਰਾ ਨੇ ਟਰੰਪ ਦੇ ਟੈਰਿਫ ਨੂੰ ਅਜਿਹਾ ਫੈਸਲਾ ਦੱਸਿਆ, ਜੋ ਉਨ੍ਹਾਂ ’ਤੇ ਹੀ ਉਲਟਾ ਅਸਰ ਪਾ ਸਕਦਾ ਹੈ। ਉਨ੍ਹਾਂ ਨੇ ਇਸ ਮੌਕੇ ਨੂੰ ਭਾਰਤ ਲਈ ਇਕ ਵੱਡੇ ਮੌਕੇ ਦੇ ਤੌਰ ’ਤੇ ਵੇਖਿਆ ਅਤੇ ਸਰਕਾਰ ਨੂੰ 2 ਅਹਿਮ ਸੁਝਾਅ ਦਿੱਤੇ। ਉਨ੍ਹਾਂ ਮੁਤਾਬਕ ਇਹ ਸਮਾਂ 1991 ਦੀ ਤਰ੍ਹਾਂ ਦਾ ਇਕ ਫੈਸਲਾਕੁੰਨ ਮੋੜ ਹੋ ਸਕਦਾ ਹੈ, ਜਦੋਂ ਭਾਰਤ ਨੇ ਵੱਡੇ ਆਰਥਕ ਸੁਧਾਰਾਂ ਦੀ ਸ਼ੁਰੂਆਤ ਕੀਤੀ ਸੀ। ਮਹਿੰਦਰਾ ਨੇ ਕਿਹਾ ਕਿ ਭਾਰਤ ਨੂੰ ਹੁਣ ਛੋਟੇ ਸੁਧਾਰਾਂ ਤੋਂ ਅੱਗੇ ਵਧ ਕੇ ਇਕ ਵਿਆਪਕ ‘ਇਜ਼ ਆਫ ਡੂਇੰਗ ਬਿਜ਼ਨੈੱਸ’ ਨੀਤੀ ਲਾਗੂ ਕਰਨੀ ਚਾਹੀਦੀ ਹੈ। ਇਸ ਤਹਿਤ ਇਕ ਅਜਿਹਾ ਸਿੰਗਲ ਵਿੰਡੋ ਕਲੀਅਰੈਂਸ ਸਿਸਟਮ ਤਿਆਰ ਕੀਤਾ ਜਾਵੇ, ਜਿਸ ਨਾਲ ਨਿਵੇਸ਼ਕਾਂ ਨੂੰ ਸਾਰੀਆਂ ਮਨਜ਼ੂਰੀਆਂ ਇਕ ਹੀ ਜਗ?ਹਾ ਮਿਲ ਸਕਣ। ਉਨ੍ਹਾਂ ਨੇ ਸੁਝਾਅ ਦਿੱਤਾ ਕਿ ਸ਼ੁਰੂਆਤ ਉਨ੍ਹਾਂ ਸੂਬਿਆਂ ਤੋਂ ਕੀਤੀ ਜਾਵੇ, ਜੋ ਇਸ ਨੀਤੀ ਨੂੰ ਅਪਣਾਉਣ ਲਈ ਤਿਆਰ ਹਨ। ਜੇਕਰ ਭਾਰਤ ਨਿਵੇਸ਼, ਪਾਰਦਰਸ਼ਤਾ ਅਤੇ ਸਥਿਰਤਾ ਵਿਖਾ ਸਕੇ ਤਾਂ ਉਹ ਗਲੋਬਲ ਨਿਵੇਸ਼ਕਾਂ ਲਈ ਸਭ ਤੋਂ ਭਰੋਸੇਮੰਦ ਮੰਜ਼ਿਲ ਬਣ ਸਕਦਾ ਹੈ। ਆਨੰਦ ਮਹਿੰਦਰਾ ਨੇ ਇਹ ਵੀ ਕਿਹਾ ਕਿ ਭਾਰਤ ’ਚ ਸੈਰ-ਸਪਾਟਾ ਇਕ ਘੱਟ ਵਰਤੋਂ ਕੀਤਾ ਗਿਆ ਮੌਕਾ ਹੈ, ਜੋ ਵਿਦੇਸ਼ੀ ਮੁਦਰਾ ਅਤੇ ਰੋਜ਼ਗਾਰ ਦੋਵਾਂ ਦਾ ਵੱਡਾ ਸਰੋਤ ਬਣ ਸਕਦਾ ਹੈ। ਉਨ੍ਹਾਂ ਨੇ ਸਰਕਾਰ ਨੂੰ ਵੀਜ਼ਾ ਪ੍ਰਕਿਰਿਆ ਨੂੰ ਸਰਲ ਅਤੇ ਤੇਜ਼ ਕਰਨ, ਸੈਰ-ਸਪਾਟਾ ਸਹੂਲਤਾਂ ਨੂੰ ਬਿਹਤਰ ਬਣਾਉਣ ਅਤੇ ਦੇਸ਼ ’ਚ ਸਪੈਸ਼ਲ ਟੂਰਿਜ਼ਮ ਕਾਰੀਡੋਰ ਤਿਆਰ ਕਰਨ ਦਾ ਸੁਝਾਅ ਦਿੱਤਾ। ਇਸ ਕਾਰੀਡੋਰ ’ਚ ਸੁਰੱਖਿਆ, ਸਫਾਈ ਅਤੇ ਬਿਹਤਰ ਬੁਨਿਆਦੀ ਢਾਂਚੇ ’ਤੇ ਖਾਸ ਧਿਆਨ ਦੇਣ ਦੀ ਗੱਲ ਕਹੀ ਗਈ।

## ਕਪਿਲ ਸ਼ਰਮਾ ਦੇ ਕੈਫੇ ’ਤੇ ਹਮਲਾ ਚਿਤਾਵਨੀ ਨਹੀਂ ਸਗੋਂ ਖ਼ਤਰਨਾਕ ਪੈਟਰਨ : ਆਰ.ਪੀ. ਸਿੰਘ

ਨਵੀਂ ਦਿੱਲੀ 9 ਅਗਸਤ। ਭਾਜਪਾ ਦੇ ਰਾਸ਼ਟਰੀ ਬੁਲਾਰੇ ਆਰ. ਪੀ. ਸਿੰਘ ਨੇ ਕਿਹਾ ਕਿ ਖਾਲਿਸਤਾਨੀ ਵੱਖਵਾਦੀਆਂ ਵੱਲੋਂ ਸਰੀ ਵਿਚ ਇਕ ਅਖੌਤੀ ‘ਦੂਤਾਵਾਸ’ ਦਾ ਉਦਘਾਟਨ ਕਰਨ ਤੋਂ ਸਿਰਫ਼ ਦੋ ਦਿਨ ਬਾਅਦ ਹੀ ਫਿਰ ਕਪਿਲ ਸ਼ਰਮਾ ਦੇ ਕੈਫੇ ’ਤੇ ਦੁਬਾਰਾ ਗੋਲੀਬਾਰੀ ਕੀਤੀ ਹੈ। ਇਹ ਕੋਈ ਚਿਤਾਵਨੀ ਨਹੀਂ ਹੈ, ਇਹ ਇਕ ਖ਼ਤਰਨਾਕ ਪੈਟਰਨ ਹੈ। ਕੈਨੇਡਾ ਨੇ ਲੰਬੇ ਸਮੇਂ ਤੋਂ ਪ੍ਰਗਟਾਵੇ ਦੀ ਆਜ਼ਾਦੀ ਦੇ ਨਾਂ ’ਤੇ ਇਨ੍ਹਾਂ ਸੱਪਾਂ ਨੂੰ ਪਾਲਿਆ ਹੈ ਅਤੇ ਹੁਣ ਇਹ ਖੁੱਲ੍ਹੇਆਮ ਅਤੇ ਬੇਸ਼ਰਮੀ ਨਾਲ ਵਾਰ-ਵਾਰ ਡੰਗ ਮਾਰ ਰਹੇ ਹਨ। ਉਨ੍ਹਾਂ ਕਿਹਾ ਕਿ ਇਕ ਗੱਲ ਸਪੱਸ਼ਟ ਹੈ ਕਿ ਅਰਸ਼ਦੀਪ ਸਿੰਘ, ਗੋਲਡੀ ਬਰਾੜ, ਲਾਡੀ, ਰਿੰਦਾ ਅਤੇ ਗੁਰਪਤਵੰਤ ਸਿੰਘ ਪੰਨੂ ਅੰਤਰਰਾਸ਼ਟਰੀ ਅਪਰਾਧੀ ਅਤੇ ਅੱਤਵਾਦ ਦੇ ਪ੍ਰਤੀਨਿਧੀ ਹਨ। ਇਹ ਮਾਮੂਲੀ ਤੱਤ ਨਹੀਂ ਹਨ, ਸਗੋਂ ਇਹ ਆਧੁਨਿਕ ਖਾਲਿਸਤਾਨੀ ਅੱਤਵਾਦ ਦਾ ਚਿਹਰਾ ਹਨ ਜੋ ਕਿ ਕੈਨੇਡਾ ਦੀ ਧਰਤੀ ’ਤੇ ਖੁੱਲ੍ਹੇਆਮ ਕੰਮ ਕਰ ਰਹੇ ।

## ਭਾਜਪਾ ਨਾਲ ਕੋਈ ਗਠਜੋੜ ਨਹੀਂ: ਮਾਇਆਵਤੀ

ਲਖਨਊ 9 ਅਗਸਤ ਬਹੁਜਨ ਸਮਾਜ ਪਾਰਟੀ (ਬਸਪਾ) ਦੀ ਮੁਖੀ ਮਾਇਆਵਤੀ ਨੇ ਸੱਤਾਧਾਰੀ ਭਾਰਤੀ ਜਨਤਾ ਪਾਰਟੀ (ਭਾਜਪਾ) ਨਾਲ ਕਿਸੇ ਵੀ ਗੱਠਜੋੜ ਜਾਂ ਸਮਝੌਤੇ ਨੂੰ ਰੱਦ ਕਰ ਦਿੱਤਾ ਅਤੇ ਪਾਰਟੀ ਵਰਕਰਾਂ ਨੂੰ ਅਜਿਹੀਆਂ ਰਿਪੋਰਟਾਂ ਤੋਂ ਸਾਵਧਾਨ ਰਹਿਣ ਦੀ ਚੇਤਾਵਨੀ ਦਿੱਤੀ। ਮਾਇਆਵਤੀ ਨੇ ਸੋਸ਼ਲ ਮੀਡੀਆ ਪਲੇਟਫਾਰਮ ’✓’ ’ਤੇ ਪੋਸਟ ਕਰਦਿਆਂ ਕਿਹਾ, ਜਿਵੇਂ ਕਿ ਇਹ ਸਭ ਜਾਣਦੇ ਹਨ ਕਿ ਬਸਪਾ ਨਾ ਤਾਂ ਭਾਜਪਾ ਦੇ ਰਾਸ਼ਟਰੀ ਲੋਕਤੰਤਰੀ ਗੱਠਜੋੜ (©41) ਨਾਲ ਹੈ, ਨਾ ਹੀ ਕਾਂਗਰਸ ਦੇ ’9©491’ (ਭਾਰਤੀ ਰਾਸ਼ਟਰੀ ਵਿਕਾਸ ਸਮਾਵੇਸ਼ੀ ਗੱਠਜੋੜ) ਗੱਠਜੋੜ ਜਾਂ ਕਿਸੇ ਹੋਰ ਮੋਰਚੇ ਨਾਲ, ਪਰ ਇਨ੍ਹਾਂ ਦੋਵਾਂ ਅਤੇ ਕਿਸੇ ਹੋਰ ਜਾਤੀਵਾਦੀ ਗੱਠਜੋੜ ਤੋਂ ਇਲਾਵਾ, ਇਹ ਇੱਕ ਅਜਿਹੀ ਪਾਰਟੀ ਹੈ, ਜੋ ’ਸਰਵਜਨ ਹਿਤਾਇਆ ਅਤੇ ਸਰਵਜਨ ਸੁਖਾਇਆ’ ਦੇ ਅੰਬੇਡਕਰਵਾਦੀ ਸਿਧਾਂਤ ਅਤੇ ਨੀਤੀ ਦੀ ਪਾਲਣਾ ਕਰਦੀ ਹੈ। ਉਨ੍ਹਾਂ ਕਿਹਾ, ਇਸ ਦੇ ਬਾਵਜੂਦ ਕੁਝ ਮੀਡੀਆ ਖਾਸ ਕਰਕੇ ਉਹ ਜੋ ਦਲਿਤ, ਆਦਿਵਾਸੀ ਅਤੇ ਓਬੀਸੀ ਵਿਰੋਧੀ ਹਨ ਅਤੇ ਇਨ੍ਹਾਂ ਵਰਗਾਂ ਪ੍ਰਤੀ ਜਾਤੀਵਾਦੀ ਮਾਨਸਿਕਤਾ ਰੱਖਦੇ ਹਨ, ਬਸਪਾ ਦੇ ਅਕਸ ਨੂੰ ਖਰਾਬ ਕਰਨ ਅਤੇ ਰਾਜਨੀਤਿਕ ਨੁਕਸਾਨ ਪਹੁੰਚਾਉਣ ਵਿੱਚ ਕੋਈ ਕਸਰ ਨਹੀਂ ਛੱਡਦੇ, ਜਿਸ ਕਾਰਨ ਪਾਰਟੀ ਨੂੰ ਆਪਣੇ ਲੋਕਾਂ ਨੂੰ ਉਨ੍ਹਾਂ ਵਿਰੁੱਧ ਲਗਾਤਾਰ ਸੁਚੇਤ ਕਰਨ ਦੀ ਲੋੜ ਹੈ।

## ਰੱਖੜ ਪੁੰਨਿਆ ਮੌਕੇ ਕਾਨਫਰੰਸ ਦੌਰਾਨ ਸੁਖਬੀਰ ਬਾਦਲ ਦਾ ਵੱਡਾ ਬਿਆਨ

ਅੰਮ੍ਰਿਤਸਰ/ਬਾਬਾ ਬਕਾਲਾ 9 ਅਗਸਤ। ਰੱਖੜ ਪੁੰਨਿਆ ਮੌਕੇ ਅਕਾਲੀ ਦਲ ਵੱਲੋਂ ਬਾਬਾ ਬਕਾਲਾ ਵਿਖੇ ਵਿਸ਼ਾਲ ਕਾਨਫਰੰਸ ਕੀਤੀ ਗਈ। ਇਸ ਦੌਰਾਨ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅੱਜ ਇਕਜੁਟ ਨਾ ਹੋਣ ਕਰਕੇ ਹੀ ਵਿਰੋਧੀ ਸਾਡੇ ’ਤੇ ਭਾਰੂ ਪੈ ਗਏ ਹਨ। ਇਸ ਦਾ ਨਤੀਜਾ ਹੈ ਜੋ ਕੌਮ ਨੂੰ ਕਮਜ਼ੋਰ ਕਰਨ ਦੀਆਂ ਸਾਜ਼ਿਸ਼ਾਂ ਚੱਲੀਆਂ ਜਾ ਰਹੀਆਂ ਹਨ। ਅਕਾਲੀ ਦਲ ਦੇ ਕਮਜ਼ੋਰ ਹੋਣ ਕਾਰਣ ਅੱਜ ਪਟਨਾ ਸਾਹਿਬ, ਹਜ਼ੂਰ ਸਾਹਿਬ ’ਤੇ ਵਿਰੋਧੀਆਂ ਦਾ ਕਬਜ਼ਾ ਹੋ ਗਿਆ। ਹਰਿਆਣਾ ਵਿਚ ਵੱਖਰੀ ਕਮੇਟੀ ਬਣਾ ਦਿੱਤੀ ਗਈ। ਦਿੱਲੀ ਵਿਚ ਹੋਰ ਬੰਦੇ ਕਾਬਜ਼ ਹੋ ਗਏ। ਸੁਖਬੀਰ ਨੇ ਕਿਹਾ ਕਿ ਹੁਣ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤੋੜਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਸੁਖਬੀਰ ਨੇ ਕਿਹਾ ਕਿ ਮੁਸਲਮਾਨ ਭਾਈਚਾਰਾ ਸਮਝਦਾ ਹੈ ਕਿ ਬਾਬਰੀ ਮਸਜਿਦ ਭਾਜਪਾ ਨੇ ਢਾਹੀ ਹੈ, ਇਸ ਲਈ ਉਹ ਕਦੇ ਵੀ ਭਾਜਪਾ ਦੇ ਹੱਕ ਵਿਚ ਨਹੀਂ ਭੁਗਤਣਗੇ ਕਿਉਂਕਿ ਉਨ੍ਹਾਂ ਵਿਚ ਏਕਤਾ ਹੈ ਪਰ ਬਹਾਦਰ ਅਖਵਾਉਣ ਵਾਲੀ ਕੌਮ ਵਿਚ ਇਕ ਫੀਸਦੀ ਵੀ ਏਕਤਾ ਨਹੀਂ ਹੈ।

# ਪੰਜਾਬ ਸਰਕਾਰ ਨੇ ਜਾਰੀ ਕੀਤੀ ਪਹਿਲੀ ਕਿਸ਼ਤ

ਕੌਮੀ ਪੱਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਚੰਡੀਗੜ੍ਹ 9 ਅਗਸਤ। ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀਆਂ ਮੰਤਰੀ ਡਾ. ਬਲਜੀਤ ਕੌਰ ਨੇ ਐਲਾਨ ਕੀਤਾ ਕਿ ਪੰਜਾਬ ਵਿਚ ਪਹਿਲੀ ਵਾਰ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ 2 ਆਧੁਨਿਕ ਹੋਸਟਲ ਬਣਾਏ ਜਾ ਰਹੇ ਹਨ। ਇਨ੍ਹਾਂ ਦੋਵੇਂ ਹੋਸਟਲਾਂ ਦੀ ਪਹਿਲੀ ਕਿਸ਼ਤ 1.12 ਕਰੋੜ ਰੁਪਏ ਦੀ ਮਨਜ਼ੂਰੀ ਦੇ ਦਿੱਤੀ ਹੈ, ਜੋ ਜਲਦੀ ਹੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਖਾਤਿਆਂ ਵਿਚ ਜਾਵੇਗੀ ਅਤੇ ਨਿਰਮਾਣ ਕੰਮ ਤੁਰੰਤ ਸ਼ੁਰੂ ਹੋ ਜਾਵੇਗਾ। ਇਹ ਹੋਸਟਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਲੜਕਿਆਂ ਅਤੇ ਲੜਕੀਆਂ ਲਈ 100-100 ਸੀਟਾਂ ਦੇ ਹੋਣਗੇ ਅਤੇ ਕੁੱਲ 6.99 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਜਾਣਗੇ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਡਾ. ਬਲਜੀਤ ਕੌਰ ਨੇ ਦੱਸਿਆ ਕਿ ਹਰ ਹੋਸਟਲ ਦੀ ਲਾਗਤ 3.49 ਕਰੋੜ ਰੁਪਏ ਹੋਵੇਗੀ। ਦੋਵੇਂ ਹੋਸਟਲਾਂ ਵਿਚ ਵਿਦਿਆਰਥੀਆਂ ਲਈ ਆਧੁਨਿਕ ਸੁਵਿਧਾਵਾਂ ਵਾਲੇ ਕਮਰੇ, ਪੜ੍ਹਾਈ ਲਈ ਸੁਚੱਜਾ



ਵਾਤਾਵਰਣ ਅਤੇ ਹੋਰ ਜ਼ਰੂਰੀ ਸਹੂਲਤਾਂ ਉਪਲੱਬਧ ਕਰਵਾਈਆਂ ਜਾਣਗੀਆਂ ਤਾਂ ਜੋ ਉਹ ਆਪਣੀ ਪੜ੍ਹਾਈ ਵਿਚ ਪੂਰੀ ਤਰ੍ਹਾਂ ਧਿਆਨ ਕੇਂਦਰਤ ਕਰ ਸਕਣ। ਉਨ੍ਹਾਂ ਕਿਹਾ ਕਿ ਇਹ ਯੋਜਨਾ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ ਹੋਸਟਲ ਨਿਰਮਾਣ ਵੱਲ ਪੰਜਾਬ ਸਰਕਾਰ ਦੀ ਨਿਰੰਤਰ ਕੋਸ਼ਿਸ਼ ਦਾ ਹਿੱਸਾ ਹੈ। ਇਹ ਉਪਰਾਲਾ ਦੂਰ-ਦਰਾਜ਼ ਇਲਾਕਿਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਨੂੰ ਉਚਿਤ ਰਹਿਣ-ਸਹਿਣ ਦੀ ਸਹੂਲਤ ਦੇ ਕੇ ਉੱਚ ਸਿੱਖਿਆ ਹਾਸਲ ਕਰਨ ਵਿਚ ਆ ਰਹੀਆਂ ਰੁਕਾਵਟਾਂ ਨੂੰ ਦੂਰ ਕਰੇਗਾ। ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਵਿਦਿਆਰਥੀ-ਕੇਂਦਰਤ ਵਿਕਾਸ, ਆਤਮ ਨਿਰਭਰਤਾ ਅਤੇ ਸਮਰੱਥਾ ਵਧਾਉਣ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਹੋਸਟਲਾਂ ਦੀ ਘਾਟ ਕਾਰਨ ਪੱਛੜੀਆਂ ਸ਼੍ਰੇਣੀਆਂ ਦੇ ਕਈ ਵਿਦਿਆਰਥੀਆਂ ਨੂੰ ਸਿੱਖਿਆ ਤੋਂ ਵਾਂਝਾ ਰਹਿਣਾ ਪੈਂਦਾ ਸੀ, ਜਿਸ ਕਰਕੇ ਸਰਕਾਰ ਵੱਲੋਂ ਨਵੇਂ ਹੋਸਟਲ ਪ੍ਰਾਜੈਕਟਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਹੋਰ ਵੀ ਉਚੇਰੀ ਸਿੱਖਿਆ ਸੰਸਥਾਵਾਂ ’ਚ ਨਵੇਂ ਹੋਸਟਲ ਨਿਰਮਾਣ ਲਈ ਤਜਵੀਜ਼ਾਂ ਮੰਗੀਆਂ ਗਈਆਂ ਹਨ ਤਾਂ ਜੋ ਰਾਜ ਭਰ ਦੇ ਵਿਦਿਆਰਥੀਆਂ ਨੂੰ ਚੰਗੇ ਰਹਿਣ-ਸਹਿਣ ਦੀ ਸਹੂਲਤ ਦਿੱਤੀ ਜਾ ਸਕੇ।




# ਜ਼ੁਲਮ ਦੀ ਹੱਦ ! ਰੋਟੀ ਮੰਗਣ 'ਤੇ ਹੈਵਾਨ ਬਣੀ ਨੂੰਹ, ਤਸਵੀਰਾਂ 'ਚ ਦੇਖੋ ਕੀ ਕਰ ਦਿੱਤਾ 95 ਸਾਲਾ ਸੱਸ ਦਾ ਹਾਲ

ਫਿਲੌਰ 9 ਅਗਸਤ। ਕਲਯੁਗੀ ਨੂੰਹ ਦੀ ਬੇਹੱਦ ਸ਼ਰਮਨਾਕ ਕਰਤੂਤ, ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ, ਜਿਸ ਵਿਚ ਖਾਣਾ ਮੰਗਣ 'ਤੇ 95 ਸਾਲਾ ਬਜ਼ੁਰਗ ਸੱਸ ਨੂੰ ਉਸ ਦੀ ਨੂੰਹ ਜ਼ਮੀਨ 'ਤੇ ਸੁੱਟ ਕੇ ਉਸ ਦੇ ਉੱਪਰ ਬੈਠ ਕੇ ਬੁਰੀ ਤਰ੍ਹਾਂ ਕੁੱਟ ਰਹੀ ਹੈ। ਬੀਤੇ ਦਿਨ ਜਦੋਂ ਉਸ ਨੇ ਆਪਣੀ ਸੱਸ ਦੀ ਕੁੱਟਮਾਰ ਕੀਤੀ ਤਾਂ ਉਸ ਦੀ ਹਾਲਤ ਇੰਨੀ ਜ਼ਿਆਦਾ ਖਰਾਬ ਹੋ ਗਈ ਕਿ ਉਸ ਨੂੰ ਇਲਾਜ ਲਈ ਉਸ ਦੇ ਬੇਟੇ ਨੇ ਸਥਾਨਕ ਸਿਵਲ ਹਸਪਤਾਲ 'ਚ ਦਾਖਲ ਕਰਵਾਇਆ। ਆਪਣੀ ਸ਼ਰਮਨਾਕ ਕਰਤੂਤ ਦੇ ਵਾਇਰਲ ਹੋਣ ਤੋਂ ਬਾਅਦ ਮੁਲਜ਼ਮ ਨੂੰਹ ਜੋ 2 ਬੱਚਿਆਂ ਦੀ ਮਾਂ ਹੈ, ਘਰੋਂ ਫਰਾਰ ਦੱਸੀ ਦਾ ਰਹੀ ਹੈ। ਸੂਚਨਾ ਮੁਤਾਬਕ ਸ਼ਹਿਰ ਦੇ ਵਾਰਡ ਨੰ. 8 ਸਬਜ਼ੀ ਮੁਹੱਲਾ ਦੇ ਸੈਂਦਾ ਮੁਹੱਲੇ ਦੀ ਰਹਿਣ ਵਾਲੀ ਬਜ਼ੁਰਗ ਔਰਤ ਸ਼ੀਲਾ ਦੇਵੀ (95) ਜੋ ਆਪਣੀ ਹੀ ਨੂੰਹ ਵੱਲੋਂ ਬੁਰੀ ਤਰ੍ਹਾਂ ਕੁੱਟਮਾਰ ਕਰਨ ਕਰ ਕੇ ਜ਼ਖਮੀ ਹਾਲਤ 'ਚ ਸਥਾਨਕ ਹਸਪਤਾਲ 'ਚ ਜ਼ੇਰੇ ਇਲਾਜ ਪਈ ਹੈ, ਨੇ ਦੱਸਿਆ ਕਿ ਉਸ ਦੇ ਪਤੀ ਦਾ ਦਿਹਾਂਤ ਹੋ ਚੁੱਕਾ ਹੈ। ਉਸ ਦੀ ਇਕ ਬੇਟੀ ਅਤੇ ਇਕ ਬੇਟਾ ਮਨਜੀਤ ਕੁਮਾਰ ਹੈ। ਦੋਵੇਂ ਵਿਆਹੇ ਹੋਏ ਹਨ। ਉਹ ਆਪਣੇ ਬੇਟੇ ਨਾਲ ਹੀ ਉਹ ਘਰ 'ਚ ਰਹਿ ਰਹੀ ਹੈ। ਉਸ ਨੇ ਦੱਸਿਆ ਕਿ ਉਸ ਦੀ ਨੂੰਹ ਨਾ ਤਾਂ ਉਸ ਦਾ ਕਹਿਣਾ ਮੰਨਦੀ ਹੈ ਤੇ ਨਾ ਹੀ ਆਪਣੇ ਪਤੀ ਦਾ। ਉਸ ਨੇ ਰੋਂਦੇ ਹੋਏ ਦੱਸਿਆ ਕਿ ਜਿਉਂ ਹੀ ਉਸ ਦਾ ਬੇਟਾ ਰੋਜਾਨਾ ਸਵੇਰੇ ਘਰੋਂ ਕੰਮ 'ਤੇ ਚਲਾ ਜਾਂਦਾ ਹੈ ਤਾਂ ਉਸ ਦੀ ਨੂੰਹ ਦਾ ਉਸ 'ਤੇ ਜ਼ੁਲਮ ਸ਼ੁਰੂ ਹੋ ਜਾਂਦਾ ਹੈ। ਉਹ ਉਸ ਨੂੰ ਧੋਤੇ ਹੋਏ



ਕੱਪੜੇ ਵੀ ਨਹੀਂ ਦਿੰਦੀ ਹੈ। ਇਸ ਉਮਰ 'ਚ ਵੀ ਉਹ ਆਪਣੇ ਕੱਪੜੇ ਖੁਦ ਹੀ ਧੋਂਦੀ ਹੈ, ਉਸ ਨੂੰ ਪੂਰਾ ਦਿਨ ਖਾਣਾ ਨਹੀਂ ਦਿੱਤਾ ਜਾਂਦਾ ਹੈ। ਸਿਰਫ ਇਕ ਵੇਲੇ ਰਾਤ ਨੂੰ ਖਾਣਾ ਦਿੰਦੀ ਹੈ, ਜਦੋਂ ਉਸ ਦਾ ਬੇਟਾ ਘਰ ਆਉਣ ਵਾਲਾ ਹੁੰਦਾ ਹੈ। ਜੇਕਰ ਦਿਨ ਸਮੇਂ ਉਹ ਭੁੱਖ ਲੱਗਣ 'ਤੇ ਖਾਣਾ ਮੰਗਦੀ ਹੈ ਤਾਂ ਬਦਲੇ 'ਚ ਉਹ ਉਸ ਦੇ ਮੂੰਹ 'ਤੇ 2-3 ਥੱਪੜ ਮਾਰ ਦਿੰਦੀ ਹੈ। ਉਸ ਦੀ ਨੂੰਹ ਦੇ ਜ਼ੁਲਮ ਦਿਨ-ਬ-ਦਿਨ ਵਧਦੇ ਜਾ ਰਹੇ ਹਨ ਅਤੇ ਉਹ ਉਸ ਨੂੰ ਪਹਿਲਾਂ ਪਟਕ ਕੇ ਜ਼ਮੀਨ 'ਤੇ ਸੁੱਟਦੀ ਹੈ, ਉਸ ਤੋਂ ਬਾਅਦ ਉੱਪਰ ਬੈਠ ਕੇ ਬੁਰੀ ਤਰ੍ਹਾਂ ਕੁੱਟਮਾਰ ਕਰਦੀ ਹੈ। ਸੂਰਜ ਢਲਦੇ ਹੀ ਉਸ ਦੇ ਬੇਟੇ ਦੇ ਆਉਣ ਤੋਂ ਪਹਿਲਾਂ ਜਾਨਵਰਾਂ ਵਾਂਗ ਉਸ ਦੇ ਅੱਗੇ ਖਾਣਾ ਸੁੱਟ ਕੇ ਚਲੀ ਜਾਂਦੀ ਹੈ। ਬਜ਼ੁਰਗ ਔਰਤ 'ਤੇ ਰੋਜਾਨਾ ਉਸ ਦੀ ਨੂੰਹ ਵੱਲੋਂ ਕੀਤੇ ਜਾਣ ਵਾਲੇ ਜ਼ੁਲਮ 'ਤੇ ਕਿਸੇ ਹੋਰ ਤੀਜੇ ਦੀ ਵੀ ਨਜ਼ਰ ਸੀ। ਬੀਤੇ ਦਿਨ ਜਦੋਂ ਬਜ਼ੁਰਗ ਔਰਤ ਨੇ ਘਰ ਦੇ ਬਰਾਂਡੇ 'ਚ ਬੈਠ ਕੇ ਆਪਣੀ ਨੂੰਹ ਨੂੰ ਆਵਾਜ਼ਾਂ ਮਾਰ ਕੇ ਖਾਣਾ ਮੰਗਿਆ ਤਾਂ ਉਹ ਕਮਰੇ 'ਚੋਂ ਭੜਕੀ ਹੋਈ ਬਾਹਰ ਆਈ। ਪਹਿਲਾਂ ਉਸ ਨੇ ਪੀੜਤ ਨੂੰ ਜ਼ਮੀਨ 'ਤੇ ਪਟਕਿਆ। ਉਸ ਤੋਂ ਬਾਅਦ ਉਸ ਦੇ ਉੱਪਰ ਬੈਠ ਕੇ ਬੁਰੀ ਤਰ੍ਹਾਂ ਕੁੱਟਮਾਰ ਕਰਨ ਲੱਗ ਪਈ। ਇਸ ਵਾਰ ਉਸ ਦੇ ਜ਼ੁਲਮ ਦੀ ਪੂਰੀ ਵੀਡੀਓ ਕਿਸੇ ਤੀਜੇ ਨੇ ਬਣਾ ਕੇ ਸੋਸ਼ਲ ਮੀਡੀਆ 'ਤੇ ਵਾਇਰਲ ਕਰ ਦਿੱਤੀ। ਆਪਣਾ ਪਰਦਾਫਾਸ਼ ਹੁੰਦਾ ਦੇਖ ਕੇ ਕਲਯੁਗੀ ਬਹੂ ਘਰੋਂ ਫਰਾਰ ਦੱਸੀ ਜਾਂਦੀ ਹੈ। ਬੇਟੇ ਨੇ ਘਰ ਪੁੱਜ ਕੇ ਆਪਣੀ ਮਾਤਾ ਨੂੰ ਇਲਾਜ ਲਈ ਸਥਾਨਕ ਸਿਵਲ ਹਸਪਤਾਲ 'ਚ ਦਾਖਲ ਕਰਵਾਇਆ। ਬਜ਼ੁਰਗ ਮਾਤਾ ਨੇ ਕਿਹਾ ਕਿ ਨੂੰਹ ਉਸ ਨੂੰ ਮਾਰ ਕੇ ਉਸ ਤੋਂ ਛੁਟਕਾਰਾ ਪਾਉਣਾ ਚਾਹੁੰਦੀ ਹੈ। ਉਹ ਤਾਂ ਖੁਦ ਰੱਬ ਅੱਗੇ ਫਰਿਆਦ ਕਰਦੀ ਹੈ ਕਿ ਜੇਕਰ ਉਸ ਨੂੰ ਜਿਊਂਦਾ ਰੱਖਣਾ ਹੈ ਤਾਂ ਉਸ ਨੂੰ ਨਿਆਂ ਦਿਵਾ ਦੇਵੇ ਜਾਂ ਫਿਰ ਉਸ ਦੀ ਜਾਨ ਕੱਢ ਲਵੇ। ਉਸ ਨੇ ਪ੍ਰਸ਼ਾਸਨ ਤੋਂ ਵੀ ਮੰਗ ਕੀਤੀ ਹੈ ਕਿ ਉਸ ਦੀ ਨੂੰਹ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ।

## ਲੋਕ ਸਭਾ ਚੋਣਾਂ ਦੇ ਮੱਦੇਨਜਰ ਨਾਕਿਆਂ 'ਤੇ ਤਾਇਨਾਤ ਪੁਲਸ ਮੁਲਾਜਮਾਂ ਲਈ ਅਹਿਮ ਹੁਕਮ ਜਾਰੀ

ਚੰਡੀਗੜ੍ਹ, 9 ਅਗਸਤ। ਗਰਮੀ ਦੇ ਮੌਸਮ 'ਚ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸ਼ਹਿਰ ਦੇ ਐਂਟਰੀ ਪੁਆਇੰਟਾਂ 'ਤੇ ਤਾਇਨਾਤ ਪੁਲਸ ਮੁਲਾਜ਼ਮਾਂ ਨੂੰ ਹੁਣ ਜੂਸ, ਲੱਸੀ, ਪਾਣੀ ਤੇ ਹੋਰ ਤਰਲ ਪਦਾਰਥ ਦਿਨ ਵਿਚ ਤਿੰਨ ਵਾਰ ਮੁਹੱਈਆ ਕਰਵਾਏ ਜਾਣਗੇ। ਐੱਸ. ਐੱਸ. ਪੀ. ਕੰਵਰਦੀਪ ਕੌਰ ਨੇ ਗਰਮੀ ਦੇ ਮੱਦੇਨਜ਼ਰ ਆਪਣੇ ਪੁਲਸ ਮੁਲਾਜ਼ਮਾਂ ਲਈ ਇਹ ਹੁਕਮ ਜਾਰੀ ਕੀਤੇ ਹਨ। ਪੁਲਸ ਵਿਭਾਗ ਵੱਲੋਂ ਸ਼ਹਿਰ ਦੇ ਸਾਰੇ ਐਂਟਰੀ ਪੁਆਇੰਟਾਂ 'ਤੇ ਚੈਕਿੰਗ ਲਈ 38 ਨਾਕੇ ਲਾਏ ਗਏ ਹਨ। ਪੁਲਸ ਤੇ ਰਿਜ਼ਰਵ ਫੋਰਸ ਦੇ ਜਵਾਨ ਇਨ੍ਹਾਂ ਨਾਕਿਆਂ 'ਤੇ ਦਿਨ-ਰਾਤ ਤਾਇਨਾਤ ਰਹਿੰਦੇ ਹਨ। ਪੁਲਸ ਮੁਲਾਜ਼ਮ ਨਾਕੇ ਨੂੰ ਛੱਡ ਕੇ ਹੋਰ ਕਿਤੇ ਨਹੀਂ ਜਾ ਸਕਦੇ। ਇਸੇ ਲਈ ਐੱਸ. ਐੱਸ. ਪੀ ਨੇ ਪੁਲਸ ਮੁਲਾਜ਼ਮਾ ਨੂੰ ਗਰਮੀ 'ਚ ਲੱਸੀ, ਜੂਸ ਅਤੇ ਪਾਣੀ ਦੇ ਇੰਤਜ਼ਾਮ ਕਰਨ ਦੀ ਜ?ਿਮੇਵਾਰੀ ਲਈ ਆਈ. ਟੀ. ਪਾਰਕ, ਮਨੀਮਾਜਰਾ, ਸਾਰੰਗਪੁਰ, ਮਲੋਆ, ਮੌਲੀਜਾਗਰਾਂ, ਸੈਕਟਰ 31, ਸੈਕਟਰ 36, ਸੈਕਟਰ 39 ਤੇ ਸੈਕਟਰ 49 ਦੇ ਥਾਣਾ ਇੰਚਾਰਜਾਂ ਨੂੰ ਹੁਕਮ ਜਾਰੀ ਕੀਤੇ ਹਨ। ਇਸ ਦੇ ਨਾਲ ਹੀ ਐੱਸ. ਐੱਸ. ਪੀ. ਨੇ ਲੱਸੀ, ਜੂਸ ਤੇ ਪਾਣੀ ਦੇ ਬਿੱਲ ਹਰ ਰੋਜ਼ ਚੋਣ ਸੈੱਲ 'ਚ ਜਮ੍ਹਾਂ ਕਰਵਾਉਣ ਦੇ ਹੁਕਮ ਜਾਰੀ ਕੀਤੇ ਹਨ।

## ਦੀਨਾਨਗਰ ਪੁਲਸ ਵੱਲੋਂ ਸ਼ੂਗਰ ਮਿੱਲ ਪਨਿਆੜ ਨਾਕੇ ਦੌਰਾਨ 2 ਨੌਜਵਾਨਾਂ ਨੂੰ ਚਰਸ ਸਮੇਤ ਕੀਤਾ ਗ੍ਰਿਫਤਾਰ

ਦੀਨਾਨਗਰ 9 ਅਗਸਤ। ਦੀਨਾਨਗਰ ਪੁਲਸ ਵੱਲੋਂ ਸ਼ੂਗਰ ਮਿੱਲ ਪਨਿਆੜ ਨਾਕੇ ਦੌਰਾਨ 2 ਨੌਜਵਾਨਾਂ ਨੂੰ ਚਰਸ ਸਮੇਤ ਕੀਤਾ ਗ੍ਰਿਫਤਾਰ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੀ. ਐੱਸ. ਪੀ. ਦੀਨਾਨਗਰ ਸੁਖਵਿੰਦਰ ਪਾਲ ਸਿੰਘ ਨੇ ਦੱਸਿਆ ਕਿ ਸਬ ਇੰਸਪੈਕਟਰ ਬਲਕਾਰ ਸਿੰਘ ਨੇ ਪੁਲਸ ਪਾਰਟੀ ਵਹੀਕਲਾ ਦੀ ਚੈਕਿੰਗ ਦੇ ਸਬੰਧ ਵਿੱਚ ਸ਼ੂਗਰ ਮਿੱਲ ਪਨਿਆੜ ਦੇ ਸਾਹਮਣੇ ਨੈਸ਼ਨਲ ਹਾਈਵੇ 'ਤੇ ਪਠਾਨਕੋਟ ਸਾਇਡ ਵਲੋਂ ਆਉਂਦੇ ਵਹੀਕਲਾਂ ਦੀ ਚੈਕਿੰਗ ਕਰਨ ਲਈ ਨਾਕਾ ਲਗਾਇਆ ਹੋਇਆ ਸੀ। ਇਸ ਦੌਰਾਨ ਪਠਾਨਕੋਟ ਸਾਇਡ ਤੋਂ ਇੱਕ ਕਾਰ ਮਾਰਕਾ ਗਰੈਂਡ ਆਈ 10 ਆਈ ਜਿਸ ਕਾਰ ਦੀ ਤਲਾਸੀ ਕੀਤੀ ਗਈ। ਤਲਾਸ਼ੀ ਦੌਰਾਨ ਕਾਰ ਦੇ ਡੈਸ਼ ਬੋਰਡ 'ਚੋਂ 290 ਗ੍ਰਾਮ ਚਰਸ ਬਰਾਮਦ ਹੋਈ ਹੈ। ਕਾਰ ਵਿਚ ਸਵਾਰ ਨੌਜਵਾਨਾਂ ਦੀ ਪੁਲਸ ਮੁਤਾਬਕ ਪਛਾਣ ਪ੍ਰਦੀਪ ਸ਼ਰਮਾ ਉਰਫ ਮਨੀ ਪੁੱਤਰ ਸੁਰੇਸ਼ ਕੁਮਾਰ ਵਾਸੀ ਅਰਾਈਆ ਗਲੀ ਗੀਤਾ ਭਵਨ ਰੋਡ ਗੁਰਦਾਸਪੁਰ, ਅਹਿਤ ਕੁਮਾਰ ਉਰਫ ਹੈਪੀ ਪੁੱਤਰ ਸੁਭਾਸ ਕੁਮਾਰ ਵਾਸੀ ਡੁਮਨਾ ਗਲੀ ਬਾਟਾ ਚੌਂਕ ਗੁਰਦਾਸਪੁਰ ਵਜੋਂ ਦੱਸੀ ਗਈ ਹੈ। ਪੁਲਸ ਨੇ ਦੋਵਾਂ ਨੂੰ ਮੌਕੇ 'ਤੇ ਗ੍ਰਿਫਤਾਰ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ ।

## ਨਾੜ ਨੂੰ ਲਗਾਈ ਅੱਗ ਨਾਲ ਵੱਡੀ ਗਿਣਤੀ 'ਚ ਦਰੱਖਤ ਝੁਲਸੇ

ਚੋਗਾਵਾਂ 9 ਅਗਸਤ। ਕਿਸਾਨਾਂ ਵੱਲੋਂ ਕਣਕ ਦੀ ਰਹਿੰਦ-ਖੂੰਹਦ ਨੂੰ ਖ਼ਤਮ ਕਰਨ ਲਈ ਲਗਾਈ ਗਈ ਅੱਗ ਨਾਲ ਸੜਕਾਂ ਦੇ ਆਲੇ-ਦੁਆਲੇ ਅਤੇ ਖੇਤਾਂ ਵਿਚ ਖੜ੍ਹੇ ਰੁਖ ਬੁਰੀ ਤਰ੍ਹਾਂ ਨਲ ਝੁਲਸ ਗਏ ਹਨ। ਕਈ ਰੁੱਖ ਤਾਂ ਇੰਨੇ ਜ਼ਿਆਦਾ ਸੜ ਚੁੱਕੇ ਹਨ ਕਿ ਉਹ ਦੁਬਾਰਾ ਹਰੇ ਹੋਣ ਦੀ ਹਾਲਤ ਵਿਚ ਵੀ ਨਹੀਂ ਰਹੇ। ਇਸ ਦਾ ਜਿੱਥੇ ਵਾਤਾਵਰਣ 'ਤੇ ਬਹੁਤ ਬੁਰਾ ਅਸਰ ਹੋ ਰਿਹਾ ਹੈ, ਉੱਥੇ ਵਾਤਾਵਰਣ ਪ੍ਰੇਮੀ ਵੀ ਡਾਢੇ ਪ੍ਰੇਸ਼ਾਨ ਹਨ। ਇਸ ਸਬੰਧੀ ਵਾਤਾਵਰਣ ਪ੍ਰੇਮੀ ਕਰਨਰਾਜ ਸਿੰਘ, ਫਤਿਹ ਸਿੰਘ ਨੇ ਕਿਹਾ ਕਿ ਨਾੜ ਨੂੰ ਅੱਗ ਨਾਲ ਜਿੱਥੇ ਦਰੱਖਤਾਂ ਦਾ ਨੁਕਸਾਨ ਹੰਦਾ ਹੈ, ਉੱਥੇ ਸੜਕ 'ਤੇ ਆਉਣ ਜਾਣ ਵਾਲੇ ਰਾਹਗੀਰ ਵੀ ਦੁਰਘਟਨਾ ਦਾ ਸ਼ਿਕਾਰ ਹੁੰਦੇ ਹਨ ਅਤੇ ਜ਼ਮੀਨ ਉਪਜਾਊ ਸ਼ਕਤੀ ਵੀ ਘਟਦੀ ਹੈ ਅੱਜ ਕੱਲ ਪੈ ਰਹੀ ਅੰਤਾਂ ਦੀ ਗਰਮੀ ਵੀ ਇਸੇ ਦੀ ਦੇਣ ਹੈ।

## ਵਾਹਨ ਖ਼ਰੀਦਣ ਵਾਲੇ ਲੋਕਾਂ ਲਈ ਚੰਗੀ ਖ਼ਬਰ !

ਚੰਡੀਗੜ੍ਹ 9 ਅਗਸਤ। ਸ਼ਹਿਰ ਦੀ ਇਲੈਕਟ੍ਰਿਕ ਵਾਹਨ (ਈ. ਵੀ.) ਨੀਤੀ ਦੀ ਚੌਥੀ ਸਮੀਖਿਆ ਮੀਟਿੰਗ ਸ਼ੁੱਕਰਵਾਰ ਨੂੰ ਮੁੱਖ ਸਕੱਤਰ ਰਾਜੀਵ ਵਰਮਾ ਦੀ ਪ੍ਰਧਾਨਗੀ ਹੇਠ ਹੋਈ। ਮੁੱਖ ਤੌਰ 'ਤੇ ਈ. ਵੀਜ਼. ਨੂੰ ਅਪਣਾਉਣ 'ਚ ਤੇਜ਼ੀ ਲਿਆਉਣ, ਨੀਤੀਗਤ ਢਾਂਚੇ ਨੂੰ ਮਜ਼ਬੂਤ ਕਰਨ ਤੇ ਵਿੱਤੀ ਸਾਲ ਲਈ 18 ਫ਼ੀਸਦੀ ਈ. ਵੀ. ਵਧਾਉਣ ਦੇ ਟੀਚੇ ਨੂੰ ਪ੍ਰਾਪਤ ਕਰਨ 'ਤੇ ਚਰਚਾ ਕੀਤੀ ਗਈ। ਯੂ. ਟੀ. ਇਲੈਕਟ੍ਰਿਕ ਵਾਹਨ ਸਲਾਹਕਾਰ ਕਮੇਟੀ ਵੱਲੋਂ ਨੀਤੀ 'ਚ ਸੋਧਾਂ ਨਾਲ ਸਬੰਧਿਤ ਕੁੱਝ ਮਹੱਤਵਪੂਰਨ ਮਤਿਆਂ 'ਤੇ ਅਹਿਮ ਫ਼ੈਸਲੇ ਲਏ ਗਏ। ਇਸ ਤਹਿਤ ਇਲੈਕਟ੍ਰਿਕ ਗੱਡੀਆਂ ਲਈ ਸਬਸਿਡੀ 2 ਹਜ਼ਾਰ ਤੋਂ ਵਧਾ ਕੇ 3500 ਰੁਪਏ, ਇਲੈਕਟ੍ਰਿਕ ਸਕੂਟਰ ਲਈ 5,000 ਕਿੱਲੋਵਾਟ ਪ੍ਰਤੀ ਘੰਟੇ ਤੋਂ 10,000 ਕਿੱਲੋ ਵਾਟ ਪ੍ਰਤੀ ਘੰਟਾ ਕਰ ਦਿੱਤਾ ਗਿਆ ਹੈ। ਨਵੀਂ ਖ਼ਰੀਦਦਾਰੀ 'ਤੇ ਇੰਸ਼ੋਰੈਂਸ ਸਹਾਇਤਾ ਵਜੋਂ 5 ਹਜ਼ਾਰ ਰੁਪਏ ਦਾ ਲਾਭ ਵੀ ਮਿਲੇਗਾ। ਔਰਤਾਂ ਨੂੰ 12,500 ਰੁਪਏ ਕਿੱਲੋਵਾਟ ਪ੍ਰਤੀ ਘੰਟਾ ਦੀ ਵਧੇਰੇ ਸਬਸਿਡੀ ਮਿਲੇਗੀ, ਜੋ ਇਕ ਵਾਹਨ ਲਈ ਵੱਧ ਤੋਂ ਵੱਧ 37,500 ਤੱਕ ਰਹੇਗੀ।

## ਕੋਰਟ ਕੰਪਲੈਕਸ ਦੀ ਪਾਰਕਿੰਗ 'ਚੋਂ ਪੁਲਸ ਕਰਮਚਾਰੀ ਨੂੰ ਧੱਕਾ ਦੇ ਕੇ ਹੱਥਕੜੀ ਸਮੇਤ ਭੱਜਿਆ ਚੋਰ

ਜਲੰਧਰ 9 ਅਗਸਤ। ਕੋਰਟ ਕੰਪਲੈਕਸ ਦੀ ਪਾਰਕਿੰਗ ਵਿਚੋਂ ਇਕ ਚੋਰ ਪੁਲਸ ਕਰਮਚਾਰੀ ਨੂੰ ਧੱਕਾ ਦੇ ਕੇ ਹੱਥਕੜੀ ਸਮੇਤ ਫਰਾਰ ਹੋ ਗਿਆ। ਥਾਣਾ ਨਵੀਂ ਬਾਰਾਦਰੀ ਦੀ ਪੁਲਸ ਨੇ ਚੋਰ ਖ?ਿਲਾਫ ਕੇਸ ਦਰਜ ਕਰ ਲਿਆ ਹੈ। ਚੌਂਕੀ ਫੋਕਲ ਪੁਆਇੰਟ ਦੇ ਏ. ਐੱਸ. ਆਈ. ਰਾਜਪਾਲ ਨੇ ਦੱਸਿਆ ਕਿ ਉਨ੍ਹਾਂ ਨੇ ਚੋਰੀ ਦੀ ਬਾਈਕ ਨਾਲ ਨਵਪ੍ਰੀਤ ਸਿੰਘ ਪੁੱਤਰ ਸੁਰਜੀਤ ਸਿੰਘ ਨਿਵਾਸੀ ਕਰਤਾਰਪੁਰ ਨੂੰ ਗ੍ਰਿਫਤਾਰ ਕੀਤਾ ਸੀ। ਮੁਲਜਮ ਪੇਸ਼ੇਵਰ ਚੋਰ ਸੀ, ਜਿਸ ਖ?ਿਲਾਫ



ਪਹਿਲਾਂ ਵੀ ਕੇਸ ਦਰਜ ਸੀ। ਮੁਲਜਮ ਨੂੰ ਲੈ ਕੇ ਉਹ ਸਿਪਾਹੀ ਬਿਕਰਮਜੀਤ ਸਿੰਘ ਨਾਲ ਉਸ ਨੂੰ ਕੋਰਟ ਵਿਚ ਪੇਸ਼ ਕਰਨ ਲਈ ਆਪਣੇ ਨਿੱਜੀ ਵਾਹਨ 'ਤੇ ਗਿਆ ਸੀ। ਕੋਰਟ ਵਿਚ ਪੇਸ਼ ਕਰਕੇ ਉਹ ਮੁਲਜਮ ਨੂੰ ਲੈ ਕੇ ਬਾਹਰ ਪਾਰਕਿੰਗ ਵਿਚ ਆ ਗਏ ਅਤੇ ਜਿਵੇਂ ਹੀ ਆਪਣੀ ਬਾਈਕ ਵੱਲ ਜਾਣ ਲੱਗੇ ਤਾਂ ਨਵਪ੍ਰੀਤ ਸਿੰਘ ਸਿਪਾਹੀ ਬਿਕਰਮਜੀਤ ਸਿੰਘ ਨੂੰ ਧੱਕਾ ਦੇ ਕੇ ਫਰਾਰ ਹੋ ਗਿਆ ਅਤੇ ਹੱਥਕੜੀ ਵੀ ਆਪਣੇ ਨਾਲ ਲੈ ਗਿਆ। ਪੁਲਸ ਨੇ ਮੁਲਜਮ ਦਾ ਪਿੱਛਾ ਵੀ ਕੀਤਾ ਪਰ ਉਸਦਾ ਕੋਈ ਸੁਰਾਗ ਨਹੀਂ ਲੱਗਾ ਅਤੇ ਉਹ ਗਾਇਬ ਹੋ ਗਿਆ। ਓਧਰ ਏ. ਐੱਸ. ਆਈ. ਰਾਜਪਾਲ ਸਿੰਘ ਨੇ ਕਿਹਾ ਕਿ ਮੁਲਜਮ ਨਵਪ੍ਰੀਤ ਸਿੰਘ ਦੀ ਭਾਲ ਵਿਚ ਉਨ੍ਹਾਂ 2 ਥਾਵਾਂ 'ਤੇ ਰੇਡ ਕੀਤੀ ਪਰ ਉਸ ਦਾ ਕੋਈ ਸੁਰਾਗ ਨਹੀਂ ਲੱਗਾ। ਉਨ੍ਹਾਂ ਕਿਹਾ ਕਿ ਜਲਦ ਮੁਲਜਮ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ।

## ਵਸੀਕਾ ਨਵੀਸ ਤੇ ਉਸ ਦਾ ਸਹਾਇਕ 2,25,000 ਰੁਪਏ ਦੀ ਰਿਸਵਤ ਲੈਣ ਦੇ ਦੋਸ਼ ਹੇਠ ਗ੍ਰਿਫਤਾਰ

ਚੰਡੀਗੜ੍ਹ 9 ਅਗਸਤ। ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ 'ਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਸਬ ਡਵੀਜਨ ਕਾਦੀਆਂ, ਜ?ਿਲ੍ਹਾ ਗੁਰਦਾਸਪੁਰ ਵਿਖੇ ਕੰਮ ਕਰਦੇ ਕੰਵਰਪਾਲ ਸਿੰਘ (ਕੇ.ਪੀ.) ਵਸੀਕਾ ਨਵੀਸ (ਡੀਡ ਰਾਈਟਰ) ਅਤੇ ਉਸਦੇ ਸਹਾਇਕ ਨੂੰ 225000 ਰੁਪਏ ਰਿਸਵਤ ਦੀ ਮੰਗ ਕਰਨ ਅਤੇ ਲੈਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਵਸੀਕਾ ਨਵੀਸ ਅਤੇ ਉਸ ਦੇ ਨਿੱਜੀ ਸਹਾਇਕ ਨੂੰ ਕੁਲਵੰਤ ਸਿੰਘ ਵਾਸੀ ਪਿੰਡ ਸੇਰਪੁਰ, ਤਹਿਸੀਲ ਬਟਾਲਾ, ਜ?ਿਲ੍ਹਾ ਗੁਦਾਸਪੁਰ (ਮੌਜੂਦਾ ਸਮੇਂ ਬਰਤਾਨੀਆ ਨਿਵਾਸੀ) ਵੱਲੋਂ ਮੁੱਖ ਮੰਤਰੀ ਭ੍ਰਿਸ਼ਟਾਚਾਰ ਵਿਰੋਧੀ ਐਕਸਨ ਲਾਈਨ ਪੋਰਟਲ 'ਤੇ ਦਰਜ ਕਰਵਾਈ ਗਈ ਆਨਲਾਈਨ ਸ?ਿਕਾਇਤ ਦੇ ਆਧਾਰ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ?ਿਕਾਇਤਕਰਤਾ ਨੇ ਆਪਣੀ ਸ?ਿਕਾਇਤ 'ਚ ਦੋਸ ਲਾਇਆ ਹੈ ਕਿ ਉਕਤ ਵਸੀਕਾ ਨਵੀਸ ਨੇ ਉਸਦੀ ਜੱਦੀ ਜਮੀਨ ਦੀ



ਮਲਕੀਅਤ (ਇੰਤਕਾਲ) ਉਸਦੇ ਨਾਂ ਕਰਵਾਉਣ ਬਦਲੇ ਉਸ ਕੋਲੋਂ 225000 ਰੁਪਏ ਦੀ ਰਿਸਵਤ ਲਈ ਸੀ। ਇਸ ਤੋਂ ਇਲਾਵਾ ਉਸ ਦੇ ਦਫਤਰ 'ਚ ਕੰਮ ਕਰਦੇ ਟਾਈਪਿਸਟ ਸੰਨੀ ਨੇ ਵੀ ਉਕਤ ਇੰਤਕਾਲ ਦਰਜ ਕਰਵਾਉਣ ਲਈ ਉਸ ਤੋਂ 70,000 ਰੁਪਏ ਦੀ ਮੰਗ ਕੀਤੀ ਸੀ। ਬੁਲਾਰੇ ਨੇ ਦੱਸਿਆ ਕਿ ਇਸ ਸ?ਿਕਾਇਤ ਦੀ ਜਾਂਚ ਦੌਰਾਨ ਇਹ ਪਾਇਆ ਗਿਆ ਕਿ ਉਕਤ ਵਸੀਕਾ ਨਵੀਸ ਨੇ ਉਕਤ ਸ?ਿਕਾਇਤਕਰਤਾ ਤੋਂ ਤਿੰਨ ਕਿਸਤਾਂ 'ਚ 225000 ਰੁਪਏ ਦੀ ਰਿਸਵਤ ਲਈ ਹੈ। ਇਸ ਤੋਂ ਇਲਾਵਾ ਉਸ ਦੇ ਨਿੱਜੀ ਸਹਾਇਕ ਸੰਨੀ ਨੇ ਸ?ਿਕਾਇਤਕਰਤਾ ਤੋਂ 70,000 ਰੁਪਏ ਦੀ ਮੰਗ ਕੀਤੀ ਸੀ। ਜਾਂਚ ਤੋਂ ਬਾਅਦ ਦੋਵਾਂ ਮੁਲਜਮਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਇਸ ਮੁਕੱਦਮੇ 'ਚ ਸਬੰਧਤ ਹਲਕਾ ਪਟਵਾਰੀ ਅਤੇ ਨਾਇਬ ਤਹਿਸੀਲਦਾਰ ਦੀ ਭੂਮਿਕਾ ਦੀ ਜਾਂਚ ਵੀ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਵਿਜੀਲੈਂਸ ਬਿਊਰੋ ਥਾਣਾ ਅੰਮ੍ਰਿਤਸਰ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਅਧੀਨ ਕੇਸ ਦਰਜ ਕੀਤਾ ਗਿਆ ਹੈ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

## ਰਾਮਲੱਲਾ ਦੇ ਦਰਸ਼ਨਾਂ ਲਈ ਗਏ ਬੱਚੇ ਹੋਏ ਲਾਪਤਾ, ਨਦੀ ਕੰਢਿਓਂ ਮਿਲੇ ਕੱਪੜੇ ਦੇਖ ਮਾਂ ਦਾ ਰੋ-ਰੋ ਹੋਇਆ ਬੁਰਾ ਹਾਲ

ਪਟਿਆਲਾ 9 ਅਗਸਤ। ਪਟਿਆਲਾ ਦੀ ਤੇਜਬਾਗ ਕਾਲੋਨੀ ਤੋਂ ਇਕ ਹੈਰਾਨ ਕਰਨ ਵਾਲੀ ਖਬਰ ਸਾਹਮਣੇ ਆ ਰਹੀ ਹੈ, ਜਿੱਥੋਂ ਦੇ ਰਹਿਣ ਵਾਲੇ 2 ਬੱਚੇ ਭੇਤਭਰੀ ਹਾਲਤ 'ਚ ਲਾਪਤਾ ਹੋ ਗਏ ਹਨ। ਜਾਣਕਾਰੀ ਮੁਤਾਬਕ ਇਹ ਬੱਚੇ ਸੰਗਤਾਂ ਨਾਲ ਇਕ ਬੱਸ 'ਚ ਸਵਾਰ ਹੋ ਕੇ ਸ਼੍ਰੀ ਰਾਮ ਲੱਲਾ ਦੇ ਦਰਸ਼ਨਾਂ ਲਈ ਅਯੁੱਧਿਆ ਗਏ ਹੋਏ ਸਨ, ਜਿਸ ਤੋਂ ਬਾਅਦ ਉਹ ਅਚਾਨਕ ਲਾਪਤਾ ਹੋ ਗਏ ਹਨ। ਗੁੰਮਸ਼ੁਦਾ ਬੱਚੇ ਤੇਜਬਾਗ ਕਾਲੋਨੀ ਦੇ ਰਹਿਣ ਵਾਲੇ ਕਾਰਤਿਕ ਅਤੇ ਪ੍ਰਿੰਸ ਹਨ, ਜਿਨ੍ਹਾਂ ਦੇ ਲਾਪਤਾ ਹੋਣ 'ਤੇ ਪਰਿਵਾਰ ਵਾਲਿਆਂ ਦਾ ਰੋ-ਰੋ ਦੇ ਬੁਰਾ ਹਾਲ ਹੋ ਗਿਆ ਹੈ। ਜ?ਿਕਰਯੋਗ ਹੈ ਕਿ ਸ਼ਹਿਰ ਦੀ ਤੇਜਬਾਗ ਕਾਲੋਨੀ ਤੋਂ 17 ਮਈ ਨੂੰ ਸ਼੍ਰੀ ਅਯੁੱਧਿਆ ਧਾਮ ਵਿਖੇ ਸ਼੍ਰੀ ਰਾਮ ਲੱਲਾ ਜੀ ਦੇ ਦਰਸ਼ਨਾਂ ਲਈ ਇਕ ਬੱਸ ਗਈ ਸੀ। ਇਸ ਬੱਸ 'ਚ ਸੰਗਤਾਂ ਨਾਲ ਪ੍ਰਿੰਸ ਅਤੇ ਕਾਰਤਿਕ ਵੀ ਸ਼ਾਮਲ ਸਨ ਤੇ 18 ਮਈ ਨੂੰ ਬੱਚੇ ਲਾਪਤਾ ਹੋ ਗਏ। ਇਸ ਤੋਂ ਬਾਅਦ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਪਰਿਵਾਰ ਵਾਲਿਆਂ ਨੂੰ ਦੋਵਾਂ ਬੱਚਿਆਂ ਦੇ ਕੱਪੜੇ ਨਦੀ ਦੇ ਕਿਨਾਰੇ ਤੋਂ ਮਿਲੇ ਹਨ। ਇਸ ਘਟਨਾ ਤੋਂ ਬਾਅਦ ਪਰਿਵਾਰਕ ਮੈਂਬਰਾਂ ਨੂੰ ਇਸ ਗੱਲ ਦੀ ਚਿੰਤਾ ਹੈ ਕਿ ਆਖਿਰ ਬੱਚੇ ਕਿੱਧਰ ਗਏ ? ਕਿਤੇ ਉਨ੍ਹਾਂ ਨਾਲ ਕੋਈ ਹਾਦਸਾ ਨਾ ਵਾਪਰ ਗਿਆ ਹੋਵੇ। ਪਰਿਵਾਰ ਵਾਲਿਆਂ ਵੱਲੋਂ ਬੱਚਿਆਂ ਦੀ ਭਾਲ ਕੀਤੀ ਜਾ ਰਹੀ ਹੈ ਤੇ ਉਨ੍ਹਾਂ ਵੱਲੋਂ ਪ੍ਰਸ਼ਾਸਨ ਅੱਗੇ ਵੀ ਬੱਚਿਆਂ ਦਾ ਪਤਾ ਲਗਾਉਣ ਦੀ ਗੁਹਾਰ ਲਗਾਈ ਜਾ ਰਹੀ ਹੈ।

## ਰੇਲ ਯਾਤਰੀ ਹੋ ਜਾਓ ਸਾਵਧਾਨ ! ਇਹ ਗਲਤੀ ਕਰਨ 'ਤੇ ਹੁਣ ਲੱਗੇਗਾ ਜੁਰਮਾਨਾ

ਜੈਤੋ 9 ਅਗਸਤ। ਉੱਤਰੀ ਰੇਲਵੇ ਦੇ ਫ?ਿਰੋਜਪੁਰ ਰੇਲਵੇ ਡਵੀਜਨ ਦੇ ਸੀਨੀਅਰ ਕਮਰਸੀਅਲ ਮੈਨੇਜਰ ਪਰਮਦੀਪ ਸਿੰਘ ਸੈਣੀ ਨੇ ਸੁੱਕਰਵਾਰ ਨੂੰ ਕਿਹਾ ਕਿ ਜੇਕਰ ਕੋਈ ਯਾਤਰੀ ਰੇਲਵੇ ਕਾਊਂਟਰ ਤੋਂ ਯਾਤਰਾ ਟਿਕਟ ਲੈ ਕੇ ਟਿਕਟ ਕੈਂਸਲ ਕਰਵਾ ਲੈਂਦਾ ਹੈ ਤਾਂ ਉਸ ਨੂੰ ਤੁਰੰਤ ਰਿਫੰਡ ਮਿਲ ਜਾਂਦਾ ਹੈ। ਪਰ ਜੇਕਰ ਯਾਤਰੀ ਨੇ ਆਈਆਰਸੀਟੀਸੀ ਦੀ ਵੈੱਬਸਾਈਟ ਜਾਂ ਆਨਲਾਈਨ ਰਾਹੀਂ ਟਿਕਟ ਬੁੱਕ ਕੀਤੀ ਹੈ, ਤਾਂ ਰੱਦ ਹੋਣ 'ਤੇ ਪੈਸੇ ਵਾਪਸ ਲੈਣ ਵਿੱਚ ਸਮਾਂ ਲੱਗਦਾ ਹੈ। ਇਸ ਦੇ ਲਈ ਯਾਤਰੀ ਨੂੰ ਟਿਕਟ ਡਿਪਾਜ?ਿਟ ਰਸੀਦ (ਟੀਡੀਆਰ) ਫਾਈਲ ਕਰਨੀ ਹੋਵੇਗੀ। ਇਸ ਤੋਂ ਇਲਾਵਾ, ਜੇਕਰ ਰੇਲਗੱਡੀ ਰੱਦ ਹੋ ਜਾਂਦੀ ਹੈ ਜਾਂ ਇਸਦਾ ਰੂਟ ਬਦਲਿਆ ਜਾਂਦਾ ਹੈ, ਤਾਂ ਯਾਤਰੀ ਨੂੰ ਟਿਕਟ ਰੱਦ ਕਰਨ ਲਈ ਟੀਡੀਆਰ ਫਾਈਲ ਕਰਨਾ ਪੈਂਦਾ ਹੈ। ਦਾ ਮਤਲਬ ਹੈ ਟਿਕਟ ਡਿਪਾਜ?ਿਟ ਰਸੀਦ ਜਿਸਦੀ ਵਰਤੋਂ ਯਾਤਰੀ ਦੁਆਰਾ ਯਾਤਰਾ ਟਿਕਟ ਰੱਦ



ਕਰਨ ਤੋਂ ਬਾਅਦ ਰਿਫੰਡ ਪ੍ਰਾਪਤ ਕਰਨ ਲਈ ਕੀਤੀ ਜਾਂਦੀ ਹੈ। ਕਈ ਯਾਤਰੀਆਂ ਨੇ ਆਨਲਾਈਨ ਟਿਕਟਾਂ ਦੀ ਦੁਰਵਰਤੋਂ ਕੀਤੀ। ਆਨਲਾਈਨ ਟਿਕਟਾਂ ਦੇ ਮਾਮਲੇ 'ਚ ਯਾਤਰੀ ਟੀਡੀਆਰ ਫਾਈਲ ਕਰਦੇ ਸਨ ਅਤੇ ਟਰੇਨ 'ਚ ਸਫਰ ਵੀ ਕਰਦੇ ਸਨ, ਜਿਸ ਕਾਰਨ ਰੇਲਵੇ ਨੂੰ ਰਿਫੰਡ ਦੇ ਰੂਪ 'ਚ ਨੁਕਸਾਨ ਉਠਾਉਣਾ ਪੈ ਰਿਹਾ ਸੀ। ਹੁਣ ਰੇਲਵੇ ਬੋਰਡ ਦੇ ਨਵੇਂ ਨਿਯਮ ਮੁਤਾਬਕ ਜੇਕਰ ਕੋਈ ਯਾਤਰੀ ਟੀਡੀਆਰ ਭਰਨ ਤੋਂ ਬਾਅਦ ਰਿਜਰਵ ਸੀਟ 'ਤੇ ਸਫਰ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਨੂੰ ਬਿਨਾਂ ਟਿਕਟ ਦੇ ਮੰਨਿਆ ਜਾਵੇਗਾ ਅਤੇ ਰੇਲਵੇ ਨਿਯਮਾਂ ਦੇ ਮੁਤਾਬਕ ਚਾਰਜ ਕੀਤਾ ਜਾਵੇਗਾ। ਹੁਣ, ਟਿਕਟ ਚੈਕਿੰਗ ਸਟਾਫ ਐਚਐਚਟੀ (ਹੈਂਡ ਹੈਲਡ ਟਰਮੀਨਲ) ਮਸੀਨਾਂ ਨਾਲ ਲੈਸ ਹੈ, ਜਿਸ ਰਾਹੀਂ ਸੀਟ ਦੀ ਉਪਲਬਧਤਾ, ਉਡੀਕ ਟਿਕਟਾਂ ਅਤੇ ਹੋਰ ਜਾਣਕਾਰੀ ਅਸਲ ਸਮੇਂ ਵਿੱਚ ਉਪਲਬਧ ਹੋ ਜਾਂਦੀ ਹੈ। ਐਚਐਚਟੀ ਦੇ ਜਰੀਏ, ਟਿਕਟ ਚੈਕਿੰਗ ਸਟਾਫ ਟੀਡੀਆਰ ਦੀ ਦੁਰਵਰਤੋਂ ਕਰਨ ਵਾਲੇ ਯਾਤਰੀ ਦਾ ਆਸਾਨੀ ਨਾਲ ਪਤਾ ਲਗਾ ਸਕੇਗਾ।

## ਫ਼ਰੀਦਕੋਟ ਜੇਲ ਦੇ ਹਵਾਲਾਤੀ ਦੀ ਇਕ ਹੋਰ ਵੀਡੀਓ ਵਾਇਰਲ

ਫ਼ਰੀਦਕੋਟ 9 ਅਗਸਤ। ਸਥਾਨਕ ਜੇਲ ਵਿੱਚੋਂ ਲਗਭਗ ਤੀਸਰੀ ਵਾਰ ਸੋਸ਼ਲ ਮੀਡੀਆ 'ਤੇ ਵੀਡੀਓ ਵਾਇਰਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ ਜਿਸ'ਤੇ ਪੁਲਸ ਵੱਲੋਂ ਜੇਲ ਅਧਿਕਾਰੀਆਂ ਨਾਲ ਮਿਲ ਕੇ ਇਸਦੀ ਜਾਂਚ ਪੜਤਾਲ ਕੀਤੀ ਜਾ ਰਹੀ ਹੈ। ਇਸ ਸਬੰਧ ਵਿੱਚ ਡੀ.ਐੱਸ.ਪੀ ਇਕਬਾਲ ਸਿੰਘ ਸੰਧੂ ਨੇ ਦੱਸਿਆ ਕਿ ਮੁੱਢਲੀ ਜਾਂਚ ਅਨੁਸਾਰ ਇਹ ਵੀਡੀਓ ਹਵਾਲਾਤੀ ਰਾਜਨ ਭੰਡਾਰੀ ਵਾਸੀ ਫਿਰੋਜ਼ਪੁਰ ਜਿਸ'ਤੇ 302, ਐੱਨ.ਡੀ.ਪੀ.ਐੱਸ ਅਤੇ ਹੋਰ ਸੰਗੀਨ ਮਾਮਲੇ ਦਰਜ ਹਨ ਦੀ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਜਦ ਪੁਸ਼ਟੀ ਲੈਣ ਲਈ ਜੇਲ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਹਵਾਲਾਤੀ ਤੋਂ ਪੁੱਛ-ਗਿੱਛ ਕੀਤੀ ਗਈ ਤਾਂ ਇਸਨੇ ਦੱਸਿਆ ਕਿ ਇਹ ਵੀਡੀਓ ਉਸਨੇ ਉਸ ਵੇਲੇ ਬਣਾਈ ਸੀ ਜਦੋਂ ਉਹ ਗੋਇੰਦਵਾਲ ਜੇਲ ਵਿਚ ਬੰਦ ਸੀ ਅਤੇ ਹਵਾਲਾਤੀ ਦੇ ਕਹਿਣ ਅਨੁਸਾਰ ਉਸਦੀ ਇਹ ਵੀਡੀਓ ਇਸਦੇ ਕਿਸੇ ਰਿਸ਼ਤੇਦਾਰ ਨੇ ਸ਼ੋਸ਼ਲ ਮੀਡੀਆ 'ਤੇ ਪਾਈ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਜੇਲ ਅਧਿਕਾਰੀਆਂ ਵੱਲੋਂ ਲਿਖਤੀ ਕਾਰਵਾਈ ਕਰਨ ਉਪਰੰਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਵਕੀਲ ਅਤੇ ਟਾਈਪਿਸਟ ਨੂੰ 5 ਹਥਿਆਰਬੰਦਾਂ ਨੇ ਬਣਾਇਆ ਨਿਸ਼ਾਨਾ, ਨਕਦੀ ਤੇ ਮੋਬਾਇਲ ਲੈ ਕੇ ਹੋਏ ਫਰਾਰ

ਤਰਨਤਾਰਨ 9 ਅਗਸਤ। ਅਦਾਲਤ ਜਾ ਰਹੇ ਵਕੀਲ ਅਤੇ ਉਸਦੇ ਟਾਈਪਿਸਟ ਨੂੰ ਪੰਜ ਹਥਿਆਰਬੰਦ ਲੁਟੇਰਿਆਂ ਵੱਲੋਂ ਨਿਸ਼ਾਨਾ ਬਣਾਉਣ ਦਾ ਮਾਮਲਾ ਸਾਹਮਣੇ ਆਇਆ ਹੈ, ਜੋ 6500 ਰੁਪਏ ਦੀ ਨਕਦੀ ਅਤੇ ਮੋਬਾਈਲ ਫੋਨ ਖੋਹ ਮੌਕੇ ਤੋਂ ਫਰਾਰ ਹੋ ਗਏ। ਇਸ ਸਬੰਧੀ ਥਾਣਾ ਸ੍ਰੀ ਗੋਇੰਦਵਾਲ ਸਾਹਿਬ ਦੀ ਪੁਲਸ ਨੇ ਪੰਜ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਨਵਨ ਕੁਮਾਰ ਪੁੱਤਰ ਓਮ ਪ੍ਰਕਾਸ਼ ਵਾਸੀ ਬਾਬਾ ਬਸਤਾ ਸਿੰਘ ਐਨਕਲੇਵ ਸਾਹਮਣੇ ਟੱਕਰ ਸਾਹਿਬ ਗੁਰਦੁਆਰਾ ਤਰਨਤਾਰਨ ਨੇ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਦੱਸਿਆ ਕਿ ਉਹ ਖਡੂਰ ਸਾਹਿਬ ਕਚਹਿਰੀ ਵਿਚ ਬਤੌਰ ਵਕੀਲ ਕੰਮ ਕਰ ਰਿਹਾ ਹੈ। ਬੀਤੇ ਕੱਲ ਉਹ ਆਪਣੇ ਟਾਈਪਿਸਟ ਗੁਰਜੀਤ ਸਿੰਘ ਸਮੇਤ ਆਪਣੀ ਸਕੂਟਰੀ 'ਤੇ ਸਵਾਰ ਹੋ ਖਡੂਰ ਸਾਹਿਬ ਜਾ ਰਹੇ ਸਨ। ਜਦੋਂ ਉਹ ਪਿੰਡ ਕੱਲਾ ਵਿਖੇ ਪੁਰਾਣੇ ਸ਼ੈਲਰ ਸਾਹਮਣੇ ਪੁੱਜੇ ਤਾਂ ਸਾਹਮਣੇ ਪਾਸਿਓਂ ਦੋ




ਮੋਟਰਸਾਈਕਲ ਉਪਰ ਸਵਾਰ ਕੁੱਲ ਪੰਜ ਨਕਾਬ ਪੋਸ਼ ਵਿਅਕਤੀਆਂ ਨੇ ਉਸਦੀ ਸਕੂਟਰੀ ਰੋਕ ਲਈ ਜਿਨ੍ਹਾਂ ਵਿਚੋਂ ਇਕ ਨੇ ਹੱਥ ਵਿਚ ਫੜਿਆ ਪਿਸਤੌਲ ਉਸ ਤੋਂ ਉਪਰ ਤਾਣ ਦਿੱਤਾ। ਇਸ ਦੌਰਾਨ ਲੁਟੇਰਿਆਂ ਨੇ ਉਸਦੇ ਪਰਸ ਵਿਚੋਂ 3000 ਰੁਪਏ, ਮੋਬਾਈਲ ਫੋਨ ਅਤੇ ਟਾਈਪਿਸਟ ਗੁਰਜੀਤ ਸਿੰਘ ਦੇ ਪਰਸ ਵਿਚੋਂ 3500 ਦੀ ਨਕਦੀ ਅਤੇ ਸਕੂਟਰੀ ਦੀ ਚਾਬੀ ਖੋਹ ਮੌਕੇ ਤੋਂ ਫਰਾਰ ਹੋ ਗਏ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਸ੍ਰੀ ਗੋਇੰਦਵਾਲ ਸਾਹਿਬ ਦੇ ਏ. ਐੱਸ. ਆਈ. ਜਸਬੀਰ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਵਿਚ ਪੁਲਸ ਵੱਲੋਂ ਪੰਜ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ।

## ਕਾਰ ਸਵਾਰ ਵਿਅਕਤੀ ਨੂੰ ਮਾਰ ਦੇਣ ਦੀ ਨੀਯਤ ਨਾਲ ਕੀਤੇ ਫਾਇਰ

ਫਿਰੋਜ਼ਪੁਰ 9 ਅਗਸਤ। ਫਿਰੋਜ਼ਪੁਰ ਵਿਖੇ ਕਾਰ ਸਵਾਰ ਨੂੰ ਮਾਰ ਦੇਣ ਦੀ ਨੀਯਤ ਨਾਲ ਪਿਸਤੌਲ ਨਾਲ ਫਾਇਰ ਕਰਕੇ ਇਕ ਵਿਅਕਤੀ ਨੂੰ ਜ਼ਖਮੀ ਕਰਨ ਦੀ ਖਬਰ ਮਿਲੀ ਹੈ। ਇਸ ਸਬੰਧ ਵਿਚ ਥਾਣਾ ਸਿਟੀ ਫਿਰੋਜ਼ਪੁਰ ਦੀ ਪੁਲਸ ਨੇ 2 ਬਾਏ ਨੇਮ ਵਿਅਕਤੀਆਂ ਅਤੇ 5-6 ਅਣਪਛਾਤੇ ਵਿਅਕਤੀਆਂ ਖ?ਿਲਾਫ 307, 148, 149 ਆਈਪੀਸੀ ਅਤੇ ਆਰਮਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਇਸ ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਜਸਪਾਲ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਬਾਗ ਵਾਲੀ ਅਲੀ ਕੇ ਰੋਡ ਸਿਟੀ ਫਿਰੋਜ਼ਪੁਰ ਨੇ ਦੱਸਿਆ ਕਿ ਉਹ ਆਪਣੇ ਚਾਚੇ ਦੇ ਮੁੰਡੇ ਸਾਗਰ ਉਰਫ ਬੱਗੀ ਪੁੱਤਰ ਜੱਸਾ ਸਿੰਘ ਵਾਸੀ ਬਸਤੀ ਬਾਗ ਵਾਲੀ ਅਲੀਕੇ ਰੋਡ ਸਿਟੀ ਫਿਰੋਜ਼ਪੁਰ ਨਾਲ ਆਪਣੀ ਕਾਰ ਆਈ-20 'ਤੇ ਸਵਾਰ ਹੋ ਕੇ ਬਾਬਾ ਖੇਤਰਪਾਲ ਦੇ ਮੱਥਾ ਟੇਕਣ ਜਾ ਰਿਹਾ ਸੀ। ਜਦ ਉਹ ਅਲੀ ਕੇ ਰੋਡ ਆਟਾ ਚੱਕੀ ਪਾਸ ਪੁੱਜੇ ਤਾਂ ਪਿੱਛੇ ਮੋਟਰਸਾਈਕਲ 'ਤੇ ਰਾਜਬੀਰ ਸਿੰਘ ਉਰਫ ਦਲੇਰ ਪੁੱਤਰ ਮਹਿੰਦਰ ਸਿੰਘ ਤੇ ਸੁੱਖੂ ਪੁੱਤਰ ਕਰਨੈਲ ਸਿੰਘ ਵਾਸੀਅਨ ਬਸਤੀ ਬਾਗ ਵਾਲੀ ਸਿਟੀ ਫਿਰੋਜ਼ਪੁਰ ਆ ਰਹੇ ਸੀ। ਨਾਲ ਹੀ 5-6 ਅਣਪਛਾਤੇ ਮੁੰਡੇ ਵੀ ਮੋਟਰਸਾਈਕਲਾਂ 'ਤੇ ਆ ਰਹੇ ਸੀ। ਜਸਪਾਲ ਸਿੰਘ ਨੇ ਦੱਸਿਆ ਕਿ ਰਾਜਬੀਰ ਸਿੰਘ ਦੇ ਹੱਥ ਪਿਸਤੌਲ ਫੜਿਆ ਹੋਇਆ ਸੀ। ਸੁੱਖੂ ਨੇ ਕਾਰ ਦੇ ਬਰਾਬਰ ਕਾਰ ਕਰਕੇ ਪਿਸਤੌਲ ਕੱਢ ਲਿਆ ਤੇ ਮਾਰ ਦੇਣ ਦੀ ਨੀਯਤ ਨਾਲ ਉਨ੍ਹਾਂ 'ਤੇ ਫਾਇਰ ਕੀਤੇ, ਜਿਨ੍ਹਾਂ ਵਿਚੋਂ ਇਕ ਫਾਇਰ ਸਾਗਰ ਉਰਫ ਬੱਗੀ ਦੇ ਸਿਰ ਵਿਚ ਲੱਗਾ। ਇਸ ਫਾਇਰਿੰਗ ਦੀ ਵਜ੍ਹਾ ਰੰਜ?ਿਸ ਹੈ। ਉਹ ਇਸ ਕਰਕੇ ਕਿਉਂਕਿ ਸਾਗਰ ਉਰਫ ਬੱਗੀ ਕਿਸੇ ਮੁਕੱਦਮੇ ਵਿਚ ਜੇਲ੍ਹ ਵਿਚ ਬੰਦ ਸੀ, ਜਿਥੇ ਇਸ ਦਾ ਰਾਜਬੀਰ ਸਿੰਘ ਨਾਲ ਝਗੜਾ ਹੋ ਗਿਆ ਸੀ। ਜਸਪਾਲ ਸਿੰਘ ਨੇ ਦੱਸਿਆ ਕਿ ਸਾਗਰ ਦਾ ਇਲਾਜ ਅਨਿਲ ਬਾਗੀ ਹਸਪਤਾਲ ਵਿਚ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਸ਼ਰਮਾ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਅਨ ਖ?ਿਲਾਫ ਮਾਮਲਾ ਦਰਜ ਕਰ ਲਿਆ ਹੈ।

## ਕਿਸਾਨਾਂ ਦੇ ਧਰਨੇ ਦੇ 31 ਦਿਨ 5500 ਤੋਂ ਵੱਧ ਟਰੇਨਾਂ ਪ੍ਰਭਾਵਿਤ, ਰੇਲ ਵਿਭਾਗ ਦਾ ਹੋ ਰਿਹਾ ਲੱਖਾਂ ਦਾ ਨੁਕਸਾਨ

ਲੁਧਿਆਣਾ 9 ਅਗਸਤ। ਆਪਣੀਆਂ ਮੰਗਾਂ ਸਬੰਧੀ ਸ਼ੰਭੂ ਦੇ ਨੇੜੇ ਰੇਲਵੇ ਟ੍ਰੈਕ 'ਤੇ ਬੈਠੇ ਕਿਸਾਨਾਂ ਦੇ ਧਰਨੇ ਨੂੰ ਲੈ ਕੇ 17 ਮਈ ਨੂੰ 31 ਦਿਨ ਹੋ ਚੱਲੇ ਹਨ। ਕਿਸਾਨਾਂ ਦੇ ਇਸ ਧਰਨੇ ਕਾਰਨ ਜਿੱਥੇ ਰੇਲ ਵਿਭਾਗ ਨੂੰ ਹਰ ਰੋਜ਼ ਲੱਖਾਂ ਰੁਪਏ ਦਾ ਨੁਕਸਾਨ ਸਹਿਣਾ ਪੈ ਰਿਹਾ ਹੈ, ਉਥੇ ਰੇਲ ਯਾਤਰੀਆਂ ਨੂੰ ਵੀ ਭਾਰੀ ਪ੍ਰੇਸ਼ਾਨੀ ਝੱਲਣੀ ਪੈ ਰਹੀ ਹੈ। ਇਨ੍ਹਾਂ 31 ਦਿਨਾਂ 'ਚ 5500 ਤੋਂ ਵੱਧ ਟ੍ਰੇਨਾਂ ਪ੍ਰਭਾਵਿਤ ਹੋਈਆਂ, ਜਿਨ੍ਹਾਂ 'ਚੋਂ 2000 ਦੇ ਕਰੀਬ ਟਰੇਨਾਂ ਰੱਦ ਕੀਤੀਆਂ ਗਈਆਂ। ਜਦਕਿ 3000 ਤੋਂ ਵੱਧ ਟਰੇਨਾਂ ਨੂੰ ਡਾਇਵਰਟ ਅਤੇ 1000 ਦੇ ਕਰੀਬ ਟਰੇਨਾਂ ਨੂੰ ਸ਼ਾਰਟ ਟਰਮੀਨੇਟ ਕਰ ਕੇ ਚਲਾਇਆ ਗਿਆ ਹੈ। ਧਰਨੇ ਕਾਰਨ ਟਰੇਨਾਂ ਨੂੰ ਰੂਟ ਬਦਲ ਕੇ ਚਲਾਇਆ ਜਾ ਰਿਹਾ ਹੈ। ਜ?ਿਆਦਾਤਰ ਟਰੇਨਾਂ ਨੂੰ ਸਾਹਨੇਵਾਲ ਤੋਂ ਵਾਇਆ ਚੰਡੀਗੜ੍ਹ, ਮੋਰਿੰਡਾ ਤੋਂ ਬੱਸੀ, ਸਮਰਾਲਾ, ਧੂਰੀ ਜਾਖਲ ਦੇ ਰੂਟ ਤੋਂ ਅੰਬਾਲਾ ਵੱਲ ਰਵਾਨਾ ਕੀਤਾ ਜਾ ਰਿਹਾ ਹੈ, ਜਿਸ ਕਾਰਨ ਹੀ ਟਰੇਨਾਂ 5 ਤੋਂ 10 ਘੰਟੇ ਦੇਰ ਨਾਲ ਚੱਲ ਰਹੀਆਂ ਹਨ। ਰੂਟ ਲੰਬਾ ਹੋਣ ਅਤੇ ਸਾਹਨੇਵਾਲ ਤੋਂ ਚੰਡੀਗੜ੍ਹ ਤੱਕ ਸਿੰਗਲ ਲਾਈਨ ਹੋਣ ਕਾਰਨ ਟਰੇਨਾਂ ਨੂੰ ਕਈ ਕਈ ਘੰਟੇ ਰੋਕ ਕੇ ਚਲਾਇਆ ਜਾ ਰਿਹਾ ਹੈ, ਜਿਸ ਕਾਰਨ ਵਿਭਾਗ ਨੂੰ ਫਿਊਲ ਦਾ ਜ਼ਿਆਦਾ ਖਰਚ ਸਹਿਣ ਕਰਨਾ ਪੈ ਰਿਹਾ ਹੈ, ਜਦੋਂਕਿ ਯਾਤਰੀਆਂ ਨੂੰ ਟਰੇਨਾਂ ਦੇ ਲੇਟ ਹੋਣ ਕਾਰਨ ਜ਼ਿਆਦਾ ਸਮਾਂ ਸਫਰ 'ਚ ਗੁਜ਼ਾਰਨਾ ਪੈ ਰਿਹਾ ਹੈ। ਯਾਤਰੀਆਂ ਨੂੰ ਟਰੇਨਾਂ ਦਾ ਇੰਤਜ਼ਾਰ ਕਰਨ ਲਈ ਕਈ ਕਈ ਘੰਟੇ ਪਲੇਟਫਾਰਮ 'ਤੇ ਗੁਜ਼ਾਰਨੇ ਪੈ ਰਹੇ ਹਨ। ਅੰਮ੍ਰਿਤਸਰ ਅਤੇ ਜੰਮੂ ਤੋਂ ਨਵੀਂ ਦਿੱਲੀ ਵੱਲ ਜਾਣ ਵਾਲੀਆਂ ਜਿਨ੍ਹਾਂ ਟਰਨਾਂ ਨੂੰ ਵਾਇਆ



ਚੰਡੀਗੜ੍ਹ-ਅੰਬਾਲਾ ਵੱਲ ਭੇਜਿਆ ਜਾ ਰਿਹਾ ਹੈ, ਉਨ੍ਹਾਂ ਵਿਚ ਸਫਰ ਕਰਨ ਵਾਲੇ ਯਾਤਰੀਆਂ ਨੂੰ ਸਾਹਨੇਵਾਲ ਤੋਂ ਚੰਡੀਗੜ੍ਹ ਤੱਕ ਕਈ ਘੰਟੇ ਗੁਜ਼ਾਰਨੇ ਪੈ ਰਹੇ ਹਨ। ਕਈ ਟਰੇਨਾਂ 'ਚ ਪੈਂਟਰੀ ਕਾਰ ਨਾ ਹੋਣ ਕਾਰਨ ਯਾਤਰੀਆਂ ਨੂੰ ਇਸ ਰੂਟ 'ਤੇ ਨਾ ਤਾਂ ਚਾਹ, ਨਾ ਪਾਣੀ ਅਤੇ ਨਾ ਹੀ ਖਾਣਾ ਮਿਲਦਾ ਹੈ। ਉਸ ਤੋਂ ਇਲਾਵਾ ਇਸ ਰੂਟ 'ਤੇ ਚੰਡੀਗੜ੍ਹ ਤੋਂ ਇਲਾਵਾ ਹੋਰ ਕੋਈ ਰੇਲਵੇ ਸਟੇਸ਼ਨਾਂ 'ਤੇ ਸਟਾਲ ਵੀ ਨਾ ਹੋਣ ਕਾਰਨ ਯਾਤਰੀਆਂ ਦਾ ਬੁਰਾ ਹਾਲ ਹੋ ਜਾਂਦਾ ਹੈ। ਯਾਤਰੀ ਬੇਸਬਰੀ ਨਾਲ ਵੈਂਡਰਾਂ ਦਾ ਇੰਤਜ਼ਾਰ ਕਰਦੇ ਰਹਿੰਦੇ ਹਨ ਅਤੇ ਜੇਕਰ ਕੋਈ ਦੂਜੀ ਲਾਈਨ 'ਤੇ ਟਰੇਨ ਆਉਂਦੀ ਹੈ ਤਾਂ ਉਸ ਵਿਚ ਮੌਜੂਦ ਪੈਂਟਰੀ ਵਾਲੇ ਵੈਂਡਰ ਹੀ ਸਹਾਰਾ ਬਣਦੇ ਹਨ। ਜ਼ਿਆਦਾ ਸਮੇਂ ਤੱਕ ਟਰੇਨਾਂ ਲੇਟ ਹੋਣ ਕਾਰਨ ਟਰੇਨਾਂ 'ਚ ਗੰਦਗੀ ਫੈਲ ਜਾਂਦੀ ਹੈ ਅਤੇ ਕਈ ਵਾਰ ਤਾਂ ਟਾਇਲੇਟ ਲਈ ਪਾਣੀ ਵੀ ਮੁਹੱਈਆ ਨਹੀਂ ਹੁੰਦਾ, ਜਿਸ ਨਾਲ ਜ਼ਿਆਦਾ ਸਮੱਸਿਆ ਪੈਦਾ ਹੋ ਜਾਂਦੀ ਹੈ। ਟਰੇਨਾਂ ਦੇ ਲੇਟ ਹੋਣ ਅਤੇ ਡਾਇਵਰਟ ਹੋਣ ਕਾਰਨ ਜ਼ਿਆਦਾਤਰ ਯਾਤਰੀ ਆਪਣੀਆਂ ਟਿਕਟਾਂ ਰੱਦ ਕਰਵਾ ਰਹੇ ਹਨ। ਅਧਿਕਾਰਤ ਸੂਤਰਾਂ ਮੁਤਾਬਕ ਇਕੱਲੇ ਫਿਰੋਜ਼ਪੁਰ ਮੰਡਲ ਵੱਲੋਂ ਯਾਤਰੀਆਂ ਨੂੰ 2 ਲੱਖ ਰੁਪਏ ਤੋਂ ਜ਼ਿਆਦਾ ਦਾ ਟਿਕਟ ਰਿਫੰਡ ਕੀਤਾ ਜਾ ਰਿਹਾ ਹੈ, ਜਿਸ ਦੇ ਲਈ ਸਪੈਸ਼ਲ ਕਾਊਂਟਰ ਚਲਾਏ ਜਾ ਰਹੇ ਹਨ, ਜਦੋਂਕਿ ਇਸ ਤੋਂ ਵੱਧ ਦਾ ਰਿਫੰਡ ਆਨਲਾਈਨ ਟਿਕਟ ਬੁਕ ਕਰਵਾਉਣ ਵਾਲੇ ਯਾਤਰੀਆਂ ਦਾ ਹੋ ਜਾਂਦਾ ਹੈ। ਇਸ ਧਰਨੇ ਕਾਰਨ ਰੇਲਵੇ ਦਾ ਕਮਰਸ਼ੀਅਲ ਵਿਭਾਗ ਵੀ ਘਾਟੇ 'ਚ ਜਾ ਰਿਹਾ ਹੈ, ਕਿਉਂਕਿ ਟਰੇਨਾਂ ਰੱਦ ਹੋਣ ਕਾਰਨ ਸਾਮਾਨ ਦੀ ਲੋਡਿੰਗ ਅਤੇ ਅਨ-ਲੋਡਿੰਗ ਨਹੀਂ ਹੋ ਰਹੀ। ਵਪਾਰੀਆਂ ਨੂੰ ਆਪਣਾ ਸਾਮਾਨ ਭੇਜਣ ਲਈ ਟ੍ਰਾਂਸਪੋਰਟਰਾਂ ਦਾ ਸਹਾਰਾ ਲੈਣਾ ਪੈ ਰਿਹਾ ਹੈ ਅਤੇ ਉਨ੍ਹਾਂ ਨੂੰ ਲਾਗਤ ਵੀ ਜ਼ਿਆਦਾ ਦੇਣੀ ਪੈ ਰਹੀ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਅੰਬੇਡਕਰ ਮਿਸ਼ਨ ਨੇ ਕੀਤੀ ਅਧਿਕਾਰੀਆਂ ਤੇ ਐਸ.ਸੀ. ਐਕਟ ਤਹਿਤ ਮਾਮਲਾ ਦਰਜ ਕਰਨ ਦੀ ਮੰਗ

**ਕੌਮੀ ਪਤ੍ਰਿਕਾ**

ਸੰਗਰੂਰ,9 ਅਗਸਤ: ਸਥਾਨਕ ਧਾਨਕ ਬਸਤੀ, ਵਾਰਡ ਨੰਬਰ 11 ਵਿਖੇ ਐਸ.ਸੀ ਵਰਗ ਲਈ ਬਣੇ ਸੰਤ ਬਾਬਾ ਕਬੀਰਦਾਸ ਪਾਰਕ ਦੀ ਸਾਂਝੀ ਦੀਵਾਰ ਨਾਲ ਬਣੇ ਕੂੜੇ ਦੇ ਡੰਪ ਨੂੰ ਲੈਕੇ ਸ਼੍ਰੀ ਦਰਸ਼ਨ ਸਿੰਘ ਕਾਂਗੜਾ ਕੌਮੀ ਪ੍ਰਧਾਨ ਭਾਰਤੀਯ ਅੰਬੇਡਕਰ ਮਿਸ਼ਨ ਭਾਰਤ ਡੰਪ ਤੋਂ ਪੀੜਤ ਲੋਕਾਂ ਦੀ ਆਵਾਜ਼ ਬਣਕੇ ਸਾਹਮਣੇ ਆਏ।ਦਰਸ਼ਨ ਕਾਂਗੜਾ ਵੱਲੋਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਅਤੇ ਦਲਿਤ ਵਰਗ ਦੇ ਲੋਕਾਂ ਨੂੰ ਡੰਪ ਬਣਾਕੇ ਬਿਮਾਰੀਆਂ ਵਿੱਚ ਰਹਿਣ ਲਈ ਮਜਬੂਰ ਕਰਨ ਵਾਲੇ ਨਗਰ ਕੌਂਸਲ ਅਧਿਕਾਰੀਆਂ ਖਿਲਾਫ ਤੁਰੰਤ ਐਸ.ਸੀ/ਐਸ.ਟੀ.ਐਕਟ ਤਹਿਤ ਕਾਰਵਾਈ ਕਰਨ ਦੇ ਨਾਲ ਨਾਲ ਕੂੜੇ ਦੇ ਡੰਪ ਨੂੰ ਤੁਰੰਤ ਹਟਾਉਣ ਦੀ ਮੰਗ ਕੀਤੀ।ਇਸ ਸਬੰਧੀ ਉਹਨਾ ਚੇਅਰਮੈਨ ਐਸ ਸੀ ਕਮਿਸ਼ਨ ਪੰਜਾਬ ਦੇ ਨਾਮ ਤੇ ਲਿਖਤੀ ਸ਼ਿਕਾਇਤ ਐਸ ਸੀ ਕਮਿਸ਼ਨ ਦੇ ਮੈਂਬਰ ਗੁਲਜ਼ਾਰ ਸਿੰਘ ਨੂੰ ਦਿੰਦੀਆਂ ਕਿਹਾ ਕਿ ਇਹ ਮਾਮਲਾ ਨਗਰ ਕੌਂਸਲ ਸੰਗਰੂਰ ਦੀ ਪ੍ਰਸ਼ਾਸਨਿਕ ਲਾਪਰਵਾਹੀ ਨਾਲ ਜੁੜਿਆ ਹੈ, ਜਿਸ ਕਾਰਨ ਧਾਨਕ ਬਸਤੀ ਦੇ ਲੋਕਾਂ ਦਾ ਰਹਿਣਾ ਬੇਹਾਲ ਹੋ ਚੁੱਕਿਆ ਹੈ ਅਤੇ ਉਹ ਨਰਕ ਭਰੀ ਜ਼ਿੰਦਗੀ ਜਿਉਣ ਲਈ ਮਜਬੂਰ ਹੋ ਰਹੇ ਹਨ।ਉਹਨਾਂ ਕਿਹਾ ਕਿ ਨਗਰ ਕੌਂਸਲ ਅਧਿਕਾਰੀਆਂ ਵੱਲੋਂ ਜਾਣਬੁਝ ਕੇ ਐਸ ਸੀ ਵਰਗ ਨਾਲ ਸੰਬੰਧਿਤ ਸੰਤ ਕਬੀਰ ਦਾਸ ਦੇ ਨਾਮ ਤੇ ਬਣੇ ਇੱਕ ਛੋਟੇ ਜਿਹੇ ਪਾਰਕ ਦੀ ਦੀਵਾਰ ਨਾਲ ਇਹ ਕੂੜੇ ਦਾ ਡੰਪ ਬਣਾਇਆ ਗਿਆ ਹੈ, ਤਾ ਕਿ ਐਸ.ਸੀ. ਵਰਗ ਨਾਲ ਸੰਬੰਧਿਤ ਲੋਕ ਸੈਰ ਨਾ ਕਰ ਸਕਣ ਅਤੇ ਡੰਪ ਵਿਚੋਂ ਆਉਂਦੀ ਬਦਬੂ ਕਾਰਨ ਬਿਮਾਰੀਆਂ ਵਿੱਚ ਫਸ ਕੇ ਮਰਦੇ ਰਹਿਣ। ਉਨ੍ਹਾਂ ਕਿਹਾ ਕਿ ਡੰਪ ਬਿਲਕੁੱਲ ਸਬਜ਼ੀ ਮੰਡੀ ਦੇ ਨਾਲ ਲੱਗਦਾ ਹੈ। ਨਾਲ ਹੀ ਡੰਪ ਦੇ ਸਾਹਮਣੇ ਇਕ ਪ੍ਰਾਇਵੇਟ ਸਕੂਲ ਹੈ। ਅਤੇ ਦੋ ਮੰਦਿਰਾਂ ਨੂੰ ਵੀ ਇਹ ਰਾਸਤਾ ਜਾਂਦਾ ਹੈ। ਇਹ ਕੰਮ ਐਸ.ਸੀ ਵਰਗ ਦੇ ਸੰਵਿਧਾਨਿਕ ਹੱਕਾਂ, ਵਾਤਾਵਰਣ ਸੰਬੰਧੀ ਕਾਨੂੰਨਾਂ ਅਤੇ ਸਮਾਜਿਕ ਨਿਆਂ ਦੇ ਉਪਬੰਧਾਂ ਦੀ ਘੋਰ ਉਲੰਘਣਾ ਹੈ। ਇਸ ਲਈ ਅਨੁਸੂਚਿਤ ਜਾਤੀ ਵਰਗ ਵਾਲੇ ਪੀੜਤ ਭਾਈਚਾਰੇ ਦੀ ਤਰਫੋਂ ਉਹਨਾਂ ਵੱਲੋਂ ਐਸਸੀ/ਐਸਟੀ (ਅੱਤਿਆਚਾਰ ਰੋਕਥਾਮ) ਐਕਟ, 1989 ਦੇ ਲਾਗੂ ਕਾਨੂੰਨਾਂ ਅਧੀਨ ਤੁਰੰਤ ਕਾਰਵਾਈ, ਕਾਨੂੰਨੀ ਜਵਾਬਦੇਹੀ, ਅਤੇ ਨਿਆਂ ਦੀ ਮੰਗ ਕੀਤੀ ਗਈ ਉਹਨਾਂ ਅੱਗੇ ਕਿਹਾ ਕਿ ਨਗਰ ਕੌਂਸਲ ਨੇ ਇੱਕ ਜਨਤਕ ਰਸਤੇ, ਜੋ ਪਹਿਲਾਂ ਸਾਂਝਾ ਮਾਰਗ ਸੀ, ਜਿੱਥੇ ਲੱਖਾਂ ਰੁਪਏ ਖਰਚ ਕਰਕੇ ਸੜਕ ਬਣਾਈ ਗਈ ਸੀ, ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਕੂੜਾ ਡੰਪ ਵਿੱਚ ਬਦਲ ਦਿੱਤਾ ਹੈ।ਉਨ੍ਹਾਂ ਕਿਹਾ ਕਿ ਸੰਤ ਕਬੀਰਦਾਸ ਪਾਰਕ ਦੇ ਨਾਲ ਗੰਦਗੀ ਦਾ ਡੰਪ ਬਣਾ ਕੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕੀਤਾ ਗਿਆ ਹੈ। ਸ਼੍ਰੀ ਦਰਸ਼ਨ ਕਾਂਗੜਾ ਨੇ ਕਿਹਾ ਕਿ ਏਥੋਂ ਦੇ ਨਿਵਾਸੀ ਜੋ ਜ਼ਿਆਦਾਤਰ ਦਲਿਤ ਭਾਈਚਾਰੇ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨਾਲ ਸੰਬੰਧਿਤ ਹਨ ਜ਼ੋ ਆਪਣੇ ਬੱਚਿਆਂ ਤੇ ਬਜ਼ੁਰਗਾਂ ਦੀ ਸਿਹਤ ਅਤੇ ਮਨੋਰੰਜਨ ਲਈ ਇਸ ਪਾਰਕ 'ਤੇ ਨਿਰਭਰ ਹਨ। ਕੂੜਾ ਡੰਪ ਕਾਰਨ ਬਦਬੂ, ਗੰਦੀਆਂ ਮੱਖੀਆਂ ਅਤੇ ਰਹਿਣ ਲਈ ਅਣਉਚਿਤ ਮਾਹੌਲ ਨੇ ਇਸ ਸਥਾਨ ਨੂੰ ਵਰਤੋਂ ਤੋਂ ਬਾਹਰ ਕਰ ਦਿੱਤਾ ਹੈ।ਸ਼੍ਰੀ ਦਰਸ਼ਨ ਕਾਂਗੜਾ ਨੇ ਕਿਹਾ ਕਿ ਇਸ ਡੰਪ ਦੀ ਸਬਜ਼ੀ ਮੰਡੀ ਨਾਲ ਨੇੜਤਾ ਕਾਰਨ ਮੱਖੀਆਂ ਅਤੇ ਕੀੜਿਆਂ ਦੀ ਭਰਮਾਰ ਹੋ ਗਈ ਹੈ, ਜਿਸ ਨਾਲ ਭੋਜਨ ਵਿੱਚ ਗੰਦਗੀ ਅਤੇ ਸਾਹ ਸੰਬੰਧੀ ਬਿਮਾਰੀਆਂ ਸਮੇਤ ਵੈਕਟਰ-ਜਨਿਤ ਰੋਗਾਂ ਦਾ ਖਤਰਾ ਵਧ ਗਿਆ ਹੈ।ਇਹ ਕੂੜਾ ਡੰਪ ਸਾਲਿਡ ਵੇਸਟ ਮੈਨੇਜਮੈਂਟ ਰੂਲਜ਼, 2016 ਦੀ ਉਲੰਘਣਾ ਹੈ, ਜੋ ਰਿਹਾਇਸ਼ੀ ਖੇਤਰਾਂ ਵਿੱਚ ਖੁੱਲ੍ਹਾ ਕੂੜਾ ਸੁੱਟਣ 'ਤੇ ਪਾਬੰਦੀ ਲਗਾਉਂਦੇ ਹਨ ਅਤੇ ਵਿਗਿਆਨਕ ਤਰੀਕੇ ਨਾਲ ਕੂੜੇ ਦੇ ਨਿਪਟਾਰੇ ਦਾ ਹੁਕਮ ਦਿੰਦੇ ਹਨ। ਉਨ੍ਹਾਂ ਕਿਹਾ ਕਿ ਐਨਜੀਟੀ ਨੇ ਅਲਮਿੱਤਰਾ ਐਚ. ਪਟੇਲ ਬਨਾਮ ਯੂਨੀਅਨ ਆਫ ਇੰਡੀਆ (ਡਬਲਯੂ.ਪੀ (ਸੀ) ਨੰਬਰ 888/1996) ਵਿੱਚ ਨਗਰ ਨਿਗਮਾਂ ਨੂੰ ਅਜਿਹੇ ਤਰੀਕਿਆਂ ਨੂੰ ਖਤਮ ਕਰਨ ਦੇ ਸਪਸ਼ਟ ਨਿਰਦੇਸ਼ ਦਿੱਤੇ ਸਨ। ਉਹਨਾਂ ਕਿਹਾ ਕਿ ਐਨਜੀਟੀ ਦੇ ਸਪਸ਼ਟ ਨਿਰਦੇਸ਼ ਹਨ ਡੰਪਿੰਗ ਸਾਈਟਾਂ ਘੱਟ ਆਬਾਦੀ ਵਾਲੇ ਖੇਤਰਾਂ ਵਿੱਚ ਹੋਣੀਆਂ ਚਾਹੀਦੀਆਂ ਹਨ, ਜੋ ਇੱਥੇ ਨਹੀਂ ਹੈ ਤੇ ਬਫਰ ਜ਼ੋਨ ਅਤੇ ਵਾੜ ਦੀ ਵਿਵਸਥਾ, ਜੋ ਇਸ ਮਾਮਲੇ ਵਿੱਚ ਗੈਰਹਾਜ਼ਰ ਹੈ। ਹਵਾ ਅਤੇ ਪਾਣੀ ਦੀ ਗੰਦਗੀ ਏਅਰ (ਪ੍ਰੀਵੈਨਸ਼ਨ ਐਂਡ ਕੰਟਰੋਲ ਆਫ ਪੌਲਿਊਸ਼ਨ) ਐਕਟ, 1981 ਅਤੇ ਵਾਟਰ (ਪ੍ਰੀਵੈਨਸ਼ਨ ਐਂਡ ਕੰਟਰੋਲ ਆਫ ਪੌਲਿਊਸ਼ਨ) ਐਕਟ, 1974 ਦੀ ਉਲੰਘਣਾ ਹੈ, ਜੋ ਕਮਜ਼ੋਰ ਨਿਵਾਸੀਆਂ ਦੀ ਜਾਨ ਨੂੰ ਖਤਰੇ ਵਿੱਚ ਪਾਉਂਦੀ ਹੈ। ਅਤੇ ਦਲਿਤ ਭਾਈਚਾਰੇ ਵਿਰੁੱਧ ਭੇਦਭਾਵ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਐਸ ਸੀ ਕਮਿਸ਼ਨ ਪੰਜਾਬ ਨੂੰ ਪੱਤਰ ਲਿਖ ਕੇ ਜਲਦ ਹੀ ਮਾਮਲੇ ਵਿੱਚ ਦਖਲ ਦੀ ਮੰਗ ਕਰਕੇ ਇਸ ਡੰਪ ਦਾ ਨਿਪਟਾਰਾ ਕਰਨ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਚਿਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਜੇਕਰ ਨਗਰ ਕੌਂਸਲ ਨੇ ਇਸ ਡੰਪ ਨੂੰ ਨਾ ਹਟਾਇਆ ਤਾਂ ਭਾਰਤੀਯ ਅੰਬੇਡਕਰ ਮਿਸ਼ਨ, ਭਾਰਤ ਵੱਡੇ ਪੱਧਰ ਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਖਿਲਾਫ ਮੋਰਚਾ ਖੋਲ੍ਹੇਗਾ।

## ਪ੍ਰੇਮ ਨਗਰ ਸੇਵਾ ਸੁਸਾਇਟੀ ਨੇ ਖੇੜਾ ਕਰਵਾਇਆ 165ਵਾਂ ਮਹੀਨਾਵਾਰ ਰਾਸ਼ਨ ਵੰਡ ਸਮਾਗਮ

ਫਗਵਾੜਾ 9 ਅਗਸਤ। ਪ੍ਰੇਮ ਨਗਰ ਸੇਵਾ ਸੁਸਾਇਟੀ ਵਲੋਂ ਨਗਰ ਕੌਂਸਲ ਫਗਵਾੜਾ ਦੇ ਸਾਬਕਾ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੇ ਯਤਨਾਂ ਸਦਕਾ ਸ. ਅਜੀਤ ਸਿੰਘ ਢਿੱਲੋਂ ਦੀ ਯਾਦ ਵਿਚ 165ਵਾਂ ਮਾਸਿਕ ਰਾਸ਼ਨ ਵੰਡ ਸਮਾਗਮ ਸੀਨੀਅਰ ਸਿਟੀਜ਼ਨ ਕੇਅਰ ਸੈਂਟਰ ਖੇੜਾ ਰੋਡ ਫਗਵਾੜਾ ਵਿਖੇ ਕਰਵਾਇਆ ਗਿਆ। ਜਿਸ ਵਿੱਚ ਮੁੱਖ ਮਹਿਮਾਨ ਵਜੋਂ ਪਿੰਡ ਸੁੰਨੜਾ ਰਾਜਪੂਤਾਂ ਦੀ ਸਾਬਕਾ ਸਰਪੰਚ ਅਨੀਤਾ ਰਾਣੀ ਨੇ ਸ਼ਿਰਕਤ ਕੀਤੀ। ਉਹਨਾਂ ਨੇ 20 ਲੋੜਵੰਦ ਪਰਿਵਾਰਾਂ ਦੀਆਂ ਔਰਤਾਂ ਨੂੰ ਰਾਸ਼ਨ ਦੀ ਵੰਡ ਕੀਤੀ ਅਤੇ ਨਾਲ ਹੀ 5 ਕੁਇੰਟਲ ਆਲੂ ਵੰਡਣ ਦੀ ਸ਼ੁਰੂਆਤ ਵੀ ਕਰਵਾਈ। ਸਾਬਕਾ ਸਰਪੰਚ ਅਨੀਤਾ ਰਾਣੀ ਨੇ ਸੁਸਾਇਟੀ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਤੋਂ ਪਹਿਲਾਂ ਸੁਸਾਇਟੀ ਦੇ ਪ੍ਰਧਾਨ ਸੁਧੀਰ ਸ਼ਰਮਾ ਅਤੇ ਜਨਰਲ ਸਕੱਤਰ ਸੁਰਿੰਦਰ ਪਾਲ ਨੇ ਪਤਵੰਤਿਆਂ ਨੂੰ ਜੀ ਆਇਆਂ ਆਖਿਆ। ਸਮਾਗਮ ਦੇ ਪ੍ਰਬੰਧਕ ਮਲਕੀਅਤ ਸਿੰਘ ਰਘਬੋਤਰਾ ਨੇ ਦੱਸਿਆ ਕਿ ਇਹ ਸੇਵਾ ਪਿਛਲੇ ਕਰੀਬ 15 ਸਾਲਾਂ ਤੋਂ ਨਿਰੰਤਰ ਜਾਰੀ ਹੈ।

## ਫ਼ਿਰੋਜ਼ਪੁਰ 'ਚ ਭਿਆਨਕ ਹਾਦਸਾ, ਦੋ ਕਾਰਾਂ ਦੀ ਟੱਕਰ 'ਚ ਇਕ ਦੀ ਮੌਤ

ਫਿਰੋਜ਼ਪੁਰ 9 ਅਗਸਤ। ਫਿਰੋਜ਼ਪੁਰ ਦੇ ਨਜ਼ਦੀਕੀ ਪਿੰਡ ਲੇਲੀ ਵਾਲਾ ਨੇੜੇ ਬੀਤੇ ਦਿਨ ਦੋ ਕਾਰਾਂ ਵਿਚਾਲੇ ਹੋਈ ਜ਼ਬਰਦਸਤ ਟੱਕਰ ਕਾਰਨ ਇਕ ਵਿਅਕਤੀ ਦੀ ਮੌਤ ਹੋ ਗਈ, ਜਦਕਿ ਕਈ ਹੋਰ ਜ਼ਖਮੀ ਹੋ ਗਏ। ਇਸ ਦਰਦਨਾਕ ਹਾਦਸੇ ਤੋਂ ਬਾਅਦ ਪੁਲਸ ਨੇ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਥਾਣਾ ਸਦਰ ਫ਼ਿਰੋਜ਼ਪੁਰ ਦੇ ਏਐੱਸਆਈ ਕੁਲਵੰਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਹਾਦਸਾ ਪਿੰਡ ਲੇਲੀ ਵਾਲਾ ਨੇੜੇ ਵਾਪਰਿਆ, ਜਦੋਂ ਇਕ ਮਾਰੂਤੀ ਸਿਆਜ਼ ਕਾਰ (ਨੰਬਰ ਪੀਬੀ-65 ਏਵੀ-6700) ਅਤੇ ਇਕ ਵੈਨਿਊ ਕਾਰ (ਨੰਬਰ ਪੀਬੀ-03ਬੀਕੇ 2309) ਆਪਸ ਵਿਚ ਟਕਰਾ ਗਈਆਂ। ਇਹ ਟੱਕਰ ਇੰਨੀ ਭਿਆਨਕ ਸੀ ਕਿ ਇਸ ਵਿਚ ਮੌਕੇ 'ਤੇ ਹੀ ਗੁਰਨਾਮ ਸਿੰਘ ਨਾਂ ਦੇ ਵਿਅਕਤੀ ਦੀ ਮੌਤ ਹੋ ਗਈ। ਇਸ ਤੋਂ ਇਲਾਵਾ ਦੋ ਹੋਰ ਵਿਅਕਤੀ ਗੰਭੀਰ ਰੂਪ ਵਿਚ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ। ਪੁਲਸ ਅਨੁਸਾਰ ਇਹ ਹਾਦਸਾ ਕਥਿਤ ਤੌਰ 'ਤੇ ਤੇਜ਼ ਰਫਤਾਰ ਅਤੇ ਲਾਪਰਵਾਹੀ ਕਾਰਨ ਵਾਪਰਿਆ। ਮੁੱਢਲੀ ਜਾਂਚ ਤੋਂ ਬਾਅਦ ਮ੍ਰਿਤਕ ਗੁਰਨਾਮ ਸਿੰਘ ਦੇ ਰਿਸ਼ਤੇਦਾਰ ਰਣਜੋਧ ਸਿੰਘ ਪੁੱਤਰ ਇਕਬਾਲ ਸਿੰਘ ਵਾਸੀ ਮਹਿਮਾ ਦੇ ਬਿਆਨਾਂ ਦੇ ਆਧਾਰ 'ਤੇ ਅਣਪਛਾਤੇ ਕਾਰ ਚਾਲਕ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ। ਪੁਲਸ ਨੇ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ ਅਤੇ ਜ਼ਖਮੀਆਂ ਦਾ ਇਲਾਜ ਚੱਲ ਰਿਹਾ ਹੈ। ਪੁਲਸ ਨੇ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਹਾਦਸੇ ਦੇ ਅਸਲ ਕਾਰਨਾਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

### NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

### NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

### NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

### NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

### NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

### NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

### PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR -2211-005020356. The actual name of mine is INDU CHAUHAN which may be amended accordingly

### PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

### NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

### NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

### NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

### NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

### NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

### NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

### NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

### NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

### PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

### NAME CHANGE
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

### NAME CHANGE
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

### NAME CHANGE
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

### NAME CHANGE
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

### NAME CHANGE
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### NAME CHANGE
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

### NAME CHANGE
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

### PUBLIC NOTICE
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

### PUBLIC NOTICE
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

**Shyam Sharma (Adv)**

### PUBLIC NOTICE
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

### NAME CHANGE
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

### NAME CHANGE
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

### NAME CHANGE
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

### NAME CHANGE
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

### NAME CHANGE
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

### NAME CHANGE
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

### NAME CHANGE
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

### NAME CHANGE
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

### PUBLIC NOTICE
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH EX.MALL, SECTOR-9, ROHINI, NEW DELHI

## ਰੱਖਸ਼ਾਬੰਧਨ ਤਿਉਹਾਰ ਵਿਸ਼ੇਸ਼ ਰੇਲਗੱਡੀਆਂ

ਰੱਖਸ਼ਾਬੰਧਨ ਤਿਉਹਾਰ ਦੇ ਅਵਸਰ ਉਤੇ ਰੇਲਯਾਤਰੀਆਂ ਦੇ ਸੁਵਿਧਾਜਨ ਆਉਣ-ਜਾਣ ਦੇ ਲਈ ਉੱਤਰ ਰੇਲਵੇ ਦੁਵਾਰਾ ਹੇਠਾ ਲਿਖੀ ਰੱਖਸ਼ਾਬੰਧਨ ਵਿਸ਼ੇਸ਼ ਰੇਲਗੱਡੀਆਂ ਦਾ ਸੰਚਾਲਨ ਕੀਤਾ ਜਾਵੇਗਾ, ਜਿਨ੍ਹਾਂ ਦਾ ਪੂਰਾ ਵੇਰਵਾ ਹੇਠਾ ਅਨੁਸਾਰ ਹੈ:-

### 04484/04483 ਹ. ਨਿਜ਼ਾਮੁਦੀਨ - ਮਥੁਰਾ ਜੰ: - ਹ. ਨਿਜ਼ਾਮੁਦੀਨ ਅਣਰਿਜ਼ਰਵ ਸਪੈਸ਼ਲ ਰੇਲਗੱਡੀ

| ਗੱਡੀ ਨੰ: 04484 | | ਸਟੇਸ਼ਨ | ਗੱਡੀ ਨੰ: 04483 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| --- | 10:00 | ਹਜ਼ਰਤ ਨਿਜ਼ਾਮੁਦੀਨ | 16:30 | --- |
| 12:30 | --- | ਮਥੁਰਾ ਜੰ: | --- | 13:00 |

ਚਲਨ ਦੇ ਦਿਨ : 04484 ਹ. ਨਿਜ਼ਾਮੁਦੀਨ ਤੋਂ ਅਤੇ 04483 ਮਥੁਰਾ ਜੰ: ਤੋਂ ਮਿਤੀ 10.08.2025 ਨੂੰ।

ਠਹਿਰਾਵ : ਓਖਲਾ, ਤੁਗਲਕਾਬਾਦ, ਫਰੀਦਾਬਾਦ, ਫਰੀਦਾਬਾਦ ਨਯੂ ਟਾਊਨ, ਬਲੱਭਗੜ੍ਹ, ਅਸਾਵਤੀ, ਪਲਵਲ, ਰੁਘੀ, ਸ਼ੋਲਾਕਾ, ਬਨਚਾਰੀ, ਹੋਡਲ, ਕੋਸੀ ਕਲਾਂ, ਛਾਤਾ, ਅਝਈ, ਬ੍ਰਿਦਾਵਨ ਰੋਡ ਅਤੇ ਭੂਤੇਸ਼ਵਰ ਸਟੇਸ਼ਨ।

ਜਗ੍ਹਾਂ : ਸਮਾਨਯ।

### 04486 ਹ. ਨਿਜ਼ਾਮੁਦੀਨ - ਜੀਂਦ ਅਤੇ 04485 ਜੀਂਦ - ਤਿਲਕ ਬ੍ਰਿਜ ਅਣਰਿਜ਼ਰਵ ਸਪੈਸ਼ਲ ਰੇਲਗੱਡੀ

| ਗੱਡੀ ਨੰ: 04486 | | ਸਟੇਸ਼ਨ | ਗੱਡੀ ਨੰ: 04485 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| --- | 10:30 | ਹਜ਼ਰਤ ਨਿਜ਼ਾਮੁਦੀਨ | --- | ----- |
| 10:35 | 10:36 | ਤਿਲਕ ਬ੍ਰਿਜ | 17:40 | --- |
| 13:50 | --- | ਜੀਂਦ | --- | 14:00 |

ਚਲਨ ਦੇ ਦਿਨ : 04486 ਹ. ਨਿਜ਼ਾਮੁਦੀਨ ਤੋਂ ਅਤੇ 04485 ਜੀਂਦ ਤੋਂ ਮਿਤੀ 10.08.2025 ਨੂੰ।

ਠਹਿਰਾਵ : ਤਿਲਕ ਬ੍ਰਿਜ, ਸ਼ਿਵਾਜੀ ਬ੍ਰਿਜ, ਨਵੀਂ ਦਿੱਲੀ, ਦਿੱਲੀ ਕਿਸ਼ਨਗੰਜ, ਵਿਵੇਕਾਨੰਤ ਪੁਰੀ ਹਾਲਟ, ਦਯਾ ਬਸਤੀ, ਸ਼ਕੂਰ ਬਸਤੀ, ਮੰਗੋਲਪੁਰ, ਨਾਂਗਲੋਈ, ਮੁੰਡਕਾ, ਘੇਵਰਾ, ਬਹਾਦਰ ਗੜ੍ਹ, ਅਸੋਦਾ, ਰੋਹਦ ਨਗਰ, ਸਾਂਪਲਾ, ਈਸਮਾਇਲਾ ਹਰਿਆਣਾ, ਖਰਾਵਡ, ਅਸਥਲ ਬੋਹਰ ਜੰ:, ਰੋਹਤਕ, ਸਮਰ ਗੋਪਾਲ ਪੁਰ, ਕਰੈਂਥੀ, ਲਖਨ ਮਾਜਰਾ, ਕਿਲਾ ਜ਼ਫਰਗੜ੍ਹ, ਜੁਲਾਨਾ, ਜੈ ਜੈ ਵੰਨਤੀ, ਕਿਨਾਨਾ ਅਤੇ ਬਿਸ਼ਨਪੁਰਾ ਹਰਿਆਣਾ ਸਟੇਸ਼ਨ।

ਜਗ੍ਹਾਂ : ਸਮਾਨਯ।

### 04488 ਪਾਨੀਪਤ - ਦਿੱਲੀ ਅਤੇ ਅਤੇ 04487 ਦਿੱਲੀ - ਅੰਬਾਲਾ ਕੈਂਟ ਜੰ: ਅਣਰਿਜ਼ਰਵ ਸਪੈਸ਼ਲ ਰੇਲਗੱਡੀ

| ਗੱਡੀ ਨੰ: 04488 | | ਸਟੇਸ਼ਨ | ਗੱਡੀ ਨੰ: 04487 | |
|---|---|---|---|---|
| ਆਉਣਾ | ਜਾਣਾ | | | |
| --- | --- | ਅੰਬਾਲਾ ਕੈਂਟ ਜੰ: | 17:30 | --- |
| --- | 10:20 | ਪਾਨੀਪਤ | 15:36 | 15:37 |
| 13:10 | --- | ਦਿੱਲੀ ਜੰ: | --- | 13:30 |

ਚਲਨ ਦੇ ਦਿਨ : 04488 ਪਾਨੀਪਤ ਤੋਂ ਅਤੇ 04487 ਦਿੱਲੀ ਜੰ: ਤੋਂ ਮਿਤੀ 10.08.2025 ਨੂੰ।

ਠਹਿਰਾਵ : ਮੋਹਰੀ, ਸ਼ਾਹਬਾਦ, ਮਾਰਕੰਡਾ, ਢੋਲਾ ਮਾਜਰਾ, ਧੀਰਪੁਰ, ਢੋਡਾ ਖੇਡੀ, ਕੁਰਖਸ਼ੇਤ ਜ:, ਅਮੀਨ, ਨੀਲੋਖੇਡੀ, ਤਰਾਵਡੀ, ਭੈਨੀ ਖੁਰਦ, ਕਰਨਾਲ, ਬਜੀਦਾ ਜਟਾਂ, ਘਰੋਂਡਾ, ਕੋਹੰਡ, ਬਾਬਰਪੁਰ, ਪਾਨੀਪਤ, ਦਿਵਾਨਾ, ਸਮਾਲਖਾ, ਭੋਡਵਾਲ ਮਾਜਰੀ, ਗੰਨੌਰ, ਰਾਜਲੂ ਗੜ੍ਹੀ, ਸਾਂਦਲ ਕਲਾਂ, ਸੋਨੀਪਤ, ਹਰਸਾਨਾ ਕਲਾਂ, ਰਾਠਧਨਾ, ਨਰੇਲਾ, ਹੋਲੰਬੀ ਕਲਾਂ, ਖੇਡਾ ਕਲਾ, ਬਾਦਲੀ, ਆਦਰਸ਼ ਨਗਰ ਦਿੱਲੀ, ਦਿੱਲੀ ਆਜ਼ਾਦਪੁਰ ਅਤੇ ਸਬਜੀ ਮੰਡੀ ਸਟੇਸ਼ਨ।

ਜਗ੍ਹਾਂ : ਸਮਾਨਯ।

### 04490 ਅੰਬਾਲਾ ਕੈਂਟ ਜੰ: - ਪਾਨੀਪਤ ਅਣਰਿਜ਼ਰਵ ਸਪਸ਼ੈਲ ਰੇਲਗੱਡੀ

| ਸਟੇਸ਼ਨ | ਗੱਡੀ ਨੰ: 04490 | |
|---|---|---|
| | ਆਉਣਾ | ਜਾਣਾ |
| ਅੰਬਾਲਾ ਕੈਂਟ ਜੰ: | --- | 20:10 |
| ਪਾਨੀਪਤ | 22:30 | --- |

ਚਲਨ ਦੇ ਦਿਨ : 04490 ਅੰਬਾਲਾ ਕੈਂਟ ਤੋਂ ਮਿਤੀ 10.08.2025 ਨੂੰ।

ਠਹਿਰਾਵ : ਮੋਹਰੀ, ਸ਼ਾਹਬਾਦ ਮਾਰਕੰਡਾ, ਢੋਲਾ ਮਾਜਰਾ, ਧੀਰਪੁਰ, ਢੋਡਾ ਖੇਡੀ, ਕੁਰਖਸ਼ੇਤਰ ਜੰ:, ਅਮੀਨ, ਨੀਲੋਖੇਡਾ, ਤਰਵਡੀ ਭੈਨੀ ਖੁਰਦ, ਕਰਨਾਲ ਬਜੀਦਾ ਜਟਾਂ, ਘਰੋਂਡਾ, ਕੋਹੰਡ ਅਤੇ ਬਾਬਰਪੁਰ ਸਟੇਸ਼ਨ।

ਜਗ੍ਹਾਂ : ਸਮਾਨਯ।

### 04492/04491 ਗਾਜੀਅਜਬਾਦ - ਅਲੀਗੜ੍ਹ ਜੰ:- ਗਾਜੀਆਬਾਦ ਅਣਰਿਜ਼ਰਵ ਸਪੈਸ਼ਲ ਰੇਲਗੱਡੀ

| ਗੱਡੀ ਨੰ: 04492 | | ਸਟੇਸ਼ਨ | ਗੱਡੀ ਨੰ: 04491 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| --- | 11:00 | ਗਾਜੀਆਬਾਦ | 16:00 | --- |
| 13:00 | --- | ਅਲੀਗੜ੍ਹ ਜੰ: | --- | 13:30 |

ਚਲਨ ਦੇ ਦਿਨ : 04492 ਗਾਜੀਆਬਾਦ ਤੋਂ ਅਤੇ 04491 ਅਲੀਗੜ੍ਹ ਜੰ: ਮਿਤੀ 10.08.2025 ਨੂੰ।

ਠਹਿਰਾਵ : ਮਾਰੀਪਤ, ਦਾਦਰੀ, ਬੋਡਾਕੀ, ਅਜਾਯਬਪੁਰ, ਦਨਕੋਰ, ਚੋਲਾ, ਗੰਗਰੋਲ, ਸਿਕੰਦਰਪੁਰ, ਖੁਰਜਾ ਜੰ:, ਕਮਾਲਪੁਰ, ਡਾਂਵਰ, ਸੋਮਨਾ, ਕੁਲਵਾ ਅਤੇ ਮਹਰਾਵਲ ਸਟੇਸ਼ਨ।

ਜਗ੍ਹਾਂ : ਸਮਾਨਯ।

### 04493/04494 ਨਵੀਂ ਦਿੱਲੀ - ਰੇਵਾੜੀ - ਨਵੀਂ ਦਿੱਲੀ ਅਣਰਿਜ਼ਰਵ ਸਪੈਸ਼ਲ ਰੇਲਗੱਡੀ

| ਗੱਡੀ ਨੰ: 04493 | | ਸਟੇਸ਼ਨ | ਗੱਡੀ ਨੰ: 04494 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| --- | 10:20 | ਨਵੀਂ ਦਿੱਲੀ | 17:00 | --- |
| 12:30 | --- | ਰੇਵਾੜੀ | --- | 14:30 |

ਚਲਨ ਦੇ ਦਿਨ : 04493 ਨਵੀਂ ਦਿੱਲੀ ਤੋਂ ਅਤੇ 04494 ਰੇਵਾੜੀ ਮਿਤੀ 10.08.2025 ਨੂੰ।

ਠਹਿਰਾਵ : ਦਿੱਲੀ ਛਾਵਣੀ, ਪਾਲਮ, ਬਿਜਵਾਸਨ, ਗੁੜਗਾਂਵ, ਗੜ੍ਹੀ ਹਰਸਰੂ ਜੰ: ਅਤੇ ਪਟੌਦੀ ਰੋਡ ਸਟੇਸ਼ਨ

ਜਗ੍ਹਾਂ : ਸਮਾਨਯ।

### 04496/04495 ਸ਼ਾਮਲੀ - ਦਿੱਲੀ ਸ਼ਾਹਦਰਾ ਜੰ: - ਸ਼ਾਮਲੀ ਅਣਰਿਜ਼ਰਵ ਸਪੈਸ਼ਲ ਰੇਲਗੱਡੀ

| ਗੱਡੀ ਨੰ: 04496 | | ਸਟੇਸ਼ਨ | ਗੱਡੀ ਨੰ: 04495 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| --- | 08:30 | ਸ਼ਾਮਲੀ | 14:05 | --- |
| 10:40 | --- | ਦਿੱਲੀ ਸ਼ਾਹਦਰਾ ਜੰ: | --- | 11:40 |

ਚਲਨ ਦੇ ਦਿਨ : 04496 ਸ਼ਾਮਲੀ ਤੋਂ ਅਤੇ 04497 ਦਿੱਲੀ ਸ਼ਾਹਦਰਾ ਜੰ: ਤੋਂ ਮਿਤੀ 10.08.2025 ਨੂੰ।

ਠਹਿਰਾਵ : ਕਾਂਧਲਾ, ਕਾਸਿਮਪੁਰ ਖੇੜੀ, ਬੜੌਤ, ਬਾਗਪਤ ਰੋਡ, ਖੇਕੜਾ, ਨੋਲੀ ਅਤੇ ਗੋਕੁਲਪੁਰ ਸਬੋਲੀ ਹਾਲਟ ਸਟੇਸ਼ਨ

ਜਗ੍ਹਾਂ : ਸਮਾਨਯ।

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੀ ਵੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ: 139 ਉਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੈੱਬਸਾਈਟ https://enquiry.indianrail.gov.in ਜਾਂ NTES ਏਪ ਦੇਖੋ।

ਉਤੇ ਸਾਨੂੰ ਫਾਲੋ ਕਰੋ

**ਉੱਤਰ ਰੇਲਵੇ**
ਤੁਹਾਡੀ ਸੁਵਿਧਾ - ਸਾਡਾ ਸ਼੍ਰੇਯ
ਸਾਨੂੰ www.nr.indianrailways.gov.in ਉਤੇ ਮਿਲੋ
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਚੋਣ ਕਮਿਸ਼ਨ ਇਲੈਕਟ੍ਰਾਨਿਕ ਡੇਟਾ ਦੇਵੇ, ਸਾਬਤ ਕਰ ਦੇਵਾਂਗੇ ਕਿ ਮੋਦੀ 'ਵੋਟ ਚੋਰੀ' ਕਰਕੇ ਪ੍ਰਧਾਨ ਮੰਤਰੀ ਬਣੇ: ਰਾਹੁਲ

**ਸਾਬਕਾ ਕਾਂਗਰਸ ਪ੍ਰਧਾਨ ਨੇ ਬੰਗਲੂਰੂ ਦੇ 'ਫ੍ਰੀਡਮ ਪਾਰਕ' ਵਿਚ ਕੀਤੀ ਰੈਲੀ 'ਚ ਮੁੜ ਭਾਜਪਾ ਤੇ ਚੋਣ ਕਮਿਸ਼ਨ ਨੂੰ ਘੇਰਿਆ; ਰੈਲੀ 'ਚ ਖੜਗੇ, ਮੁੱਖ ਮੰਤਰੀ ਸਿੱਧਾਰਮੱਈਆ ਤੇ ਉਪ ਮੁੱਖ ਮੰਤਰੀ ਸ਼ਿਵਕੁਮਾਰ ਸਣੇ ਹੋਰ ਆਗੂ ਹੋਏ ਸ਼ਾਮਲ**

ਬੰਗਲੂਰੂ, 9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-



ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਵੋਟਰ ਸੂਚੀਆਂ ਵਿਚ ਕਥਿਤ ਹੇਰਾਫੇਰੀ ਦੇ ਮੁੱਦੇ 'ਤੇ ਸ਼ੁੱਕਰਵਾਰ ਨੂੰ ਦਾਅਵਾ ਕੀਤਾ ਕਿ ਜੇਕਰ ਚੋਣ ਕਮਿਸ਼ਨ ਇਲੈਕਟ੍ਰਾਨਿਕ ਡੇਟਾ ਮੁਹੱਈਆ ਕਰਵਾ ਦੇਵੇ ਤਾਂ ਕਾਂਗਰਸ ਇਹ ਸਾਬਤ ਕਰ ਦੇਵੇਗੀ ਨਰਿੰਦਰ ਮੋਦੀ 'ਵੋਟ ਚੋਰੀ' ਕਰਕੇ ਦੇਸ਼ ਦੇ ਪ੍ਰਧਾਨ ਮੰਤਰੀ ਬਣੇ ਹਨ। ਰਾਹੁਲ ਗਾਂਧੀ ਨੇ ਵੋਟ ਚੋਰੀ ਦੇ ਆਪਣੇ ਦੋਸ਼ਾਂ ਨੂੰ ਦੁਹਰਾਇਆ ਅਤੇ ਚੋਣ ਕਮਿਸ਼ਨ ਵੱਲੋਂ ਉਨ੍ਹਾਂ ਤੋਂ ਸਹੁੰ ਚੁੱਕ ਕੇ ਹਲਫ਼ਨਾਮਾ ਮੰਗਣ ਦੀ ਆਲੋਚਨਾ ਕੀਤੀ। ਗਾਂਧੀ ਨੇ ਦੋਸ਼ ਲਗਾਇਆ ਕਿ ਚੋਣ ਕਮਿਸ਼ਨ ਅਤੇ ਭਾਜਪਾ ਨੇ ਲੋਕ ਸਭਾ ਚੋਣਾਂ ਵਿਚ ਲੋਕਾਂ ਦੀਆਂ ਵੋਟਾਂ ਚੋਰੀ ਕਰਨ ਲਈ ਕਥਿਤ ਮਿਲੀਭੁਗਤ ਕੀਤੀ। ਉਨ੍ਹਾਂ ਕਿਹਾ, "ਚੋਣ ਕਮਿਸ਼ਨ ਮੈਨੂੰ ਸਹੁੰ ਚੁੱਕ ਕੇ ਜਾਣਕਾਰੀ ਦੇਣ ਲਈ ਕਹਿੰਦਾ ਹੈ। ਮੈਂ ਸੰਸਦ ਦੇ ਅੰਦਰ ਸੰਵਿਧਾਨ ਨੂੰ ਫੜ ਕੇ ਸਹੁੰ ਚੁੱਕੀ ਹੈ।" ਉਨ੍ਹਾਂ ਦੋਸ਼ ਲਗਾਇਆ ਕਿ ਅੱਜ ਜਦੋਂ ਲੋਕ ਉਨ੍ਹਾਂ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਦੇ ਆਧਾਰ 'ਤੇ ਚੋਣ ਕਮਿਸ਼ਨ ਉੱਤੇ ਸਵਾਲ ਉਠਾ ਰਹੇ ਹਨ, ਤਾਂ ਚੋਣ ਕਮਿਸ਼ਨ ਨੇ ਆਪਣੀ ਵੈੱਬਸਾਈਟ ਹੀ ਬੰਦ ਕਰ ਦਿੱਤੀ ਹੈ। ਗਾਂਧੀ ਨੇ ਦੋਸ਼ ਲਗਾਇਆ ਕਿ ਮੱਧ ਪ੍ਰਦੇਸ਼, ਰਾਜਸਥਾਨ ਅਤੇ ਬਿਹਾਰ ਵਿੱਚ ਚੋਣ ਕਮਿਸ਼ਨ ਦੀਆਂ ਵੈੱਬਸਾਈਟਾਂ ਬੰਦ ਕਰ ਦਿੱਤੀਆਂ ਗਈਆਂ ਹਨ ਕਿਉਂਕਿ ਉਹ ਜਾਣਦੇ ਸਨ ਕਿ ਜੇਕਰ ਲੋਕ ਇਨ੍ਹਾਂ ਅੰਕੜਿਆਂ ਦੇ ਆਧਾਰ 'ਤੇ ਸਵਾਲ ਪੁੱਛਣੇ ਸ਼ੁਰੂ ਕਰ ਦਿੱਤੇ ਤਾਂ ਉਨ੍ਹਾਂ ਦਾ ਪੂਰਾ ਢਾਂਚਾ ਢਹਿ ਜਾਵੇਗਾ।

ਰਾਹੁਲ ਗਾਂਧੀ ਨੇ ਬੰਗਲੂਰ ਦੇ ਫ੍ਰੀਡਮ ਪਾਰਕ ਵਿਚ 'ਵੋਟ ਅਧਿਕਾਰ ਰੈਲੀ' ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਲਈ ਜ਼ਿੰਮੇਵਾਰ ਅਧਿਕਾਰੀਆਂ ਨੂੰ ਇਕ ਦਿਨ ਫੜਿਆ ਜਾਵੇਗਾ ਕਿਉਂਕਿ ਇਹ ਅਪਰਾਧਿਕ ਕਾਰਵਾਈ ਹੈ। ਸਾਬਕਾ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਕਰਨਾਟਕ ਸਰਕਾਰ ਨੂੰ ਇਸ ਦੀ ਜਾਂਚ ਕਰਕੇ ਜ਼ਿੰਮੇਵਾਰ ਲੋਕਾਂ ਖਿਲਾਫ਼ ਕਾਰਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ, "ਸੰਵਿਧਾਨ ਹਰੇਕ ਨਾਗਰਿਕ ਨੂੰ ਇਕ ਵੋਟ ਦਾ ਅਧਿਕਾਰ ਦਿੰਦਾ ਹੈ, ਜਿਸ 'ਤੇ ਚੋਣ ਕਮਿਸ਼ਨ ਤੇ ਉਸ ਦੇ ਅਧਿਕਾਰੀ ਹਮਲਾ ਕਰ ਰਹੇ ਹਨ। ਜੋ ਅਧਿਕਾਰੀ ਅਜਿਹਾ ਕਰ ਰਹੇ ਹਨ, ਉਹ ਨਹੀਂ ਬਚਣਗੇ। ਸਮਾਂ ਲੱਗੇਗਾ, ਪਰ ਅਸੀਂ ਉਨ੍ਹਾਂ ਨੂੰ ਫੜਾਂਗੇ।"

ਰਾਹੁਲ ਗਾਂਧੀ ਨੇ ਕਿਹਾ, "ਸਾਡੀ ਮੰਗ ਹੈ ਕਿ ਚੋਣ ਕਮਿਸ਼ਨ ਪੂਰੇ ਦੇਸ਼ ਦੀ ਵੋਟਰ ਸੂਚੀ ਡਿਜੀਟਲ ਫਾਰਮੈਟ ਵਿਚ ਪ੍ਰਦਾਨ ਕਰੇ ਤੇ ਸੀਸੀਟੀਵੀ ਫੁਟੇਜ ਦੇਵੇ। ਜੇਕਰ ਸਾਨੂੰ ਇਹ ਮਿਲਦੀ ਹੈ ਤਾਂ ਅਸੀਂ ਇਹ ਸਾਬਤ ਕਰ ਦੇਵਾਂਗੇ ਕਿ ਵੋਟ ਚੋਰੀ ਸਿਰਫ਼ ਕਰਨਾਟਕ ਵਿਚ ਨਹੀਂ ਬਲਕਿ ਪੂਰੇ ਹਿੰਦੁਸਤਾਨ ਵਿਚ ਕੀਤੀ ਗਈ ਹੈ।" ਉਨ੍ਹਾਂ ਦਾਅਵਾ ਕੀਤਾ ਕਿ ਜੇਕਰ ਇਲੈਕਟ੍ਰਾਨਿਕ ਡੇਟਾ ਮਿਲ ਜਾਵੇ ਤਾਂ ਇਹ ਸਾਬਤ ਕਰ ਦੇਵਾਂਗੇ ਪ੍ਰਧਾਨ ਮੰਤਰੀ ਵੋਟ ਦੀ ਚੋਰੀ ਕਰਕੇ ਇਸ ਅਹੁਦੇ 'ਤੇ ਆਏ ਹਨ। ਰਾਹੁਲ ਗਾਂਧੀ ਨੇ ਦੁਹਰਾਇਆ ਕਿ ਸਿਰਫ਼ 25 ਸੀਟਾਂ ਕਰਕੇ ਅੱਜ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਬਿਰਾਜਮਾਨ ਹਨ। ਬੰਗਲੂਰੂ ਦੇ 'ਫ੍ਰੀਡਮ ਪਾਰਕ' ਵਿਚ ਹੋਈ ਰੈਲੀ ਵਿੱਚ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ, ਕਰਨਾਟਕ ਦੇ ਮੁੱਖ ਮੰਤਰੀ ਸਿੱਧਾਰਮੱਈਆ, ਉਪ ਮੁੱਖ ਮੰਤਰੀ ਡੀਕੇ ਸ਼ਿਵਕੁਮਾਰ, ਕਾਂਗਰਸ ਦੇ ਕਰਨਾਟਕ ਇੰਚਾਰਜ ਰਣਦੀਪ ਸੁਰਜੇਵਾਲਾ, ਰਾਜ ਸਰਕਾਰ ਦੇ ਮੰਤਰੀ, ਸੰਸਦ ਮੈਂਬਰ, ਵਿਧਾਇਕ ਅਤੇ ਹੋਰ ਬਹੁਤ ਸਾਰੇ ਆਗੂ ਸ਼ਾਮਲ ਹੋਏ। ਇਸ ਰੈਲੀ ਤੋਂ ਇੱਕ ਦਿਨ ਪਹਿਲਾਂ, ਸਾਬਕਾ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਬੰਗਲੂਰੂ ਦੇ ਮਹਾਦੇਵਪੁਰਾ ਵਿਧਾਨ ਸਭਾ ਹਲਕੇ ਦਾ ਡੇਟਾ ਪੇਸ਼ ਕੀਤਾ ਅਤੇ ਦੋਸ਼ ਲਗਾਇਆ ਕਿ ਵੋਟਰ ਸੂਚੀ ਵਿੱਚ ਹੇਰਾਫੇਰੀ ਕਰਕੇ 'ਵੋਟ ਚੋਰੀ' ਦਾ ਮਾਡਲ ਭਾਜਪਾ ਨੂੰ ਫਾਇਦਾ ਪਹੁੰਚਾਉਣ ਲਈ ਲਾਗੂ ਕੀਤਾ ਗਿਆ ਹੈ। ਉਨ੍ਹਾਂ ਦਾਅਵਾ ਕੀਤਾ ਸੀ ਕਿ ਇਹ ਸਭ ਭਾਜਪਾ ਅਤੇ ਚੋਣ ਕਮਿਸ਼ਨ ਦੀ ਮਿਲੀਭੁਗਤ ਨਾਲ ਹੋ ਰਿਹਾ ਹੈ ਅਤੇ ਇਹ ਸੰਵਿਧਾਨ ਦੇ ਵਿਰੁੱਧ ਅਪਰਾਧ ਹੈ। ਉਨ੍ਹਾਂ ਵੀਰਵਾਰ ਨੂੰ ਦਿੱਲੀ ਵਿੱਚ ਪੱਤਰਕਾਰ ਸੰਮੇਲਨ ਵਿੱਚ ਵੋਟਰ ਸੂਚੀ ਦਾ ਡੇਟਾ ਪੇਸ਼ ਕੀਤਾ ਸੀ। ਰਾਹੁਲ ਗਾਂਧੀ ਨੇ ਕਿਹਾ ਸੀ ਕਿ ਬੰਗਲੂਰੂ 'ਕੇਂਦਰੀ ਲੋਕ ਸਭਾ ਸੀਟ ਦੇ ਮਹਾਦੇਵਪੁਰਾ ਵਿਧਾਨ ਸਭਾ ਹਲਕੇ ਵਿੱਚ 1,00,250 ਵੋਟਾਂ ਚੋਰੀ ਹੋਈਆਂ ਸਨ, ਜਦੋਂ ਕਿ ਇਹ ਸੀਟ ਭਾਜਪਾ ਨੇ ਪਿਛਲੀਆਂ ਲੋਕ ਸਭਾ ਚੋਣਾਂ ਵਿੱਚ 32,707 ਵੋਟਾਂ ਦੇ ਫਰਕ ਨਾਲ ਜਿੱਤੀ ਸੀ।

# ਟੈਕਸ ਵਿਵਾਦ ਦੇ ਹੱਲ ਤੱਕ ਭਾਰਤ ਨਾਲ ਕੋਈ ਵਪਾਰਕ ਗੱਲਬਾਤ ਨਹੀਂ ਹੋਵੇਗੀ: ਟਰੰਪ

ਵਾਸ਼ਿੰਗਟਨ, 9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਟੈਕਸ ਵਿਵਾਦ ਦਾ ਹੱਲ ਹੋਣ ਤੱਕ ਭਾਰਤ ਨਾਲ ਕੋਈ ਵਪਾਰਕ ਗੱਲਬਾਤ ਨਹੀਂ ਹੋਵੇਗੀ। ਇਹ ਬਿਆਨ ਉਨ੍ਹਾਂ ਦੇ ਪ੍ਰਸ਼ਾਸਨ ਵੱਲੋਂ ਭਾਰਤੀ ਦਰਾਮਦਾਂ 'ਤੇ ਟੈਕਸ ਦੁੱਗਣੇ ਕਰਨ ਦੇ ਫੈਸਲੇ ਤੋਂ ਬਾਅਦ ਆਇਆ ਹੈ। ਜਦੋਂ ਓਵਲ ਆਫਿਸ ਵਿੱਚ ਖ਼ਬਰ ਏਜੰਸੀ ਏਐੱਨਆਈ ਵੱਲੋਂ ਇਹ ਪੁੱਛਿਆ ਗਿਆ ਕਿ ਕੀ ਉਹ 50 ਫੀਸਦੀ ਦੇ ਨਵੇਂ ਟੈਕਸ ਦੇ ਮੱਦੇਨਜ਼ਰ ਗੱਲਬਾਤ ਮੁੜ ਸ਼ੁਰੂ ਹੋਣ ਦੀ ਉਮੀਦ ਕਰਦੇ ਹਨ, ਤਾਂ ਉਨ੍ਹਾਂ ਨੇ ਜਵਾਬ ਦਿੱਤਾ, "ਨਹੀਂ, ਜਦੋਂ ਤੱਕ ਅਸੀਂ ਇਸਨੂੰ ਹੱਲ ਨਹੀਂ ਕਰ ਲੈਂਦੇ।"

ਬੁੱਧਵਾਰ ਨੂੰ ਵ੍ਹਾਈਟ ਹਾਊਸ ਨੇ ਇੱਕ ਕਾਰਜਕਾਰੀ ਹੁਕਮ ਜਾਰੀ ਕੀਤਾ ਜਿਸ ਵਿੱਚ ਭਾਰਤੀ ਵਸਤਾਂ 'ਤੇ ਵਾਧੂ 25 ਫੀਸਦੀ ਟੈਕਸ ਲਗਾਇਆ ਗਿਆ, ਜਿਸ ਨਾਲ ਕੁੱਲ ਟੈਕਸ 50 ਫੀਸਦੀ ਹੋ ਜਾਵੇਗਾ। ਇਸ ਦੌਰਾਨ ਪ੍ਰਸ਼ਾਸਨ ਨੇ ਰਾਸ਼ਟਰੀ ਸੁਰੱਖਿਆ ਅਤੇ ਵਿਦੇਸ਼ ਨੀਤੀ ਦੀਆਂ ਚਿੰਤਾਵਾਂ ਦਾ ਹਵਾਲਾ ਦਿੱਤਾ, ਖਾਸ ਤੌਰ 'ਤੇ ਭਾਰਤ ਵੱਲੋਂ ਰੂਸੀ ਤੇਲ



ਦੀ ਲਗਾਤਾਰ ਦਰਾਮਦ ਦਾ ਜ਼ਿਕਰ ਵੀ ਕੀਤਾ।

ਹੁਕਮ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਇਹ ਦਰਾਮਦ, ਚਾਹੇ ਸਿੱਧੀ ਹੋਵੇ ਜਾਂ ਵਿਚੋਲਿਆਂ ਰਾਹੀਂ ਅਮਰੀਕਾ ਲਈ ਇੱਕ ਅਸਾਧਾਰਨ ਅਤੇ ਵਿਸ਼ੇਸ਼ ਖਤਰਾ ਪੈਦਾ ਕਰਦੀਆਂ ਹਨ ਅਤੇ ਐਮਰਜੈਂਸੀ ਆਰਥਿਕ ਉਪਾਵਾਂ ਨੂੰ ਜਾਇਜ਼ ਠਹਿਰਾਉਂਦੀਆਂ ਹਨ। ਅਮਰੀਕੀ ਅਧਿਕਾਰੀਆਂ ਅਨੁਸਾਰ ਸ਼ੁਰੂਆਤੀ 25 ਫੀਸਦੀ ਟੈਕਸ 7 ਅਗਸਤ ਨੂੰ ਲਾਗੂ ਹੋ ਗਿਆ ਸੀ। ਵਾਧੂ ਟੈਕਸ 21 ਦਿਨਾਂ ਵਿੱਚ ਲਾਗੂ ਹੋ ਜਾਵੇਗਾ ਅਤੇ ਅਮਰੀਕੀ ਬੰਦਰਗਾਹਾਂ ਵਿੱਚ ਦਾਖਲ ਹੋਣ ਵਾਲੀਆਂ ਸਾਰੀਆਂ ਭਾਰਤੀ ਵਸਤਾਂ 'ਤੇ ਲਾਗੂ ਹੋਵੇਗਾ, ਜਿਨ੍ਹਾਂ ਵਿੱਚ ਪਹਿਲਾਂ ਤੋਂ ਟ੍ਰਾਂਜ਼ਿਟ ਵਿੱਚ ਵਸਤਾਂ ਅਤੇ ਕੁਝ ਛੋਟ ਵਾਲੀਆਂ ਸ਼੍ਰੇਣੀਆਂ ਨੂੰ ਛੋਟ ਦਿੱਤੀ ਜਾਵੇਗੀ।

ਹੁਕਮ ਰਾਸ਼ਟਰਪਤੀ ਨੂੰ ਬਦਲਦੇ ਭੂ-ਰਾਜਨੀਤਿਕ ਹਾਲਾਤਾਂ ਜਾਂ ਭਾਰਤ ਜਾਂ ਹੋਰ ਦੇਸ਼ਾਂ ਵੱਲੋਂ ਬਦਲੇ ਦੀ ਕਾਰਵਾਈ ਦੇ ਅਧਾਰ 'ਤੇ ਉਪਾਵਾਂ ਨੂੰ ਸੋਧਣ ਦੀ ਲਚਕਤਾ ਵੀ ਪ੍ਰਦਾਨ ਕਰਦਾ ਹੈ।

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਵੀਂ ਦਿੱਲੀ ਵਿੱਚ ਐੱਮਐੱਸ ਸਵਾਮੀਨਾਥਨ ਸ਼ਤਾਬਦੀ ਅੰਤਰਰਾਸ਼ਟਰੀ ਕਾਨਫਰੰਸ ਵਿੱਚ ਇੱਕ ਭਾਸ਼ਣ ਦੌਰਾਨ ਸਖ਼ਤ ਜਵਾਬ ਦਿੱਤਾ, ਜਿਸ ਵਿੱਚ ਸੰਕੇਤ ਦਿੱਤਾ ਗਿਆ ਕਿ ਨਵੀਂ ਦਿੱਲੀ ਆਰਥਿਕ ਦਬਾਅ ਦੇ ਸਾਹਮਣੇ ਪਿੱਛੇ ਨਹੀਂ ਹਟੇਗੀ।

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, "ਸਾਡੇ ਲਈ, ਸਾਡੇ ਕਿਸਾਨਾਂ ਦਾ ਹਿੱਤ ਸਾਡੀ ਸਭ ਤੋਂ ਵੱਡੀ ਤਰਜੀਹ ਹੈ। ਭਾਰਤ ਕਦੇ ਵੀ ਕਿਸਾਨਾਂ, ਮਛੇਰਿਆਂ ਅਤੇ ਡੇਅਰੀ ਕਿਸਾਨਾਂ ਦੇ ਹਿੱਤਾਂ 'ਤੇ ਸਮਝੌਤਾ ਨਹੀਂ ਕਰੇਗਾ। ਮੈਨੂੰ ਪਤਾ ਹੈ ਕਿ ਸਾਨੂੰ ਇਸ ਲਈ ਭਾਰੀ ਕੀਮਤ ਚੁਕਾਉਣੀ ਪਵੇਗੀ, ਅਤੇ ਮੈਂ ਇਸਦੇ ਲਈ ਤਿਆਰ ਹਾਂ। ਭਾਰਤ ਤਿਆਰ ਹੈ।"

# ਹਾਈ ਕੋਰਟ ਦੇ ਜੱਜ ਨੂੰ ਫ਼ੌਜਦਾਰੀ ਸੁਣਵਾਈ ਤੋਂ ਰੋਕਣ ਵਾਲੇ ਹੁਕਮ ਸੁਪਰੀਮ ਕੋਰਟ ਨੇ ਵਾਪਸ ਲਏ

ਨਵੀਂ ਦਿੱਲੀ, 9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸੁਪਰੀਮ ਕੋਰਟ ਨੇ ਅਲਾਹਾਬਾਦ ਹਾਈ ਕੋਰਟ ਦੇ ਜਸਟਿਸ ਪ੍ਰਸ਼ਾਂਤ ਕੁਮਾਰ ਉਤੇ 'ਜੱਜ ਵਜੋਂ ਅਹੁਦਾ ਛੱਡਣ ਤੱਕ' ਫ਼ੌਜਦਾਰੀ ਮਾਮਲਿਆਂ ਦੀ ਸੁਣਵਾਈ ਕਰਨ 'ਤੇ ਲਾਈ ਰੋਕ ਅਤੇ ਉਨ੍ਹਾਂ ਨੂੰ ਇੱਕ ਤਜਰਬੇਕਾਰ ਸੀਨੀਅਰ ਜੱਜ ਨਾਲ ਬੈਠਣ ਦੀ ਹਦਾਇਤ ਦੇਣ ਵਾਲੇ ਆਪਣੇ ਬੇਮਿਸਾਲ ਹੁਕਮਾਂ ਨੂੰ ਸ਼ੁੱਕਰਵਾਰ ਨੂੰ ਵਾਪਸ ਲੈ ਲਿਆ ਹੈ। ਇਹ ਵਿਵਾਦਮਈ ਹੁਕਮ ਜਸਟਿਸ ਜੇਬੀ ਪਾਰਦੀਵਾਲਾ ਅਤੇ ਜਸਟਿਸ ਆਰ ਮਹਾਦੇਵਨ ਦੇ ਬੈਂਚ ਨੇ ਬੀਤੀ 4 ਅਗਸਤ ਨੂੰ ਜਾਰੀ ਕੀਤੇ ਸਨ।

ਜਸਟਿਸ ਪਾਰਦੀਵਾਲਾ ਦੀ ਅਗਵਾਈ ਵਾਲੇ ਬੈਂਚ ਨੇ ਮਾਮਲੇ ਦੀ



ਦੁਬਾਰਾ ਸੁਣਵਾਈ ਕੀਤੀ ਅਤੇ ਭਾਰਤ ਦੇ ਚੀਫ਼ ਜਸਟਿਸ ਬੀਆਰ ਗਵਈ ਵੱਲੋਂ ਕੀਤੀ ਲਿਖਤੀ ਬੇਨਤੀ ਦੇ ਮੱਦੇਨਜ਼ਰ ਹੁਕਮਾਂ ਨੂੰ ਵਾਪਸ ਲੈ ਲਿਆ। CJI ਗਵਈ ਨੇ ਜਸਟਿਸ ਕੁਮਾਰ ਵਿਰੁੱਧ ਸੁਪਰੀਮ ਕੋਰਟ ਦੀਆਂ ਹਦਾਇਤਾਂ ਅਤੇ ਸਖ਼ਤੀਆਂ 'ਤੇ ਮੁੜ ਵਿਚਾਰ ਕਰਨ ਦੀ ਬੇਨਤੀ ਕਰਨ ਵਾਲਾ ਪੱਤਰ ਬੈਂਚ ਨੂੰ ਭੇਜਿਆ ਸੀ।

ਜਸਟਿਸ ਪਾਰਦੀਵਾਲਾ ਨੇ ਤਾਜ਼ਾ ਹੁਕਮ ਸੁਣਾਉਂਦਿਆਂ ਕਿਹਾ, ਕਿਉਂਕਿ ਸੀਜੇਆਈ ਵੱਲੋਂ ਬੇਨਤੀ ਕੀਤੀ ਗਈ ਹੈ, ਇਸ ਲਈ ਅਸੀਂ ਇੱਥੇ ਆਪਣੇ 4 ਅਗਸਤ ਦੇ ਹੁਕਮਾਂ ਤੋਂ ਪੈਰਾ 25 ਅਤੇ 26 ਨੂੰ ਮਿਟਾ ਦਿੰਦੇ ਹਾਂ। ਜਦੋਂ ਕਿ ਅਸੀਂ ਇਸ ਨੂੰ ਮਿਟਾ ਰਹੇ ਹਾਂ, ਤਾਂ ਅਸੀਂ ਇਹ ਗੱਲ ਹਾਈ ਕੋਰਟ ਦੇ ਚੀਫ ਜਸਟਿਸ 'ਤੇ ਛੱਡ ਦਿੰਦੇ ਹਾਂ ਕਿ ਉਹ ਹੁਣ ਇਸ ਮਾਮਲੇ ਦੀ ਜਾਂਚ ਕਰਨ। ਅਸੀਂ ਪੂਰੀ ਤਰ੍ਹਾਂ ਮੰਨਦੇ ਹਾਂ ਕਿ ਹਾਈ ਕੋਰਟ ਦੇ ਚੀਫ ਜਸਟਿਸ ਰੋਸਟਰ ਦੇ ਮਾਲਕ ਹਨ।

# ਮੁੱਖ ਮੰਤਰੀ ਮਾਨ ਅਤੇ ਅਰਵਿੰਦ ਕੇਜਰੀਵਾਲ ਵੱਲੋਂ ਪੰਜਾਬ ਵਿੱਚ ਉਦਯੋਗਿਕ ਕ੍ਰਾਂਤੀ ਲਿਆਉਣ ਲਈ ਸੈਕਟਰ ਅਧਾਰਿਤ 24 ਕਮੇਟੀਆਂ ਦੀ ਸ਼ੁਰੂਆਤ

**➢ ਪੰਜਾਬ ਦੇ ਉਦਯੋਗਿਕ ਭਵਿੱਖ ਦਾ ਨਕਸ਼ਾ ਪੰਜਾਬ ਦੇ ਉਦਯੋਗਪਤੀ ਘੜਨਗੇ ➢ ਪੰਜਾਬ ਵਿੱਚ ਸਾਲ 2022 ਤੋਂ ਪਹਿਲਾਂ ਜਬਰੀ ਵਸੂਲੀ ਦਾ ਦੌਰ ਸੀ ਜਿਸ ਨਾਲ ਵੱਡੇ ਪੱਧਰ 'ਤੇ ਉਦਯੋਗ ਨੇ ਹਿਜਰਤ ਕੀਤੀ**

ਚੰਡੀਗੜ੍ਹ, 9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਅੱਜ ਸਨਅਤੀ ਵਿਕਾਸ ਲਈ ਵੱਖ-ਵੱਖ ਸੈਕਟਰਾਂ 'ਤੇ ਅਧਾਰਿਤ 24 ਕਮੇਟੀਆਂ ਦੀ ਸ਼ੁਰੂਆਤ ਕਰਦਿਆਂ ਕਿਹਾ ਕਿ ਇਹ ਕਮੇਟੀਆਂ ਪੰਜਾਬ ਨੂੰ ਉਦਯੋਗ ਤੇ ਵਪਾਰ ਦਾ ਧੁਰਾ ਬਣਾਉਣ ਲਈ ਇਨਕਲਾਬੀ ਕਦਮ ਸਾਬਤ ਹੋਣਗੀਆਂ।




ਅੱਜ ਇੱਥੇ ਦੇਸ਼ ਭਰ ਵਿੱਚ ਆਪਣੀ ਕਿਸਮ ਦੀ ਨਿਵੇਕਲੀ ਸ਼ੁਰੂਆਤ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਆਪ ਦੇ ਕੌਮੀ ਕਨਵੀਨਰ ਨੇ ਇਸ ਸ਼ੁਰੂਆਤ ਨੂੰ ਪੰਜਾਬ ਲਈ ਇਤਿਹਾਸਕ ਦਿਨ ਦੱਸਿਆ। ਉਨ੍ਹਾਂ ਕਿਹਾ ਕਿ ਸਾਲ 2022 ਤੋਂ ਪਹਿਲਾਂ ਪੰਜਾਬ ਵਿੱਚ ਜਬਰੀ ਵਸੂਲੀ ਦਾ ਦੌਰ ਸੀ ਜਦੋਂ ਸਿਆਸੀ ਲੀਡਰਾਂ ਵੱਲੋਂ ਕਾਰੋਬਾਰ ਵਿੱਚ ਹਿੱਸਾ ਪਾਉਣ ਲਈ ਉਦਯੋਗਪਤੀਆਂ ਦੀ ਬਾਂਹ ਮਰੋੜੀ ਜਾਂਦੀ ਸੀ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਸ ਧੱਕੇਸ਼ਾਹੀ ਤੋਂ ਅੱਕ ਕੇ ਉਦਯੋਗਪਤੀ ਦੂਜੇ ਸੂਬਿਆਂ ਵੱਲ ਹਿਜਰਤ ਕਰ ਗਏ ਅਤੇ ਪੰਜਾਬ ਨੂੰ ਗੰਭੀਰ ਸੰਕਟ ਵਿੱਚ ਫਸਾ ਦਿੱਤਾ ਜਿਸ ਨਾਲ ਸਾਡੇ ਨੌਜਵਾਨ ਨਸ਼ਿਆਂ ਦੀ ਲਪੇਟ ਵਿੱਚ ਆ ਗਏ।

ਸਾਲ 2022 ਤੋਂ ਬਾਅਦ ਸਨਅਤੀ ਖੇਤਰ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਆਪ ਦੇ ਕੌਮੀ ਕਨਵੀਨਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਉਦਯੋਗਿਕ ਸੈਕਟਰ ਨੂੰ ਮੁੜ ਪੈਰਾਂ 'ਤੇ ਖੜ੍ਹਾ ਕਰਨ ਅਤੇ ਬੁਲੰਦੀਆਂ ਤੇ ਲਿਜਾਣ ਲਈ ਕ੍ਰਾਂਤੀਕਾਰੀ ਕਦਮ ਚੁੱਕੇ ਹਨ। ਉਨ੍ਹਾਂ ਨੇ 'ਫਾਸਟ ਟਰੈਕ ਪੰਜਾਬ' ਪੋਰਟਲ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਭਾਰਤ ਦਾ ਸਭ ਤੋਂ ਆਧੁਨਿਕ ਸਿੰਗਲ ਵਿੰਡੋ ਸਿਸਟਮ ਹੈ ਜਿਸ ਵਿੱਚ 150 ਤੋਂ ਵੱਧ ਵਪਾਰਕ ਸੇਵਾਵਾਂ ਮਿਲਦੀਆਂ ਹਨ। ਉਨ੍ਹਾਂ ਕਿਹਾ ਕਿ ਸਭ ਤੋਂ ਖਾਸ ਗੱਲ ਹੈ ਕਿ ਆਫਲਾਈਨ ਅਰਜ਼ੀ ਦੀ ਜ਼ਰੂਰਤ ਹੀ ਖਤਮ ਕਰ ਦਿੱਤੀ ਗਈ ਹੈ।

ਅਰਵਿੰਦ ਕੇਜਰੀਵਾਲ ਨੇ ਅੱਗੇ ਕਿਹਾ ਕਿ 'ਪੰਜਾਬ ਵਪਾਰ ਦਾ ਅਧਿਕਾਰ ਐਕਟ' ਦੇ ਤਹਿਤ 125 ਕਰੋੜ ਰੁਪਏ ਤੱਕ ਦੇ ਨਿਵੇਸ਼ ਵਾਲੇ ਯੂਨਿਟਾਂ ਨੂੰ ਤਿੰਨ ਦਿਨਾਂ ਵਿੱਚ ਸਿਧਾਂਤਕ ਪ੍ਰਵਾਨਗੀ ਦੇ ਦਿੱਤੀ ਜਾਂਦੀ ਹੈ। ਆਪ ਦੇ ਕੌਮੀ ਕਨਵੀਨਰ ਨੇ ਕਿਹਾ ਕਿ ਸੂਬੇ ਸਰਕਾਰ ਨੇ ਉਦਯੋਗਿਕ ਖੇਤਰ ਵਿੱਚ ਹੋਰ ਵੀ ਵੱਡੇ ਸੁਧਾਰ ਕੀਤੇ ਹਨ। ਉਨ੍ਹਾਂ ਕਿਹਾ ਕਿ ਕਲਰ ਕੋਡਿੰਗ ਸਟੈਂਪ ਪੇਪਰ ਲਾਗੂ ਕੀਤਾ, ਪ੍ਰਸਤਾਵ ਨੂੰ ਪ੍ਰਵਾਨਗੀ ਦੇਣ ਲਈ 45 ਦਿਨਾਂ ਦਾ ਸਮਾਂ ਤੈਅ ਕੀਤਾ ਅਤੇ ਜੇਕਰ ਪ੍ਰਵਾਨਗੀ ਨਾ ਦਿੱਤੀ ਗਈ ਤਾਂ ਇਸ ਨੂੰ ਪ੍ਰਵਾਨ ਮੰਨਿਆ ਜਾਂਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਕਮੇਟੀਆਂ ਪੰਜਾਬ ਦੇ ਉਦਯੋਗਿਕ ਭਵਿੱਖ ਦਾ ਨਕਸ਼ਾ ਘੜਨਗੀਆਂ। ਉਨ੍ਹਾਂ ਕਿਹਾ ਕਿ ਸਰਕਾਰ-ਸਨਅਤਕਾਰ ਮਿਲਣੀਆਂ ਵਰਗੇ ਉਪਰਾਲਿਆਂ ਰਾਹੀਂ ਸਰਕਾਰ ਨੇ ਸਨਅਤਕਾਰਾਂ ਨੂੰ ਵੀ ਭਾਈਵਾਲ ਬਣਾਇਆ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਇਨ੍ਹਾਂ ਕਮੇਟੀਆਂ ਵੱਲੋਂ ਲਏ ਜਾਣ ਵਾਲੇ ਫੈਸਲਿਆਂ ਨੂੰ ਅਮਲੀਜਾਮਾ ਪਹਿਨਾਏਗੀ। ਆਪ ਦੇ ਕੌਮੀ ਕਨਵੀਨਰ ਨੇ ਕਿਹਾ ਕਿ ਹੁਣ ਪੰਜਾਬ ਵਿੱਚ ਨਵੀਆਂ ਪਿਰਤਾਂ ਪਾਈਆਂ ਜਾ ਰਹੀਆਂ ਹਨ ਜਿੱਥੇ ਸਰਕਾਰ ਉਦਯੋਗ ਨੂੰ ਹੁਕਮ ਨਹੀਂ ਚਾੜ੍ਹੇਗੀ ਸਗੋਂ ਸੈਕਟਰ ਅਧਾਰਿਤ ਕਮੇਟੀਆਂ ਰਾਹੀਂ ਉਦਯੋਗਪਤੀਆਂ ਦੇ ਫੈਸਲਿਆਂ ਨੂੰ ਲਾਗੂ ਕਰੇਗੀ। ਉਨ੍ਹਾਂ ਕਿਹਾ ਕਿ ਇਨ੍ਹਾਂ ਕਮੇਟੀਆਂ ਵੱਲੋਂ ਦੂਜੇ ਸੂਬਿਆਂ ਦੇ ਉਦਯੋਗਿਕ ਖੇਤਰ ਦਾ ਅਧਿਐਨ ਕੀਤਾ ਜਾਵੇਗਾ ਅਤੇ ਇਸ ਨੂੰ ਪੰਜਾਬ ਵਿੱਚ ਲਾਗੂ ਕੀਤਾ ਜਾਵੇਗਾ ਤਾਂ ਕਿ ਉਦਯੋਗ ਹੋਰ ਤਰੱਕੀ ਕਰ ਸਕੇ।

ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਨ੍ਹਾਂ ਕਮੇਟੀਆਂ ਦੇ 99 ਫੀਸਦੀ ਫੈਸਲੇ ਅਮਲ ਵਿੱਚ ਲਿਆਂਦੇ ਜਾਣਗੇ।

ਆਪਣੇ ਸੰਬੋਧਨ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਵੱਖ-ਵੱਖ ਖੇਤਰਾਂ ਵਿੱਚ ਪੰਜਾਬ ਪਹਿਲਾਂ ਹੀ ਕੌਮੀ ਪੱਧਰ 'ਤੇ ਅਗਵਾਈ ਕਰ ਰਿਹਾ ਹੈ ਅਤੇ ਛੇਤੀ ਹੀ ਦੇਸ਼ ਲਈ ਰੋਲ ਮਾਡਲ ਬਣ ਕੇ ਉੱਭਰੇਗਾ। ਸਤੰਬਰ, 2023 ਵਿੱਚ ਸਰਕਾਰ-ਉਦਯੋਗ ਮਿਲਣੀਆਂ ਨੂੰ ਚੇਤੇ ਕਰਦਿਆਂ ਉਨ੍ਹਾਂ ਕਿਹਾ ਕਿ ਇਨ੍ਹਾਂ ਮਿਲਣੀਆਂ ਦਰਮਿਆਨ ਹੋਏ ਵਿਚਾਰ-ਵਟਾਂਦਰੇ ਤੋਂ ਸੈਕਟਰ ਅਧਾਰਿਤ 24 ਕਮੇਟੀਆਂ ਦੇ ਵਿਚਾਰ ਦਾ ਜਨਮ ਹੋਇਆ ਸੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਕਮੇਟੀਆਂ ਹਰੇਕ ਉਦਯੋਗਿਕ ਸੈਕਟਰ ਲਈ ਵਿਸਥਾਰਤ ਰਣਨੀਤੀਆਂ ਤਿਆਰ ਕਰਨ ਦੀ ਜ਼ਿੰਮੇਵਾਰੀ ਨਿਭਾਉਣਗੀਆਂ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਸਮਾਗਮ ਵਿੱਚ ਮੌਜੂਦ ਜ਼ਿਆਦਾਤਰ ਸਨਅਤਕਾਰ ਇਨ੍ਹਾਂ ਕਮੇਟੀਆਂ ਮੈਂਬਰ ਵੀ ਹਨ। ਉਨ੍ਹਾਂ ਵਿਸ਼ਵਾਸ ਪ੍ਰਗਟ ਕੀਤਾ ਕਿ ਇਹ ਸਮੂਹ ਪੰਜਾਬ ਦੇ ਉਦਯੋਗਿਕ ਭਵਿੱਖ ਲਈ ਰੂਪ-ਰੇਖਾ ਤਿਆਰ ਕਰਨਗੇ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਨਵੀਂ ਉਦਯੋਗਿਕ ਨੀਤੀ ਤਿਆਰ ਕਰਦੇ ਸਮੇਂ ਇਹ ਕਮੇਟੀਆਂ ਉਦਯੋਗਿਕ ਭਾਈਵਾਲਾਂ ਤੋਂ ਬਰਾਬਰ ਹਿੱਸੇਦਾਰੀ ਨੂੰ ਯਕੀਨੀ ਬਣਾਉਣਗੀਆਂ। ਭਗਵੰਤ ਸਿੰਘ ਮਾਨ ਨੇ ਸਾਰੇ ਉਦਯੋਗਪਤੀਆਂ ਨੂੰ ਅਪੀਲ ਕੀਤੀ ਕਿ ਉਹ ਉਦਯੋਗ-ਪੱਖੀ ਨੀਤੀਆਂ ਬਣਾਉਣ ਵਿੱਚ ਸਰਗਰਮੀ ਨਾਲ ਆਪਣੇ ਕੀਮਤੀ ਵਿਚਾਰ ਅਤੇ ਸੁਝਾਅ ਸਾਂਝੇ ਕਰਨ।

ਮੁੱਖ ਮੰਤਰੀ ਨੇ ਕਿਹਾ ਕਿ ਉਹ ਪੰਜਾਬ ਦੀਆਂ ਉਦਯੋਗਿਕ ਸਮਰੱਥਾਵਾਂ, ਅਸਲ ਚੁਣੌਤੀਆਂ ਅਤੇ ਵਿੱਤੀ ਸੰਦਰਭ ਨੂੰ ਧਿਆਨ ਵਿੱਚ ਰੱਖਦਿਆਂ ਆਪਣੀਆਂ ਸਿਫ਼ਾਰਸ਼ਾਂ ਦੇਣ।

# ਟਰੰਪ ਨਾਲ ਖਾਸ ਯਾਰੀ ਬਾਰੇ ਮੋਦੀ ਦਾ ਦਾਅਵਾ ਪੂਰੀ ਤਰ੍ਹਾਂ ਬੇਨਕਾਬ: ਕਾਂਗਰਸ

ਨਵੀਂ ਦਿੱਲੀ, 9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ ਪਾਕਿ ਟਕਰਾਅ ਤੋਂ ਬਾਅਦ ਪਾਕਿਸਤਾਨੀ ਫੌਜ ਮੁਖੀ ਆਸਿਮ ਮੁਨੀਰ ਦੇ ਦੂਜੀ ਵਾਰ ਅਮਰੀਕਾ ਦੌਰੇ ਦੀ ਤਿਆਰੀ ਦੀਆਂ ਰਿਪੋਰਟਾਂ ਤੋਂ ਬਾਅਦ ਕਾਂਗਰਸ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਖਾਸ ਸਬੰਧ ਹੋਣ ਦਾ ਦਾਅਵਾ ਹੁਣ ਪੂਰੀ ਤਰ੍ਹਾਂ ਬੇਨਕਾਬ ਹੋ ਗਿਆ ਹੈ।

ਕਾਂਗਰਸ ਦੇ ਜਨਰਲ ਸਕੱਤਰ ਇੰਚਾਰਜ ਸੰਚਾਰ ਜੈਰਾਮ ਰਮੇਸ਼ ਨੇ ਕਿਹਾ, "ਫੀਲਡ ਮਾਰਸ਼ਲ ਆਸਿਮ ਮੁਨੀਰ, ਜਿਨ੍ਹਾਂ ਨੇ ਭੜਕਾਊ ਟਿੱਪਣੀਆਂ ਕੀਤੀਆਂ, ਅਮਰੀਕਾ ਦੇ ਪਸੰਦੀਦਾ ਜਾਪਦੇ ਹਨ।" ਰਮੇਸ਼ ਨੇ ਦੱਸਿਆ ਕਿ



ਇਸ ਤੋਂ ਪਹਿਲਾਂ ਮੁਨੀਰ ਦੀ 18 ਜੂਨ 2025 ਨੂੰ ਰਾਸ਼ਟਰਪਤੀ ਟਰੰਪ ਵੱਲੋਂ ਵਾਸ਼ਿੰਗਟਨ ਡੀਸੀ ਵਿੱਚ ਦੁਪਹਿਰ ਦੇ ਖਾਣੇ 'ਤੇ ਮੇਜ਼ਬਾਨੀ ਕੀਤੀ ਗਈ ਸੀ।

ਉਨ੍ਹਾਂ ਐਕਸ 'ਤੇ ਇੱਕ ਪੋਸਟ ਵਿੱਚ ਕਿਹਾ, "ਪਾਕਿਸਤਾਨੀ ਫੌਜ ਮੁਖੀ ਜਲਦੀ ਹੀ ਅਮਰੀਕਾ ਦੇ ਕੇਂਦਰੀ ਕਮਾਂਡ ਮੁਖੀ ਜਨਰਲ ਮਾਈਕਲ ਕੁਰਿਲਾ ਲਈ ਇੱਕ ਵਿਦਾਈ ਸਮਾਗਮ ਵਿੱਚ ਸ਼ਾਮਲ ਹੋਣ ਲਈ ਦੁਬਾਰਾ ਅਮਰੀਕਾ ਜਾ ਰਹੇ ਹਨ। ਜਨਰਲ ਕੁਰਿਲਾ ਉਹ ਹਨ ਜਿਨ੍ਹਾਂ ਨੇ 10 ਜੂਨ 2025 ਨੂੰ ਆਪਣੇ ਸ਼ਬਦਾਂ ਵਿਚ ਪਾਕਿਸਤਾਨ ਨੂੰ, 'ਅੱਤਵਾਦ ਵਿਰੋਧੀ ਕਾਰਵਾਈਆਂ ਵਿੱਚ ਇੱਕ ਸ਼ਾਨਦਾਰ ਸਾਥੀ ਕਿਹਾ ਸੀ। ਇਹ ਕਿੰਨਾ ਅਜੀਬ ਸਰਟੀਫਿਕੇਟ ਸੀ।"

ਰਮੇਸ਼ ਨੇ ਕਿਹਾ, ਪ੍ਰਧਾਨ ਮੰਤਰੀ ਮੋਦੀ ਰਾਸ਼ਟਰਪਤੀ ਟਰੰਪ ਨਾਲ ਇੱਕ ਖਾਸ ਰਿਸ਼ਤੇ ਦਾ ਦਾਅਵਾ ਕਰਦੇ ਹਨ। ਉਹ ਹੁਣ ਪੂਰੀ ਤਰ੍ਹਾਂ ਬੇਨਕਾਬ ਹੋ ਗਿਆ ਹੈ।

# ਆਪ ਦੇ ਸ਼ਹਿਰੀ ਪ੍ਰਧਾਨ ਜਤਿੰਦਰ ਖੰਗੂੜਾ ਵੱਲੋਂ ਸਾਥੀਆਂ ਨੂੰ ਨਵੀਆਂ ਨਿਯੁਕਤੀਆਂ 'ਤੇ ਵਧਾਈ

ਲੁਧਿਆਣਾ, 9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਸ. ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਅੱਜ ਵੱਖ ਵੱਖ ਵਿਭਾਗਾਂ ਦੇ ਚੇਅਰਮੈਨ, ਸੀਨੀਅਰ ਵਾਈਸ ਚੇਅਰਮੈਨ, ਡਾਇਰੈਕਟਰਾਂ ਅਤੇ ਮੈਂਬਰਾਂ ਦੀਆਂ ਨਿਯੁਕਤੀਆ ਕੀਤੀਆਂ ਗਈਆਂ। ਇਸੇ ਕੜੀ ਵਿੱਚ ਲੁਧਿਆਣਾ ਤੋਂ ਸ਼ਰਨਪਾਲ ਸਿੰਘ ਮੱਕੜ, ਸੀਨੀਅਰ ਵਾਈਸ ਚੇਅਰਮੈਨ, ਪੰਜਾਬ ਮੀਡੀਅਮ ਇੰਡਸਟਰੀ ਡਿਵੈਲਪਮੈਂਟ ਬੋਰਡ, ਕੇਸ਼ਵ ਵਰਮਾ, ਚੇਅਰਪਰਸਨ, ਸਵਰਨਕਾਰ ਵੈਲਫਰ ਬੋਰਡ, ਸਿਮੀ ਚੋਪੜਾ, ਚੇਅਰਮੈਨ, ਪੰਜਾਬ ਸਟੇਟ ਸੋਸ਼ਲ ਵੈਲਫੇਅਰ ਬੋਰਡ, ਵਿਜੇ ਦਾਨਵ, ਚੇਅਰਪਰਸਨ, ਦਲਿਤ ਵਿਕਾਸ ਬੋਰਡ, ਅਮਨ ਚੈਨ, ਮੈਂਬਰ, ਦਲਿਤ ਵਿਕਾਸ ਬੋਰਡ, ਬੀਰ ਸੁਖਪਾਲ ਸਿੰਘ, ਮੈਂਬਰ,ਰਾਮਗੜ੍ਹੀਆ ਵੈਲਫਰ ਬੋਰਡ, ਲਖਵਿੰਦਰ ਚੌਧਰੀ, ਮੈਂਬਰ, ਗੁੱਜਰ ਵੈਲਫੇਅਰ ਬੋਰਡ, ਪੰਕਜ ਸ਼ਾਰਦਾ, ਚੇਅਰਪਰਸਨ ਬ੍ਰਾਹਮਣ, ਵੈਲਫੇਅਰ ਬੋਰਡ, ਕਰਨ ਸ਼ਰਮਾ, ਮੈਂਬਰ, ਬ੍ਰਾਹਮਣ ਵੈਲਫੇਅਰ ਬੋਰਡ, ਖੁਸ਼ਬੂ ਬਾਂਸਲ, ਡਾਇਰੈਕਟਰ, ਪੰਜਾਬ ਇਨਫੋਟੈਕ, ਜਗਦੀਸ਼ ਸੈਣੀ, ਮੈਂਬਰ, ਸੈਣੀ ਵੈਲਫੇਅਰ ਬੋਰਡ, ਅਨੀਸ ਖਾਨ, ਮੈਂਬਰ, ਪੰਜਾਬ ਸਟੇਟ ਮੁਸਲਿਮ ਡਿਵੈਲਪਮੈਂਟ ਬੋਰਡ, ਰਾਜੂ ਕਨੋਜੀਆ, ਚੇਅਰਪਰਸਨ, ਕਨੋਜੀਆ ਵੈਲਫੇਅਰ ਬੋਰਡ, ਅਲਫਰਡ ਗੁਡਵਿਨ, ਮੈਂਬਰ, ਮਸੀਹ ਵੈਲਫੇਅਰ ਬੋਰਡ ਵਜੋਂ ਨਿਯੁਕਤ ਕੀਤਾ ਗਿਆ ਹੈ, ਜੋ ਕਿ ਉਨ੍ਹਾਂ ਦੇ ਆਮ ਆਦਮੀ ਪਾਰਟੀ ਪ੍ਰਤੀ ਸਮਰਪਣ, ਅਗਵਾਈ ਅਤੇ ਲੰਬੇ ਸਮੇਂ ਤੋਂ ਪਾਏ ਯੋਗਦਾਨ ਦੀ ਇੱਕ ਮਹੱਤਵਪੂਰਨ ਮਾਨਤਾ ਹੈ।

ਦਿਲੋਂ ਧੰਨਵਾਦ ਪ੍ਰਗਟ ਕਰਦੇ ਹੋਏ ਜਤਿੰਦਰ ਖੰਗੂੜਾ ਨੇ @ਆਪ@ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ, ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ, ਸੂਬਾ ਪ੍ਰਧਾਨ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ, ਉਦਯੋਗ ਮੰਤਰੀ ਸੰਜੀਵ ਅਰੋੜਾ, ਕਾਰਜਕਾਰੀ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਅਤੇ ਆਮ ਆਦਮੀ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਅਤੇ ਵਲੰਟੀਅਰਾਂ ਦਾ ਇਹ ਸਨਮਾਨ ਦੇਣ ਲਈ ਧੰਨਵਾਦ ਕੀਤਾ।

# ਪੰਜਾਬ ਸਰਕਾਰ ਦਾ ਇਤਿਹਾਸਕ ਕਦਮ -ਪੱਛੜੀਆਂ ਸ਼੍ਰੇਣੀਆਂ ਲਈ ਪਹਿਲੀ ਵਾਰ 2 ਆਧੁਨਿਕ ਹੋਸਟਲ, 1.12 ਕਰੋੜ ਦੀ ਪਹਿਲੀ ਕਿਸ਼ਤ ਜਾਰੀ: ਡਾ ਬਲਜੀਤ ਕੌਰ

ਚੰਡੀਗੜ੍ਹ, 9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀਆਂ ਮੰਤਰੀ ਡਾ. ਬਲਜੀਤ ਕੌਰ ਨੇ ਅੱਜ ਐਲਾਨ ਕੀਤਾ ਕਿ ਪੰਜਾਬ ਵਿੱਚ ਪਹਿਲੀ ਵਾਰ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ 2 ਆਧੁਨਿਕ ਹੋਸਟਲ ਬਣਾਏ ਜਾ ਰਹੇ ਹਨ। ਇਨ੍ਹਾਂ ਦੋਵੇਂ ਹੋਸਟਲਾਂ ਦੀ ਪਹਿਲੀ ਕਿਸ਼ਤ 1.12 ਕਰੋੜ ਰੁਪਏ ਦੀ ਮਨਜ਼ੂਰੀ ਦੇ ਦਿੱਤੀ ਹੈ, ਜੋ ਜਲਦੀ ਹੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਖਾਤਿਆਂ ਵਿੱਚ ਜਾਵੇਗੀ ਅਤੇ ਨਿਰਮਾਣ ਕੰਮ ਤੁਰੰਤ ਸ਼ੁਰੂ ਹੋ ਜਾਵੇਗਾ। ਇਹ ਹੋਸਟਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਲੜਕਿਆਂ ਅਤੇ ਲੜਕੀਆਂ ਲਈ 100-100 ਸੀਟਾਂ ਦੇ ਹੋਣਗੇ ਅਤੇ ਕੁੱਲ 6.99 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਜਾਣਗੇ।



ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਡਾ. ਬਲਜੀਤ ਕੌਰ ਨੇ ਦੱਸਿਆ ਕਿ ਹਰ ਇੱਕ ਹੋਸਟਲ ਦੀ ਲਾਗਤ 3.49 ਕਰੋੜ ਰੁਪਏ ਹੋਵੇਗੀ। ਦੋਵੇਂ ਹੋਸਟਲਾਂ ਵਿੱਚ ਵਿਦਿਆਰਥੀਆਂ ਲਈ ਆਧੁਨਿਕ ਸੁਵਿਧਾਵਾਂ ਵਾਲੇ ਕਮਰੇ, ਪੜ੍ਹਾਈ ਲਈ ਸੁਚੱਜਾ ਵਾਤਾਵਰਣ ਅਤੇ ਹੋਰ ਜ਼ਰੂਰੀ ਸਹੂਲਤਾਂ ਉਪਲੱਬਧ ਕਰਵਾਈਆਂ ਜਾਣਗੀਆਂ, ਤਾਂ ਜੋ ਉਹ ਆਪਣੀ ਪੜ੍ਹਾਈ ਵਿੱਚ ਪੂਰੀ ਤਰ੍ਹਾਂ ਧਿਆਨ ਕੇਂਦਰਤ ਕਰ ਸਕਣ।

ਉਨ੍ਹਾਂ ਕਿਹਾ ਕਿ ਇਹ ਯੋਜਨਾ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ ਹੋਸਟਲ ਨਿਰਮਾਣ ਵੱਲ ਪੰਜਾਬ ਸਰਕਾਰ ਦੀ ਨਿਰੰਤਰ ਕੋਸ਼ਿਸ਼ ਦਾ ਹਿੱਸਾ ਹੈ। ਇਹ ਉਪਰਾਲਾ ਦੂਰ-ਦਰਾਜ਼ ਇਲਾਕਿਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਨੂੰ ਉਚਿਤ ਰਹਿਣ-ਸਹਿਣ ਦੀ ਸਹੂਲਤ ਦੇ ਕੇ ਉੱਚ ਸਿੱਖਿਆ ਹਾਸਲ ਕਰਨ ਵਿੱਚ ਆ ਰਹੀਆਂ ਰੁਕਾਵਟਾਂ ਨੂੰ ਦੂਰ ਕਰੇਗਾ।

# ਐਮਐਸਪੀ ਕਮੇਟੀ ਨੇ ਹੁਣ ਤੱਕ 45 ਮੀਟਿੰਗਾਂ ਕੀਤੀਆਂ: ਖੇਤੀ ਮੰਤਰੀ ਸ਼ਿਵਰਾਜ ਚੌਹਾਨ

**ਕੇਂਦਰ ਨੇ ਤਿੰਨ ਵਿਵਾਦਮਈ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਸਮੇਂ ਐਮਐਸਪੀ ਬਾਰੇ ਅਜਿਹਾ ਪੈਨਲ ਬਣਾਉਣ ਦਾ ਕੀਤਾ ਸੀ ਵਾਅਦਾ**

ਨਵੀਂ ਦਿੱਲੀ, 9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਸ਼ੁੱਕਰਵਾਰ ਨੂੰ ਰਾਜ ਸਭਾ ਵਿੱਚ ਦੱਸਿਆ ਕਿ ਸਾਬਕਾ ਖੇਤੀਬਾੜੀ ਸਕੱਤਰ ਸੰਜੇ ਅਗਰਵਾਲ ਦੀ ਅਗਵਾਈ ਵਾਲੀ ਘੱਟੋ-ਘੱਟ ਸਮਰਥਨ ਮੁੱਲ ਸਬੰਧੀ ਬਣਾਈ ਗਈ ਕਮੇਟੀ ਨੇ ਹੁਣ ਤੱਕ 45 ਮੀਟਿੰਗਾਂ ਕੀਤੀਆਂ ਹਨ।

ਇਹ ਕਮੇਟੀ ਜੁਲਾਈ 2022 ਵਿੱਚ ਸਥਾਪਿਤ ਕੀਤੀ ਗਈ ਸੀ। ਸਰਕਾਰ ਵੱਲੋਂ ਤਿੰਨ ਵਿਵਾਦਪੂਰਨ ਖੇਤੀ ਕਾਨੂੰਨਾਂ ਨੂੰ ਵਾਪਸ ਲੈਂਦੇ ਹੋਏ ਅਜਿਹਾ ਪੈਨਲ ਸਥਾਪਤ ਕਰਨ ਦਾ ਵਾਅਦਾ ਕਰਨ ਤੋਂ ਅੱਠ ਮਹੀਨੇ ਬਾਅਦ ਕਮੇਟੀ ਦੀ ਸਥਾਪਨਾ ਹੋਈ ਸੀ।

ਚੌਹਾਨ ਨੇ ਸੰਸਦ ਦੇ ਮੌਨਸੂਨ ਸੈਸ਼ਨ ਦੌਰਾਨ ਉੱਪਰਲੇ ਸਦਨ ਨੂੰ ਆਪਣੇ ਲਿਖਤੀ ਜਵਾਬ ਵਿੱਚ ਕਿਹਾ ਕਿ ਕੁੱਲ ਮਿਲਾ ਕੇ ਹੁਣ ਤੱਕ 39 ਉਪ-ਕਮੇਟੀ/ਉਪ-ਸਮੂਹ ਮੀਟਿੰਗਾਂ ਸਮੇਤ ਕੁੱਲ 45 ਮੀਟਿੰਗਾਂ ਹੋ ਚੁੱਕੀਆਂ ਹਨ। ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਦੇਸ਼ ਦੇ ਕਿਸਾਨਾਂ ਤੱਕ ਐਮਐਸਪੀ ਦੇ ਪੂਰੇ ਲਾਭ ਪਹੁੰਚਾਉਣ ਲਈ ਵਚਨਬੱਧ ਹੈ। ਮੰਤਰੀ ਨੇ ਦੱਸਿਆ ਕਿ ਪ੍ਰਣਾਲੀ ਨੂੰ ਹੋਰ ਅਸਰਦਾਰ ਅਤੇ ਪਾਰਦਰਸ਼ੀ ਬਣਾਉਣ ਵਾਸਤੇ ਸੁਝਾਅ ਦੇਣ ਲਈ ਕਮੇਟੀ ਦਾ ਗਠਨ ਕੀਤਾ ਗਿਆ ਸੀ। ਇਸ ਤੋਂ ਇਲਾਵਾ ਕਮੇਟੀ ਨੂੰ ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ ਨੂੰ ਵਧੇਰੇ ਖੁਦਮੁਖਤਿਆਰੀ ਦੇਣ ਦੀ ਸੰਭਾਵਨਾ ਦਾ ਪਤਾ ਲਾਉਣ ਅਤੇ ਇਸ ਨੂੰ ਹੋਰ ਵਿਗਿਆਨਕ ਬਣਾਉਣ ਦੇ ਤਰੀਕਿਆਂ ਦੀ ਜਾਂਚ ਕਰਨ ਲਈ ਕਿਹਾ ਗਿਆ ਸੀ।

ਉਨ੍ਹਾਂ ਕਿਹਾ, ਵਧੇਰੇ ਕੀਮਤਾਂ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ, ਦੇਸ਼ ਦੀਆਂ ਬਦਲਦੀਆਂ ਜ਼ਰੂਰਤਾਂ ਦੇ ਅਨੁਸਾਰ ਖੇਤੀਬਾੜੀ ਮਾਰਕੀਟਿੰਗ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਸੁਝਾਅ ਦੇਣ ਦਾ ਆਦੇਸ਼ ਵੀ ਦਿੱਤਾ ਗਿਆ ਹੈ।

ਕਮੇਟੀ ਕੁਦਰਤੀ ਖੇਤੀ ਅਤੇ ਫਸਲ ਵਿਭਿੰਨਤਾ ਦੇ ਵਿਸ਼ਿਆਂ 'ਤੇ ਵੀ ਕੰਮ ਕਰ ਰਹੀ ਹੈ। ਆਪਣੀ ਸ਼ੁਰੂਆਤ ਤੋਂ ਹੀ, ਕਮੇਟੀ ਇਨ੍ਹਾਂ ਮੁੱਖ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕਰਨ ਅਤੇ ਕਾਰਵਾਈਯੋਗ ਸਿਫਾਰਸ਼ਾਂ ਵਿਕਸਤ ਕਰਨ ਲਈ ਨਿਯਮਤ ਮੀਟਿੰਗਾਂ ਕਰ ਰਹੀ ਹੈ।

ਕੇਂਦਰ ਸਰਕਾਰ ਵੱਲੋਂ ਰਾਜ ਸਰਕਾਰਾਂ ਦੀ ਰਾਇ 'ਤੇ ਵਿਚਾਰ ਕਰਨ ਤੋਂ ਬਾਅਦ ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ (CACP) ਦੀਆਂ ਸਿਫਾਰਸ਼ਾਂ ਦੇ ਆਧਾਰ 'ਤੇ ਪੂਰੇ ਦੇਸ਼ ਲਈ 22 ਲਾਜ਼ਮੀ ਖੇਤੀਬਾੜੀ ਫਸਲਾਂ ਲਈ ਤੈਅ ਕੀਤਾ ਜਾਂਦਾ ਹੈ।

# ਕੈਨੇਡਾ 'ਚ ਭਾਰਤੀ ਵਿਦਿਆਰਥਣ ਹਰਸਿਮਰਤ ਨੂੰ ਗੋਲੀ ਮਾਰਨ ਵਾਲਾ ਕਾਬੂ, ਕਤਲ ਦੇ ਦੋਸ਼ ਆਇਦ

ਓਟਵਾ, 9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਕੈਨੇਡੀਅਨ ਪੁਲੀਸ ਨੇ ਦੱਸਿਆ ਹੈ ਕਿ ਕੈਨੇਡਾ ਵਿੱਚ 21 ਸਾਲਾ ਭਾਰਤੀ ਵਿਦਿਆਰਥਣ ਹਰਸਿਮਰਤ ਰੰਧਾਵਾ ਉਤੇ ਇਕ ਨਿਸ਼ਾਨਾ ਖੁੰਝੀ ਗੋਲੀ ਚਲਾਉਣ ਵਾਲੇ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਉਸ 'ਤੇ ਪਹਿਲੇ ਦਰਜੇ ਦਾ ਕਤਲ ਦਾ ਦੋਸ਼ ਲਗਾਇਆ ਗਿਆ ਹੈ। ਗ਼ੌਰਤਲਬ ਹੈ ਕਿ ਗੈਂਗਵਾਰ ਵਿਚ ਚੱਲੀ ਇਸ ਗੋਲੀ ਕਾਰਨ ਹਰਸਿਮਰਤ ਦੀ ਮੌਤ ਹੋ ਗਈ ਸੀ। ਸੀਬੀਸੀ ਨਿਊਜ਼ ਨੇ ਇੱਕ ਨਿਊਜ਼ ਕਾਨਫਰੰਸ ਵਿੱਚ ਐਕਟਿੰਗ ਡਿਟੈਕਟ-ਸਾਰਜੈਂਟ ਡੈਰਿਲ ਰੀਡ ਦੇ ਹਵਾਲੇ ਨਾਲ ਕਿਹਾ ਕਿ ਹੈਮਿਲਟਨ ਪੁਲੀਸ ਨੇ ਮੰਗਲਵਾਰ ਨੂੰ ਓਨਟਾਰੀਓ ਦੇ ਨਿਆਗਰਾ ਫਾਲਜ਼ ਵਿਖੇ 32 ਸਾਲਾ



ਮੁਲਜ਼ਮ ਜੇਰਡੇਨ ਫੋਸਟਰ ਨੂੰ ਗ੍ਰਿਫ਼ਤਾਰ ਕੀਤਾ ਸੀ। ਉਸ 'ਤੇ ਕਤਲ ਦੀ ਕੋਸ਼ਿਸ਼ ਦੇ ਤਿੰਨ ਦੋਸ਼ ਵੀ ਲਗਾਏ ਗਏ ਹਨ।

ਮੋਹਾਕ ਕਾਲਜ ਵਿੱਚ ਫਿਜ਼ੀਓਥੈਰੇਪੀ ਕੋਰਸ ਦੀ ਪੜ੍ਹਾਈ ਕਰ ਰਹੀ ਦੂਜੇ ਸਾਲ ਦੀ ਵਿਦਿਆਰਥਣ ਹਰਸਿਮਰਤ ਰੰਧਾਵਾ ਨੂੰ ਬੀਤੀ 17 ਅਪਰੈਲ ਨੂੰ ਅੱਪਰ ਜੇਮਜ਼ ਸਟਰੀਟ ਅਤੇ ਸਾਊਥ ਬੈਂਡ ਰੋਡ ਦੇ ਚੌਰਾਹੇ 'ਤੇ ਇੱਕ ਬੱਸ ਸਟਾਪ 'ਤੇ ਅਚਾਨਕ ਗੋਲੀ ਲੱਗ ਗਈ ਸੀ। ਉਸ ਨੇ ਹਸਪਤਾਲ ਵਿੱਚ ਦਮ ਤੋੜ ਦਿੱਤਾ ਸੀ। ਭਾਰਤੀ ਵਿਦਿਆਰਥਣ ਕਥਿਤ ਤੌਰ 'ਤੇ ਬੱਸ ਤੋਂ ਉਤਰੀ ਸੀ ਅਤੇ ਸੜਕ ਪਾਰ ਕਰਨ ਦੀ ਉਡੀਕ ਕਰ ਰਿਹਾ ਸੀ, ਜਦੋਂ ਇਹ ਘਟਨਾ ਵਾਪਰੀ।

ਇਸ ਗੈਂਗਵਾਰ ਵਿਚ ਚਾਰ ਕਾਰਾਂ 'ਚ ਘੱਟੋ-ਘੱਟ ਸੱਤ ਲੋਕ ਵਿੱਚ ਸ਼ਾਮਲ ਸਨ, ਜਿਸ ਕਾਰਨ ਗੋਲੀਬਾਰੀ ਹੋਈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕਾਰਾਂ ਵਿਚਕਾਰ ਗੋਲੀਆਂ ਚਲਾਈਆਂ ਗਈਆਂ ਅਤੇ ਘੱਟੋ-ਘੱਟ ਦੋ ਬੰਦੂਕਾਂ ਦੀ ਵਰਤੋਂ ਕੀਤੀ ਗਈ।

ਰਿਪੋਰਟ ਵਿੱਚ ਰੀਡ ਦੇ ਹਵਾਲੇ ਨਾਲ ਵੀਰਵਾਰ ਨੂੰ ਕਿਹਾ ਗਿਆ ਹੈ, ਹਰਸਿਮਰਤ ਇੱਕ ਨਿਰਦੋਸ਼ ਰਾਹਗੀਰ ਸੀ... ਉਹ ਇੱਕ ਸਥਾਨਕ ਜਿਮ ਤੋਂ ਘਰ ਜਾ ਰਹੀ ਸੀ ਜਦੋਂ ਉਸਨੂੰ ਗੋਲੀ ਮਾਰ ਕੇ ਹਲਾਕ ਦਿੱਤਾ ਗਿਆ। ਇਸ ਮਾਮਲੇ ਵਿੱਚ ਕੋਈ ਹੋਰ ਗ੍ਰਿਫ਼ਤਾਰੀ ਨਹੀਂ ਕੀਤੀ ਗਈ ਹੈ।

ਰੀਡ ਨੇ ਕਿਹਾ, ਜਾਂਚ ਅਜੇ ਵੀ ਜਾਰੀ ਹੈ ਅਤੇ ਅਸੀਂ ਇਸ ਮੌਤ ਵਿੱਚ ਸ਼ਾਮਲ ਇਨ੍ਹਾਂ ਸਾਰੇ ਲੋਕਾਂ ਦੀ ਪਛਾਣ ਕਰਨ, ਲੱਭਣ ਅਤੇ ਗ੍ਰਿਫ਼ਤਾਰ ਕਰਨ ਲਈ ਆਪਣੇ ਵੱਲੋਂ ਹਰ ਸੰਭਵ ਕੋਸ਼ਿਸ਼ ਕਰਾਂਗੇ। ਉਨ੍ਹਾਂ ਕਿਹਾ ਕਿ ਫੋਸਟਰ, ਜਿਸਦਾ ਹੈਮਿਲਟਨ, ਹਾਲਟਨ ਅਤੇ ਨਿਆਗਰਾ ਖੇਤਰਾਂ ਨਾਲ ਸਬੰਧ ਹੈ ਅਤੇ ਥੋੜ੍ਹੇ ਸਮੇਂ ਲਈ ਕਿਰਾਏ ਦੀਆਂ ਜਾਇਦਾਦਾਂ ਵਿੱਚ ਰਹਿੰਦਾ ਸੀ, ਬਾਰੇ ਪਹਿਲਾਂ ਪੁਲੀਸ ਨੂੰ ਪਤਾ ਸੀ।

# ਟਾਟਾ ਟੀ ਪ੍ਰੀਮੀਅਮ ਨੇ ਫੁਲਕਾਰੀ ਤੋਂ ਪ੍ਰੇਰਿਤ ਟ੍ਰਿਬਿਊਟ ਦੇ ਨਾਲ ਪੰਜਾਬ ਦੀ ਜੀਵੰਤ ਭਾਵਨਾ ਦਾ ਮਨਾਇਆ ਜਸ਼ਨ

ਲੁਧਿਆਣਾ, 9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਟਾਟਾ ਕੰਜ਼ਿਊਮਰ ਪ੍ਰੋਡਕਟਸ ਦੇ ਪ੍ਰਮੁੱਖ ਟੀ -ਬ੍ਰਾਂਡ, ਟਾਟਾ ਟੀ ਪ੍ਰੀਮੀਅਮ, ਨੇ ਆਪਣੀ ਮਸ਼ਹੂਰ 'ਦੇਸ਼ ਕਾ ਗਰਵ' ਕੈਂਪੇਨ ਦੇ 2025 ਦੇ ਐਡੀਸ਼ਨ ਦੀ ਸ਼ੁਰੂਆਤ ਕੀਤੀ ਹੈ, ਜੋ ਦੇਸ਼ ਦੀ ਜੀਵੰਤ ਸੱਭਿਆਚਾਰਕ ਵਿਰਾਸਤ ਦੇ ਸਨਮਾਨ ਪ੍ਰਤੀ ਕੰਪਨੀ ਦੀ ਅਟੁੱਟ ਵਚਨਬੱਧਤਾ ਦਰਸ਼ਾਉਂਦੀ ਹੈ। ਟਾਟਾ ਟੀ ਪ੍ਰੀਮੀਅਮ ਨੇ ਸਾਲਾਂ ਤੋਂ ਰੋਜ਼ਾਨਾ ਦੀ ਚਾਹ ਦੀ ਰਸਮ ਨੂੰ ਖੇਤਰੀ ਕਲਾ-ਰੂਪਾਂ ਨਾਲ ਮਿਲਾ ਕੇ ਆਜ਼ਾਦੀ ਦਿਵਸ ਮਨਾਇਆ ਹੈ – ਅਤੇ ਇਸ ਵਾਰ 'ਦੇਸ਼ ਕਾ ਗਰਵ ਕਲੈਕਸ਼ਨ ਵਿਚ ਭਾਰਤ ਦੇ ਕੁਝ ਪ੍ਰਤੀਕ ਕਲਾ ਰੂਪਾਂ ਤੋਂ ਪ੍ਰੇਰਿਤ ਖੂਬਸੂਰਤ ਹੈਂਡ ਪੈਂਟਡ ਕੇਟਲਸ ਪੇਸ਼ ਕੀਤੀਆਂ ਹਨ।

ਟਾਟਾ ਟੀ ਪ੍ਰੀਮੀਅਮ ਨੇ ਰੋਜ਼ਾਨਾ ਦੀ ਚਾਹ ਦੀਆਂ ਰਸਮਾਂ ਨੂੰ ਦਿਲਚਸਪ ਬਣਾਉਂਦੇ ਹੋਏ ਦਿਲ ਦੀਆਂ ਗਹਿਰਾਈਆਂ ਤੋਂ ਬਣਾਈਆਂ ਗਈਆਂ ਵਸਤੂਆਂ ਰਾਹੀਂ ਦੇਸ਼ ਦੇ ਲੋਕਾਂ ਦੀ ਖੁਸ਼ਹਾਲੀ ਅਤੇ ਖੇਤਰੀ ਕਲਾ ਨੂੰ ਲਗਾਤਾਰ ਉਜਾਗਰ ਕੀਤਾ ਹੈ – ਕਦੇ ਖੂਬਸੂਰਤ ਕੁਲਹੜ, ਕਲਾਸਿਕ ਚਾਹ ਦੇ ਕੱਪ, ਜਾਂ ਇਸ ਸਾਲ ਪੇਸ਼ ਕੀਤੀ ਆਈਕੋਨਿਕ ਕੇਟਲ। ਹਰੇਕ ਐਡੀਸ਼ਨ ਬੇਹੱਦ ਖੂਬਸੂਰਤ ਹੋਣ ਦੇ ਨਾਲ ਨਾਲ ਭਾਰਤ ਦੀ ਕਲਾਤਮਕ ਵਿਰਾਸਤ ਨੂੰ ਆਧੁਨਿਕ ਅਤੇ ਅਰਥਪੂਰਨ ਤਰੀਕਿਆਂ ਨਾਲ ਸੁਰੱਖਿਅਤ ਰੱਖਣ, ਉਸਨੂੰ ਵਧਾਵਾ ਦੇਣ ਅਤੇ ਪੀੜ੍ਹੀਆਂ ਤੱਕ ਅੱਗੇ ਵਧਾਉਣ ਦਾ ਇੱਕ ਡੂੰਘਾ ਮਿਸ਼ਨ ਰੱਖਦਾ ਹੈ। ਅਤੇ ਅੱਜ ਤਾਂ ਪੂਰੀ ਦੁਨੀਆ ਵਿਚ ਹੀ ਸਾਡੇ ਦੇਸ਼ ਦੀ ਖੂਬਸੂਰਤ ਕਾਰੀਗਰੀ ਦੀ ਸ਼ਲਾਘਾ ਹੋ ਰਹੀ ਹੈ, ਟਾਟਾ ਟੀ ਪ੍ਰੀਮੀਅਮ – ਦੇਸ਼ ਕੀ ਚਾਹ – ਨੇ ਲੰਬੇ ਸਮੇਂ ਤੋਂ ਰੋਜ਼ਾਨਾ ਦੇ ਜੀਵਨ ਵਿੱਚ ਆਪਣੀ ਖਾਸ ਜਗ੍ਹਾ ਦਾ ਜਸ਼ਨ ਮਨਾਇਆ ਹੈ। ਇਸ ਸਾਲ ਭਾਰਤੀ ਲੋਕ ਕਲਾ ਨੂੰ ਸੁਰੱਖਿਅਤ ਰੱਖਣ ਲਈ ਸਮਰਪਿਤ ਇੱਕ ਸੰਗਠਨ, ਕੌਸ਼ਲਮ ਦੇ ਸਹਿਯੋਗ ਨਾਲ, ਦੇਸ਼ ਕਾ ਗਰਵ ਕਲੈਕਸ਼ਨ ਵਿੱਚ ਖੇਤਰੀ ਕਲਾ ਰੂਪਾਂ ਤੋਂ ਪ੍ਰੇਰਿਤ ਹੱਥ ਨਾਲ ਪੇਂਟ ਕੀਤੀਆਂ ਕੇਤਲੀਆਂ ਪੇਸ਼ ਕੀਤੀਆਂ ਗਈਆਂ ਹਨ।

ਪੰਜਾਬ ਦੇ ਸੱਭਿਆਚਾਰਕ ਜਸ਼ਨ ਫੁਲਕਾਰੀ ਦੇ ਜੀਵੰਤ ਦ੍ਰਿਸ਼ਾਂ ਰਾਹੀਂ ਮੁੜ ਸੁਰਜੀਤ ਹੋ ਜਾਂਦੇ ਹਨ, ਫੁਲਕਾਰੀ ਸੂਬੇ ਦੀ ਮਸ਼ਹੂਰ ਵਿਰਾਸਤੀ ਕਢਾਈ ਹੈ, ਜੋ ਆਪਣੇ ਚਮਕਦਾਰ ਰੰਗਾਂ ਅਤੇ ਜਿਓਮੈਟ੍ਰਿਕ ਨਮੂਨਿਆਂ ਲਈ ਜਾਣੀ ਜਾਂਦੀ ਹੈ। ਕੇਟਲਸ 'ਤੇ ਰਵਾਇਤੀ ਤੋਤੇ, ਸਟਾਈਲਾਈਜ਼ਡ ਫਸਲ ਪੈਟਰਨ, ਅਤੇ ਬੋਲਡ ਫਲੋਰਲ ਥਰੈਡਸ ਉਕੇਰੇ ਗਏ ਹਨ, ਜੋ ਪੰਜਾਬ ਦੀ ਖੇਤੀਬਾੜੀ ਭਾਵਨਾ ਅਤੇ ਕਲਾਤਮਕ ਮਾਣ ਨੂੰ ਦਰਸਾਉਂਦੇ ਹਨ। ਹਰ ਸਟ੍ਰੋਕ ਫੁਲਕਾਰੀ ਦੀ ਵਿਰਾਸਤ ਨੂੰ ਦਰਸ਼ਾਉਂਦਾ ਹੈ ਅਤੇ ਹੱਥ ਨਾਲ ਬੁਣੀ ਹੋਈ ਜੀਵੰਤਤਾ ਦਾ ਪ੍ਰਤੀਕ ਹੈ।

ਇਸ ਸਾਲ ਦੀ ਕੈਂਪੇਨ ਵਿੱਚ ਇੱਕ ਅਤਿ -ਆਧੁਨਿਕ ਪਰ ਦ੍ਰਿਸ਼ਟੀਗਤ ਤੌਰ 'ਤੇ ਭਾਵੁਕ ਫਿਲਮ ਪੇਸ਼ ਕੀਤੀ ਗਈ ਹੈ, ਏਆਈ ਦੀ ਵਰਤੋਂ ਕਰਕੇ ਬਣਾਈ ਗਈ ਹੈ ਇਹ ਫਿਲਮ ਭਾਰਤੀ ਕਲਾ ਦੀ ਅਮੀਰ ਟੈਪੇਸਟ੍ਰੀ ਨੂੰ ਅੱਜ ਦੀ ਪੀੜ੍ਹੀ ਦੇ ਰੂਬਰੂ ਕਰਦੀ ਹੈ, ਅਤੇ ਨਾਲ ਇਹ ਵਿਰਾਸਤ ਦਾ ਜਸ਼ਨ ਵੀ ਮਨਾਉਂਦੀ ਹੈ। ਮਸ਼ਹੂਰ ਗਾਇਕ ਪੀਯੂਸ਼ ਮਿਸ਼ਰਾ ਨੇ ਆਪਣੇ ਵਿਲੱਖਣ ਸਟਾਈਲ ਨਾਲ ਫਿਲਮ ਨੂੰ ਹੋਰ ਵੀ ਮਨੋਰੰਜਕ ਬਣਾ ਦਿੱਤਾ ਹੈ, ਅਤੇ ਬ੍ਰਾਂਡ ਫਿਲਮ ਨੂੰ ਆਪਣੀ ਆਵਾਜ਼ ਦਿੱਤੀ ਹੈ।

ਟਾਟਾ ਟੀ ਪ੍ਰੀਮੀਅਮ ਵਿਖੇ, ਸਾਡੀ ਹਾਈਪਰਲੋਕਲ ਰਣਨੀਤੀ ਇਸ ਵਿਸ਼ਵਾਸ 'ਤੇ ਅਧਾਰਿਤ ਹੈ ਕਿ ਭਾਰਤ ਦੀ ਅਮੀਰ ਵਿਭਿੰਨਤਾ ਹੀ ਇਸਦੀ ਸਭ ਤੋਂ ਵੱਡੀ ਤਾਕਤ ਹੈ, ਪੁਨੀਤ ਦਾਸ, ਪ੍ਰਧਾਨ – ਪੈਕੇਜਡ ਬੇਵਰੇਜਿਜ਼ (ਭਾਰਤ ਅਤੇ ਦੱਖਣੀ ਏਸ਼ੀਆ), ਟਾਟਾ ਕੰਜ਼ਿਊਮਰ ਪ੍ਰੋਡਕਟਸ ਨੇ ਕਿਹਾ। 'ਦੇਸ਼ ਕਾ ਗਰਵ – ਪ੍ਰਦੇਸ਼ ਕੀ ਕਲਾ' ਦੇ ਨਾਲ, ਅਸੀਂ ਸਿਰਫ਼ ਕਲਾ ਦਾ ਜਸ਼ਨ ਨਹੀਂ ਮਨਾ ਰਹੇ –

# ਵਿਧਾਇਕ ਅਨਮੋਲ ਗਗਨ ਮਾਨ ਨੇ ਖਰੜ ਵਾਸੀਆਂ ਲਈ 22 ਕਰੋੜ ਰੁਪਏ ਦੇ ਨਹਿਰੀ ਜਲ ਸਪਲਾਈ ਪ੍ਰੋਜੈਕਟ ਦੀ ਉਸਾਰੀ ਦੀ ਸ਼ੁਰੂਆਤ ਕੀਤੀ



ਖਰੜ, 9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਵਿਧਾਇਕ ਅਨਮੋਲ ਗਗਨ ਮਾਨ ਨੇ ਅੱਜ ਨਿਊ ਸਨੀ ਐਨਕਲੇਵ ਜੰਡਪੁਰ ਸੜਕ 'ਤੇ 22.15 ਕਰੋੜ ਰੁਪਏ ਦੇ ਨਹਿਰੀ ਜਲ ਸਪਲਾਈ ਪ੍ਰੋਜੈਕਟ ਦੇ ਪਹਿਲੇ ਪੜਾਅ ਦੀ ਸ਼ੁਰੂਆਤ ਕੀਤੀ। ਇਸ ਮੌਕੇ ਜਨਤਕ ਇਕੱਠ ਨੂੰ ਸੰਬੋਧਨ ਕਰਦਿਆਂ ਵਿਧਾਇਕ ਮਾਨ ਨੇ ਕਿਹਾ ਕਿ ਕਜੌਲੀ ਤੋਂ ਨਹਿਰੀ ਜਲ ਸਪਲਾਈ ਪ੍ਰਦਾਨ ਕਰਨ ਦੀ ਵਚਨਬੱਧਤਾ ਅੱਜ ਪਾਈਪਲਾਈਨਾਂ ਵਿਛਾਉਣ ਦੇ ਕੰਮ ਦੀ ਸ਼ੁਰੂਆਤ ਨਾਲ ਪੂਰੀ ਹੋਈ ਹੈ ਅਤੇ ਇਹ ਕਾਰਜ ਸਤੰਬਰ 2026 ਤੱਕ ਪੂਰਾ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਪਹਿਲਾ ਪੜਾਅ ਖਰੜ ਦੇ ਝੁੰਗੀਆਂ, ਮੰਡੇਰ ਨਗਰ, ਹਰਲਾਲਪੁਰ, ਜੰਡਪੁਰ ਅਤੇ ਚੰਡੀਗੜ੍ਹ ਰੋਡ ਖੇਤਰਾਂ ਨੂੰ ਪੂਰਾ ਕਰੇਗਾ। ਪਹਿਲੇ ਪੜਾਅ ਦੇ ਪੂਰਾ ਹੋਣ ਤੋਂ ਬਾਅਦ, ਖਰੜ ਸ਼ਹਿਰ ਦੇ ਬਾਕੀ ਖੇਤਰ ਨੂੰ ਕਵਰ ਕੀਤਾ ਜਾਵੇਗਾ। ਸਮੁੱਚੇ ਖਰੜ ਸ਼ਹਿਰ ਲਈ ਇਹ ਪ੍ਰੋਜੈਕਟ 150 ਕਰੋੜ ਰੁਪਏ ਦੀ ਲਾਗਤ ਨਾਲ ਉਲੀਕਿਆ ਗਿਆ ਹੈ, ਜੋ ਕਿ ਪੜਾਅ ਵਾਰ ਪੂਰਾ ਕੀਤਾ ਜਾਵੇਗਾ। ਇਸ ਪ੍ਰੋਜੈਕਟ ਤਹਿਤ, ਪਾਣੀ ਦੀ ਸਪਲਾਈ ਮੌਜੂਦਾ 'ਗਮਾਡਾ ਕਲੀਅਰ ਪਾਈਪਲਾਈਨ, ਸਿੰਘਪੁਰ' ਤੋਂ ਕਜੌਲੀ ਤੋਂ ਮੋਹਾਲੀ ਖੇਤਰ ਨੂੰ ਨਹਿਰੀ ਪਾਣੀ ਪ੍ਰਦਾਨ ਕਰਦੀ ਲਾਈਨ ਤੋਂ ਪ੍ਰਾਪਤ ਕੀਤੀ ਜਾਵੇਗੀ। ਇਹ ਪਾਣੀ ਜੰਡਪੁਰ ਵਿਖੇ ਕਮਿਊਨਿਟੀ ਸੈਂਟਰ ਨੇੜੇ ਇੱਕ ਪਾਈਪਲਾਈਨ ਰਾਹੀਂ 54 ਲੱਖ ਲੀਟਰ ਸਮਰੱਥਾ ਵਾਲੇ ਅੰਡਰਗਰਾਊਂਡ ਸਰਵਿਸ ਰਿਜ਼ਰਵਾਇਰ ਨੂੰ ਸਪਲਾਈ ਕੀਤਾ ਜਾਵੇਗਾ।

ਪਹਿਲੇ ਪੜਾਅ ਅਧੀਨ ਆਉਣ ਵਾਲੇ ਬਾਕੀ ਖੇਤਰਾਂ ਨੂੰ ਸਹੀ ਸਪਲਾਈ ਬਣਾਈ ਰੱਖਣ ਲਈ ਜੰਡਪੁਰ ਵਿਖੇ ਕਮਿਊਨਿਟੀ ਸੈਂਟਰ ਅਤੇ ਮੰਡੇਰ ਨਗਰ ਵਿਖੇ ਕ੍ਰਮਵਾਰ 18 ਲੱਖ ਲੀਟਰ ਅਤੇ 9 ਲੱਖ ਲੀਟਰ ਸਮਰੱਥਾ ਵਾਲੇ ਦੋ ਓਵਰਹੈੱਡ ਵਾਟਰ ਟੈਂਕ ਬਣਾਏ ਜਾਣਗੇ। ਵਿਧਾਇਕ ਮਾਨ ਨੇ ਅੱਗੇ ਕਿਹਾ ਕਿ ਪਹਿਲੇ ਪੜਾਅ ਵਿੱਚ ਕੰਮ ਪੂਰਾ ਕਰਨ ਲਈ ਡੀਆਈ ਪਾਈਪਾਂ ਦੀ ਕੁੱਲ 8.1 ਕਿਲੋਮੀਟਰ ਸਪਲਾਈ ਲਾਈਨ ਵਿਛਾਈ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਉਨ੍ਹਾਂ ਦਾ ਆਪਣੇ ਵੋਟਰਾਂ ਨਾਲ ਕੀਤਾ ਗਿਆ ਪ੍ਰਮੁੱਖ ਵਾਅਦਾ ਸੀ ਅਤੇ ਉਹ ਖਰੜ ਦੇ ਵਸਨੀਕਾਂ ਨਾਲ ਆਪਣਾ ਵਾਅਦਾ ਪੂਰਾ ਕਰਨ ਤੇ ਬਹੁਤ ਖੁਸ਼ ਹਨ ਉਨ੍ਹਾਂ ਕਿਹਾ ਕਿ ਸੀਵਰੇਜ ਲਾਈਨ ਅਤੇ ਪਾਣੀ ਦੀ ਸਪਲਾਈ ਸਮੇਤ ਸਾਰੀਆਂ ਪ੍ਰਮੁੱਖ ਮੰਗਾਂ ਪਹਿਲਾਂ ਹੀ ਪੂਰੀਆਂ ਹੋ ਚੁੱਕੀਆਂ ਹਨ ਅਤੇ ਉਹ ਆਉਣ ਵਾਲੇ ਦਿਨਾਂ ਵਿੱਚ ਹੋਰ ਮੁਸ਼ਕਿਲਾਂ ਦੇ ਨਿਪਟਾਰੇ ਲਈ ਜ਼ੋਰ ਦੇਣਗੇ। ਇਸ ਮੌਕੇ ਮੌਜੂਦ ਪ੍ਰਮੁੱਖ ਵਿਅਕਤੀਆਂ ਵਿੱਚ ਨਗਰ ਕੌਂਸਲ ਪ੍ਰਧਾਨ ਅੰਜੂ ਚੰਦਰ ਅਤੇ ਕੌਂਸਲਰ, ਨਿਗਰਾਨ ਇੰਜੀਨੀਅਰ, ਜਲ ਸਪਲਾਈ ਤੇ ਸੀਵਰੇਜ ਬੋਰਡ ਗੁਰਦੇਸ਼ ਪਾਲ ਸਿੰਘ, ਐਸ ਡੀ ਓ ਦੀਪਕ ਕੁਮਾਰ ਅਤੇ ਹੋਰ ਪਤਵੰਤੇ ਸ਼ਾਮਲ ਸਨ।

# ਐਨਐਚਏਆਈ ਦੇ ਚੇਅਰਮੈਨ ਨੇ ਪੰਜਾਬ ਦੇ ਮੰਤਰੀ ਸੰਜੀਵ ਅਰੋੜਾ ਨੂੰ ਪੰਜਾਬ ਵਿੱਚ ਰੁਕੇ ਹੋਏ ਹਾਈਵੇ ਪ੍ਰੋਜੈਕਟਾਂ 'ਤੇ ਤੁਰੰਤ ਕਾਰਵਾਈ ਦਾ ਦਿੱਤਾ ਭਰੋਸਾ



ਲੁਧਿਆਣਾ, 9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਨਵੀਂ ਦਿੱਲੀ ਵਿੱਚ ਨੈਸ਼ਨਲ ਹਾਈਵੇਜ਼ ਅਥਾਰਟੀ ਆਫ਼ ਇੰਡੀਆ (ਐਨਐਚਏਆਈ) ਦੇ ਚੇਅਰਮੈਨ ਸੰਤੋਸ਼ ਕੁਮਾਰ ਯਾਦਵ ਨਾਲ ਮੁਲਾਕਾਤ ਕੀਤੀ ਅਤੇ ਲਾਡੋਵਾਲ ਬਾਈਪਾਸ ਅਤੇ ਦਿੱਲੀ-ਕਟੜਾ ਐਕਸਪ੍ਰੈਸਵੇਅ ਵਿਚਕਾਰ ਬਿਹਤਰ ਸੰਪਰਕ ਲਈ ਰਾਸ਼ਟਰੀ ਰਾਜਮਾਰਗ ਦੇ ਵਿਸਥਾਰ ਦੀ ਬੇਨਤੀ ਕੀਤੀ। ਉਨ੍ਹਾਂ ਨੇ ਲੁਧਿਆਣਾ-ਰੂਪਨਗਰ ਪ੍ਰੋਜੈਕਟਾਂ ਅਤੇ ਦਿੱਲੀ-ਕਟੜਾ ਐਕਸਪ੍ਰੈਸਵੇਅ ਪੈਕੇਜ 8, 10 ਅਤੇ 11 ਦੇ ਬਾਕੀ ਕੰਮਾਂ ਲਈ ਨਵੇਂ ਟੈਂਡਰ ਫਲੋਟ ਕਰਨ ਦੀ ਵੀ ਬੇਨਤੀ ਕੀਤੀ।

ਜਾਰੀ ਇੱਕ ਪ੍ਰੈਸ ਰਿਲੀਜ਼ ਵਿੱਚ, ਅਰੋੜਾ ਨੇ ਕਿਹਾ ਕਿ ਉਨ੍ਹਾਂ ਨੇ ਐਨਐਚਏਆਈ ਦੇ ਚੇਅਰਮੈਨ ਦਾ ਧਿਆਨ ਲਾਡੋਵਾਲ ਬਾਈਪਾਸ ਨੂੰ ਦਿੱਲੀ-ਕਟੜਾ ਐਕਸਪ੍ਰੈਸਵੇਅ ਨਾਲ ਜੋੜਨ ਵਾਲੀ ਸੜਕ ਦੀ ਮਹੱਤਤਾ ਵੱਲ ਖਿੱਚਿਆ।

ਉਨ੍ਹਾਂ ਦੱਸਿਆ ਕਿ ਇਹ ਰਸਤਾ ਆਵਾਜਾਈ ਅਤੇ ਖੇਤਰੀ ਸੰਪਰਕ ਨੂੰ ਵਧਾਉਣ ਲਈ ਮਹੱਤਵਪੂਰਨ ਹੈ, ਜਿਸ ਨਾਲ ਵਸਨੀਕਾਂ ਅਤੇ ਯਾਤਰੀਆਂ ਦੋਵਾਂ ਲਈ ਸੁਚਾਰੂ ਯਾਤਰਾ ਸੰਭਵ ਹੋਵੇਗੀ। ਉਨ੍ਹਾਂ ਚੇਅਰਮੈਨ ਨੂੰ ਦੱਸਿਆ ਕਿ ਪੰਜਾਬ ਸਰਕਾਰ ਇਸ ਪ੍ਰੋਜੈਕਟ ਲਈ ਐਨਐਚਏਆਈ ਨੂੰ ਜ਼ਮੀਨ (ਨਹਿਰ ਦੇ ਨਾਲ ਮੌਜੂਦਾ ਸੜਕ) ਪ੍ਰਦਾਨ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਇਸ ਪਹਿਲਕਦਮੀ ਨਾਲ ਜਨਤਾ ਨੂੰ ਬਹੁਤ ਫਾਇਦਾ ਹੋਵੇਗਾ ਅਤੇ ਖੇਤਰ ਵਿੱਚ ਆਰਥਿਕ ਵਿਕਾਸ ਨੂੰ ਹੁਲਾਰਾ ਮਿਲੇਗਾ।

ਅਰੋੜਾ ਨੇ ਜ਼ੋਰ ਦੇ ਕੇ ਕਿਹਾ ਕਿ ਦਿੱਲੀ-ਕਟੜਾ ਐਕਸਪ੍ਰੈਸਵੇਅ ਨੂੰ ਹੰਬੜਾਂ ਰੋਡ ਅਤੇ ਫਿਰੋਜ਼ਪੁਰ ਰੋਡ ਰਾਹੀਂ ਜੋੜਨ ਵਾਲੇ ਇੰਟਰਚੇਂਜ ਲੁਧਿਆਣਾ ਸ਼ਹਿਰ ਤੋਂ ਬਹੁਤ ਦੂਰ ਹਨ, ਜਿਸ ਨਾਲ ਪਹੁੰਚ ਅਤੇ ਗਤੀਸ਼ੀਲਤਾ ਦੀਆਂ ਚੁਣੌਤੀਆਂ ਪੈਦਾ ਹੋ ਰਹੀਆਂ ਹਨ। ਖੇਤਰ ਵਿੱਚ ਸੰਪਰਕ ਨੂੰ ਬਿਹਤਰ ਬਣਾਉਣ ਨਾਲ ਭਾਈਚਾਰੇ ਨੂੰ ਲਾਭ ਹੋਵੇਗਾ ਅਤੇ ਵਿਕਾਸ ਦੇ ਯਤਨਾਂ ਨੂੰ ਹੁਲਾਰਾ ਮਿਲੇਗਾ। ਉਨ੍ਹਾਂ ਨੇ ਐਨਐਚਏਆਈ ਚੇਅਰਮੈਨ ਨੂੰ ਇਹ ਵੀ ਦੱਸਿਆ ਕਿ ਭਾਈਚਾਰਾ ਨਿਵਾਸੀਆਂ ਦੀ ਸਮੁੱਚੀ ਭਲਾਈ ਲਈ ਇਨ੍ਹਾਂ ਪ੍ਰੋਜੈਕਟਾਂ ਦੇ ਸਫਲ ਲਾਗੂਕਰਨ ਨੂੰ ਯਕੀਨੀ ਬਣਾਉਣ ਲਈ ਪੂਰਾ ਸਹਿਯੋਗ ਦੇਣ ਲਈ ਤਿਆਰ ਹੈ।

ਉਨ੍ਹਾਂ ਕਿਹਾ ਕਿ ਐਨਐਚਏਆਈ ਚੇਅਰਮੈਨ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਲਾਡੋਵਾਲ ਬਾਈਪਾਸ ਨੂੰ ਦਿੱਲੀ-ਕਟੜਾ ਐਕਸਪ੍ਰੈਸਵੇਅ ਨਾਲ ਜੋੜਨ ਲਈ ਐਨਐਚ ਨੂੰ ਵਧਾਉਣ ਦੀ ਬੇਨਤੀ 'ਤੇ ਵਿਚਾਰ ਕੀਤਾ ਜਾਵੇਗਾ।

ਅਰੋੜਾ ਨੇ ਚੇਅਰਮੈਨ ਨੂੰ ਲੁਧਿਆਣਾ-ਰੂਪਨਗਰ ਦੇ ਦੋ ਪੈਕੇਜਾਂ (ਪੈਕੇਜ 1 ਅਤੇ ਪੈਕੇਜ 2) ਦੀ ਸਥਿਤੀ ਬਾਰੇ ਵੀ ਜਾਣੂ ਕਰਵਾਇਆ। ਉਨ੍ਹਾਂ ਦੱਸਿਆ ਕਿ ਪੈਕੇਜ 1 ਜੀਆਰ ਇਨਫਰਾਪ੍ਰੋਜੈਕਟਸ ਲਿਮਟਿਡ ਨੂੰ ਅਤੇ ਪੈਕੇਜ 2 ਸੀਗਲ ਇੰਡੀਆ ਲਿਮਟਿਡ ਨੂੰ ਦਿੱਤਾ ਗਿਆ ਹੈ। ਹਾਲਾਂਕਿ, ਜੀਆਰ ਇਨਫਰਾਪ੍ਰੋਜੈਕਟਸ ਲਿਮਟਿਡ ਨੂੰ ਦਿੱਤਾ ਗਿਆ ਪ੍ਰੋਜੈਕਟ ਉਮੀਦ ਅਨੁਸਾਰ ਅੱਗੇ ਨਹੀਂ ਵਧਿਆ ਹੈ ਅਤੇ ਇਸਨੂੰ ਖਤਮ ਕਰ ਦਿੱਤਾ ਗਿਆ ਹੈ, ਜਦੋਂ ਕਿ ਪੈਕੇਜ 2 ਨੂੰ ਐਨਐਚਏਆਈ ਵੱਲੋਂ ਖਤਮ ਕਰ ਦਿੱਤਾ ਗਿਆ ਹੈ। ਅਰੋੜਾ ਨੇ ਜ਼ੋਰ ਦੇ ਕੇ ਕਿਹਾ ਕਿ ਦੋਵੇਂ ਪ੍ਰੋਜੈਕਟ ਖੇਤਰ ਦੇ ਵਿਕਾਸ ਅਤੇ ਜਨਤਕ ਹਿੱਤ ਲਈ ਮਹੱਤਵਪੂਰਨ ਹਨ।

ਇਸ ਨੂੰ ਧਿਆਨ ਵਿੱਚ ਰੱਖਦੇ ਹੋਏ, ਉਨ੍ਹਾਂ ਨੇ ਐਨਐਚਏਆਈ ਚੇਅਰਮੈਨ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਕੰਮਾਂ ਨੂੰ ਸਮੇਂ ਸਿਰ ਪੂਰਾ ਕਰਨ ਅਤੇ ਪ੍ਰੋਜੈਕਟ ਸਮਾਂ-ਸੀਮਾ ਅਨੁਸਾਰ ਪੂਰਾ ਕਰਨ ਨੂੰ ਯਕੀਨੀ ਬਣਾਉਣ ਲਈ ਨਵੇਂ ਟੈਂਡਰ ਮੰਗਵਾਉਣ 'ਤੇ ਵਿਚਾਰ ਕਰਨ। ਉਨ੍ਹਾਂ ਅੱਗੇ ਕਿਹਾ ਕਿ ਐਨਐਚਏਆਈ ਚੇਅਰਮੈਨ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਹੈ ਕਿ ਲੁਧਿਆਣਾ-ਰੂਪਨਗਰ ਪ੍ਰੋਜੈਕਟਾਂ (ਪੈਕੇਜ 1 ਅਤੇ ਪੈਕੇਜ 2) ਲਈ ਨਵੇਂ ਟੈਂਡਰ ਜਾਰੀ ਕੀਤੇ ਜਾਣਗੇ।

ਅਰੋੜਾ ਨੇ ਦਿੱਲੀ-ਕਟੜਾ ਐਕਸਪ੍ਰੈਸਵੇਅ ਪ੍ਰੋਜੈਕਟ ਦੀ ਸਥਿਤੀ ਬਾਰੇ ਵੀ ਚਰਚਾ ਕੀਤੀ ਅਤੇ ਕਿਹਾ ਕਿ ਪੈਕੇਜ 8, 10 ਅਤੇ 11 'ਤੇ ਕੰਮ ਅਜੇ ਵੀ ਰੁਕਿਆ ਹੋਇਆ ਹੈ। ਠੇਕੇਦਾਰ ਮੈਸਰਜ਼ ਮੈਸਰਜ਼ ਐਮਕੇਸੀ (ਜੇਵੀ) ਲੰਬੇ ਸਮੇਂ ਤੋਂ ਕੰਮ ਸ਼ੁਰੂ ਜਾਂ ਪੂਰਾ ਨਹੀਂ ਕਰ ਸਕਿਆ ਹੈ।

ਖੇਤਰ ਲਈ ਇਨ੍ਹਾਂ ਪ੍ਰੋਜੈਕਟਾਂ ਦੀ ਰਣਨੀਤਕ, ਆਰਥਿਕ ਅਤੇ ਧਾਰਮਿਕ ਮਹੱਤਤਾ ਨੂੰ ਦੇਖਦੇ ਹੋਏ, ਉਨ੍ਹਾਂ ਨੇ ਐਨਐਚਏਆਈ ਨੂੰ ਬਾਕੀ ਕੰਮ ਲਈ ਟੈਂਡਰ ਪ੍ਰਕਿਰਿਆ ਤੇਜ਼ ਕਰਨ ਦੀ ਬੇਨਤੀ ਕੀਤੀ।

ਅਰੋੜਾ ਨੇ ਅੱਗੇ ਕਿਹਾ ਕਿ ਐਨਐਚਏਆਈ ਚੇਅਰਮੈਨ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਹੈ ਕਿ ਦਿੱਲੀ-ਕਟੜਾ ਐਕਸਪ੍ਰੈਸਵੇਅ ਪ੍ਰੋਜੈਕਟ ਦੇ ਬਾਕੀ ਪੈਕੇਜਾਂ ਲਈ ਨਵੇਂ ਟੈਂਡਰ ਮੰਗੇ ਜਾਣਗੇ।

ਅਰੋੜਾ ਨੇ ਅੱਗੇ ਕਿਹਾ ਕਿ ਐਨਐਚਏਆਈ ਚੇਅਰਮੈਨ ਨੇ ਉਨ੍ਹਾਂ ਨੂੰ ਇਨ੍ਹਾਂ ਸਾਰੇ ਪ੍ਰੋਜੈਕਟਾਂ ਦੀ ਨਿੱਜੀ ਸਮੀਖਿਆ ਲਈ ਪੰਜਾਬ ਦੇ ਆਪਣੇ ਆਉਣ ਵਾਲੇ ਦੌਰੇ ਦਾ ਵੀ ਭਰੋਸਾ ਦਿੱਤਾ ਹੈ।

# ਮੇਅਰ ਕੁੰਦਨ ਗੋਗੀਆ ਵਲੋਂ ਕਾਲੀ ਮਾਤਾ ਮੰਦਿਰ ਦੀ ਨਵੀਂ ਕਮੇਟੀ ਨੂੰ ਦਿੱਤੀ ਵਧਾਈ

## ਸਫਾਈ, ਮਰੰਮਤ ਅਤੇ ਨਵੀਨੀਕਰਨ ਕਾਰਜਾਂ ਵਿੱਚ ਆਵੇਗੀ ਤੇਜੀ



ਪਟਿਆਲਾ, 9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਪ੍ਰਾਚੀਨ ਇਤਿਹਾਸਕ ਕਾਲੀ ਮਾਤਾ ਮੰਦਰ 'ਚ ਅੱਜ ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ ਵਲੋਂ ਨਿਗਮ ਦੇ ਅਧਿਕਾਰੀਆਂ ਸਮੇਤ ਮੰਦਿਰ ਦੀ ਨਵੀਂ ਬਣੀ ਕਮੇਟੀ ਨਾਲ ਸਫਾਈ, ਮਰੰਮਤ ਅਤੇ ਨਵੀਨੀਕਰਨ ਕਾਰਜਾਂ ਸੰਬੰਧੀ ਹੋਰ ਸੁਚੱਜੀ ਯੋਜਨਾ ਅਨੁਸਾਰ ਕੰਮ ਕਰਨ ਲਈ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਕਮਲ ਬਾਂਸਲ, ਏ ਡੀ ਸੀ ਇਸ਼ਾ ਸਿੰਗਲ, ਐਸ ਪੀ ਪਲਵਿੰਦਰ ਸਿੰਘ ਚੀਮਾ ਅਤੇ ਹੋਰ ਨਾਮੀ ਸ਼ਖਸ਼ੀਅਤਾਂ ਵਿਸ਼ੇਸ਼ ਤੌਰ ਤੇ ਮੌਜੂਦ ਸਨ। ਦੌਰੇ ਦੌਰਾਨ ਮੇਅਰ ਨੇ ਕਿਹਾ ਕਿ ਕਾਲੀ ਮਾਤਾ ਮੰਦਰ ਪਟਿਆਲਾ ਦਾ ਨਾ ਸਿਰਫ਼ ਇੱਕ ਆਧਿਆਤਮਿਕ ਕੇਂਦਰ ਹੈ, ਸਗੋਂ ਇਹ ਸ਼ਹਿਰ ਦੀ ਵਿਰਾਸਤ ਅਤੇ ਆਸਥਾ ਦਾ ਵੀ ਪ੍ਰਤੀਕ ਹੈ। ਇਸ ਤੀਰਥ ਸਥਾਨ ਨੂੰ ਹੋਰ ਵਿਸ਼ਵਾਸਯੋਗ, ਸੁਚੱਜਾ ਅਤੇ ਵਿਲੱਖਣ ਬਣਾਉਣ ਦੀ ਲੋੜ ਹੈ, ਤਾਂ ਜੋ ਜ਼ਿਆਦਾ ਤੋਂ ਜ਼ਿਆਦਾ ਸ਼ਰਧਾਲੂ ਇੱਥੇ ਆ ਕੇ ਨਿਮਰਤਾ ਨਾਲ ਦਰਸ਼ਨ ਕਰ ਸਕਣ। ਮੇਅਰ ਨੇ ਹਾਲ ਹੀ 'ਚ ਨਵੀਂ ਬਣਾਈ ਗਈ ਮੰਦਰ ਪ੍ਰਬੰਧਕ ਕਮੇਟੀ ਦੇ ਰਾਜਿੰਦਰ ਗੁਪਤਾ ਚੇਅਰਪਰਸਨ, ਡਿਪਟੀ ਕਮਿਸ਼ਨਰ ਮੈਂਬਰ ਸਕੱਤਰ, ਉਪ-ਮੰਡਲ ਮੈਜਿਸਟਰੇਟ ਮੈਂਬਰ, ਸੰਜੇ ਸਿੰਗਲਾ ਮੈਂਬਰ, ਅਜੈ ਕੁਮਾਰ ਅਲੀਪੁਰੀਆ ਮੈਂਬਰ, ਇੰਦਰਜੀਤ ਮਹਾਜਨ ਮੈਂਬਰ, ਡਾ. ਰਾਜ ਕੁਮਾਰ ਗੁਪਤਾ ਮੈਂਬਰ, ਏ.ਐਸ. ਮਿੱਤਲ ਮੈਂਬਰ, ਜੇ. ਕੇ. ਜੋਸ਼ੀ ਮੈਂਬਰ, ਵਿਮਲ ਜੈਨ ਮੈਂਬਰ, ਮਹੇਸ਼ ਮਿੱਤਲ ਮੈਂਬਰ ਨੂੰ ਵੀ ਮੁਬਾਰਕਬਾਦ ਦਿੱਤੀ। ਉਨ੍ਹਾਂ ਕਿਹਾ ਕਿ ਨਵੀਂ ਕਮੇਟੀ ਬਣਨ ਨਾਲ ਮੰਦਰ ਦੇ ਨਵੀਨੀਕਰਨ ਕੰਮ ਜਲਦ ਅਤੇ ਸੁੱਚਜੇ ਢੰਗ ਨਾਲ ਹੋਣਗੇ। ਚਰਚਾ ਉਪਰੰਤ ਮੇਅਰ ਨੇ ਗੱਲਬਾਤ ਦੌਰਾਨ ਦੱਸਿਆ ਕਿ ਮੰਦਰ ਪ੍ਰਾਂਗਣ ਵਿੱਚ ਦਰਸ਼ਨਾਥੀਆਂ ਲਈ ਹੋਣ ਵਾਲੀਆਂ ਨਵੀਂ ਵਿਵਸਥਾਵਾਂ ਦੀ ਵੀ ਚਰਚਾ ਕੀਤੀ। ਇਸ ਵਿੱਚ ਪਾਣੀ ਪੀਣ ਵਾਲੀਆਂ ਥਾਵਾਂ, ਥੰਡੇ ਪਾਣੀ ਦੇ ਕੂਲਰ, ਬੈਠਣ ਦੀ ਢੁਕਵੀਂ ਵਿਵਸਥਾ, ਈ-ਦਰਸ਼ਨ ਅਤੇ ਈ-ਦਾਨਬਕਸਾ ਜਿਵੇਂ ਆਧੁਨਿਕ ਸੁਝਾਅ ਸ਼ਾਮਿਲ ਹਨ। ਉਨ੍ਹਾਂ ਦੱਸਿਆ ਕਿ ਮੰਦਰ ਪ੍ਰਬੰਧਨ ਨੂੰ ਈ-ਗਵਰਨੈਂਸ ਨਾਲ ਜੋੜਨ ਦੀ ਯੋਜਨਾ ਤੇਜ਼ੀ ਨਾਲ ਅੱਗੇ ਵਧ ਰਹੀ ਹੈ। ਕਮਿਊਨਟੀ ਹਾਲ, ਸਾਫ਼-ਸੁਥਰੀ ਪੇਸ਼ਾਬ ਘਰ ਸੇਵਾਵਾਂ, ਸਟ ?ਰੀਟ ਲਾਈਟਿੰਗ, ਲੰਗਰ ਭਵਨ ਦਾ ਨਵੀਨੀਕਰਨ, ਅਤੇ ਦਰਸ਼ਨ ਲਾਈਨਾ ਵਰਗੀਆਂ ਸੁਵਿਧਾਵਾਂ ਨੂੰ ਹੋਰ ਵਧੀਆ ਕਰਨ ਲਈ ਵੀ ਨਕਸ਼ਾ ਤਿਆਰ ਕੀਤਾ ਜਾ ਰਿਹਾ ਹੈ।

# ਜ਼ੇਲ੍ਹਾਂ ਵਿੱਚ ਬੰਦ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਵੀ ਸਰਕਾਰਾਂ ਰਿਹਾਅ ਕਰਨ : ਪ੍ਰੋ. ਬਡੂੰਗਰ

ਪਟਿਆਲਾ, 9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਸ਼ੰਗੀਨ ਦੋਸ਼ਾਂ ਦੇ ਤਹਿਤ ਜੇਲ ਵਿੱਚ ਸਜ਼ਾ ਕੱਟ ਰਹੇ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਦਿੱਤੀ ਜਾ ਰਹੀ ਵਾਰ-ਵਾਰ ਪੈਰੋਲ ਤੇ ਫ਼ਰਲੋ ਦਿੱਤੇ ਜਾਣ ਦੀ ਨਿਖੇਧੀ ਕਰਦਿਆਂ ਕਿਹਾ ਕਿ ਇੱਕੋ ਦੇਸ਼ ਵਿੱਚ ਦੋ ਕਾਨੂੰਨ ਕਿਵੇਂ ਹੋ ਸਕਦੇ ਹਨ ।

ਉਹਨਾਂ ਕਿਹਾ ਕਿ ਇੱਕ ਪਾਸੇ ਡੇਰਾ ਸਰਸਾ ਦੇ ਮੁਖੀ ਨੂੰ ਵਾਰ ਵਾਰ ਪੈਰੋਲ ਤੇ ਫਰਲੋ ਦਿੱਤੀ ਜਾ ਰਹੀ ਹੈ ਤੇ ਦੂਜੇ ਪਾਸੇ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਪੈਰੋਲ ਜਾਂ ਆਪਣੀਆਂ ਸਜ਼ਾਵਾਂ ਭੁਗਤ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਉਹਨਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਕੌਮ ਵੱਲੋਂ ਵਾਰ-ਵਾਰ ਇਹ ਮੰਗ ਕੀਤੀ ਜਾ ਰਹੀ ਹੈ ਕਿ ਬੰਦੀ ਸਿੰਘ ਜਿਨਾਂ ਵੱਲੋਂ ਆਪਣੀ ਸਜ਼ਾ ਪੂਰੀ ਕੀਤੇ ਜਾਣ ਦੇ ਬਾਵਜੂਦ ਵੀ ਜੇਲਾਂ ਵਿੱਚ ਬੰਦ ਹੋਇਆਂ ਨੂੰ ਲੰਮਾ ਸਮਾਂ ਹੋ ਗਿਆ ਹੈ, ਉਨਾਂ ਨੂੰ ਰਿਹਾਅ ਕੀਤਾ ਜਾਵੇ ਤੇ ਅਜਿਹਾ ਕਰਕੇ ਸਰਕਾਰਾਂ ਅਤੇ ਅਦਾਲਤ ਾਂ ਵੱਲੋਂ ਮਨੁੱਖੀ ਹੱਕਾਂ ਦਾ ਘਾਣ ਕੀਤਾ ਜਾ ਰਿਹਾ ਹੈ।

ਉਹਨਾਂ ਕਿਹਾ ਕਿ ਹਰਿਆਣਾ ਤੇ ਰੋਹਤਕ ਦੀ ਸੁਨਾਰੀਆ ਜੇਲ ਵਿੱਚ ਸੰਗੀਨ ਦੋਸ਼ਾਂ ਤਹਿਤ ਸਜ਼ਾ ਕੱਟ ਰਿਹਾਡੇਰਾ ਮੁਖੀ ਰਾਮ ਰਹੀਮ 2017 ਤੋਂ ਲੈ ਕੇ ਹੁਣ ਤੱਕ ਘੱਟ ਘੱਟ ਇੱਕ ਦਰਜਨ ਤੋਂ ਵੀ ਵੱਧ ਵਾਰ ਪੈਰੋਲ ਤੇ ਫਰਲੋ ਉੱਤੇ ਜੇਲ ਤੋਂ ਬਾਹਰ ਆ ਚੁੱਕਾ ਹੈ।

# ਈਜੀ ਰਜਿਸਟਰੀ ਲੋਕਾਂ ਲਈ ਸੁਵਿਧਾ ਨਹੀਂ, ਦੁਵਿਧਾ ਬਣੀ: ਸਮਾਜ ਸੇਵਕ ਅਰਜੁਨ ਭਾਰਦਵਾਜ



ਅੰਮ੍ਰਿਤਸਰ 9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸਮਾਜ ਸੇਵਕ ਅਰਜੁਨ ਭਾਰਦਵਾਜ ਅਤੇ ਰਕੇਸ਼ ਕੁਮਾਰ ਲੱਕੀ ਨੇ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਈਜੀ ਰਜਿਸਟਰੀ ਸਕੀਮ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਸਕੀਮ ਲੋਕਾਂ ਦੀ ਸੁਵਿਧਾ ਵਾਸਤੇ ਨਹੀਂ, ਸਗੋਂ ਮੁਸੀਬਤ ਬਣੀ ਹੋਈ ਹੈ।

ਉਨ੍ਹਾਂ ਦੱਸਿਆ ਕਿ ਸਰਵਰ ਲਗਾਤਾਰ ਸਲੋ ਰਹਿੰਦਾ ਹੈ ਜਿਸ ਕਾਰਨ ਲੋਕਾਂ ਨੂੰ ਆਪਣੇ ਦਸਤਾਵੇਜ਼ ਰਜਿਸਟਰ ਕਰਵਾਉਣ ਲਈ ਘੰਟਿਆਂ ਤੱਕ ਇੰਤਜ਼ਾਰ ਕਰਨਾ ਪੈਂਦਾ ਹੈ। ਸਿਰਫ ਆਮ ਲੋਕ ਹੀ ਨਹੀਂ, ਬਲਕਿ ਕਰਮਚਾਰੀ ਵੀ ਇਸ ਸਕੀਮ ਦੀਆਂ ਖਾਮੀਆਂ ਕਾਰਨ ਪਰੇਸ਼ਾਨ ਹਨ।

ਇਸ ਮਾਮਲੇ ਸਬੰਧੀ ਜਦੋਂ ਸਾਡੇ ਪੱਤਰਕਾਰ ਨੇ ਸਬ ਰਜਿਸਟਰਾਰ ਅੰਮ੍ਰਿਤਸਰ 2 ਮੈਡਮ ਪ੍ਰਿਅੰਕਾ ਰਾਣੀ ਅਤੇ ਮੈਡਮ ਸਪੱਰਸ਼ ਕੌਰ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਕਿਹਾ ਕਿ ਅਸੀਂ ਤਾਂ ਆਪਣੇ ਡਿਊਟੀ ਦੇ ਸਮੇਂ ਅਨੁਸਾਰ 9 ਵਜੇ ਦਫਤਰ ਵਿੱਚ ਆ ਜਾਦੇ ਆ ਪਰ ਸਰਵਰ ਨਾ ਚੱਲਣ ਦੇ ਕਾਰਨ ਸਾਨੂੰ ਵੀ ਪਰੇਸ਼ਾਨੀ ਆ ਰਹੀ ਹੈ ਅਤੇ ਸਾਨੂੰ ਲੋਕਾਂ ਦੇ ਗੁੱਸੇ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ ਕਿਉਂਕਿ ਸਰਵਰ ਬਹੁਤ ਸਲੋ ਚਲਦਾ ਹੈ ਪਰ ਲੋਕ ਇਸ ਗੱਲ ਨੂੰ ਸਮਝਣ ਲਈ ਤਿਆਰ ਨਹੀਂ ਹਨ ਉਹਨਾਂ ਨੂੰ ਲੱਗਦਾ ਹੈ ਕਿ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਜਾਣ ਬੁਝ ਕੇ ਪਰੇਸ਼ਾਨ ਕੀਤਾ ਜਾ ਰਿਹਾ ਹੈ ਜਦ ਕਿ ਅਸੀਂ ਆਪਣੀ ਡਿਊਟੀ ਸਰਕਾਰ ਵੱਲੋਂ ਨਿਰਧਾਰਿਤ ਸਮੇਂ ਅਨੁਸਾਰ ਪੂਰੀ ਇਮਾਨਦਾਰੀ ਅਤੇ ਤਨਦੇਹੀ ਦੇ ਨਾਲ ਨਿਭਾ ਰਹੇ ਹਾਂ ਉਹਨਾਂ ਕਿਹਾ ਕਿ ਅਸੀਂ ਇਸ ਸਬੰਧੀ ਉੱਚ ਅਧਿਕਾਰੀਆਂ ਨੂੰ ਜਾਣਕਾਰੀ ਦਿੱਤੀ ਹੈ ਸੋ ਬਹੁਤ ਜਲਦ ਇਸ ਸਮੱਸਿਆ ਦਾ ਹੱਲ ਨਿਕਲ ਜਾਵੇਗਾ

ਭਾਰਦਵਾਜ ਤੇ ਲੱਕੀ ਵੱਲੋਂ ਪੰਜਾਬ ਸਰਕਾਰ ਅਤੇ ਸਬੰਧਤ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਈਜੀ ਰਜਿਸਟਰੀ ਵਿਭਾਗ ਦੀ ਕਾਰਗੁਜ਼ਾਰੀ ਨੂੰ ਸੁਧਾਰਿਆ ਜਾਵੇ, ਤਾਕਿ ਇਹ ਸਕੀਮ ਆਪਣੇ ਨਾਮ ਅਨੁਸਾਰ ਵਾਸਤਵ ਵਿੱਚ ਈਜੀ ਸਾਬਤ ਹੋ ਸਕੇ।

# ਨਾਰੀ ਸ਼ਕਤੀ ਇੱਕਜੁਟ ਮੰਚ ਨੇ ਤੀਜ ਤਿਉਹਾਰ ਸਬੰਧੀ ਅੰਬੇਡਕਰ ਨਗਰ ਵਿਖੇ ਸੱਭਿਆਚਾਰਕ ਸਮਾਰੋਹ ਕਰਵਾਇਆ



ਪਟਿਆਲਾ, 9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਵਾਰਡ ਨੰ. 54 ਅਧੀਨ ਆਉਂਦੇ ਡਾ. ਅੰਬੇਡਕਰ ਨਗਰ (ਕਲਰ ਕਲੋਨੀ) ਵਿਖੇ ਨਾਰੀ ਸ਼ਕਤੀ ਇੱਕਜੁਟ ਮੰਚ ਵੱਲੋਂ ਪ੍ਰਧਾਨ ਜਸਵੰਤ ਕੌਰ ਸੋਨੀਆ ਦੀ ਅਗਵਾਈ ਵਿੱਚ ਪੁਰਾਤਨ ਰੀਤਾਂ ਰਿਵਾਜਾਂ ਨੂੰ ਕਾਇਮ ਰੱਖਦਾ ਤਿਉਹਾਰ ਤੀਜ ਸਬੰਧੀ ਸਮਾਰੋਹ ਕਰਵਾਇਆ ਗਿਆ। ਜਿਸ ਦੌਰਾਨ ਉੱਘੇ ਸਮਾਜਸੇਵੀ ਅਤੇ ਸ੍ਰੀ ਗੁਰੂ ਰਵਿਦਾਸ ਸੰਤੋਖ ਸਭਾ ਦੇ ਪ੍ਰਧਾਨ ਮਹਿੰਦਰ ਸਿੰਘ ਬਡੂੰਗਰ ਵੱਲੋਂ ਵਿਸ਼ੇਸ਼ ਸ਼ਮੂਲਿਅਤ ਕੀਤੀ ਗਈ। ਇਸ ਮੌਕੇ ਤੇ ਪੰਜਾਬੀ ਪਹਿਰਾਵੇ ਵਿੱਚ ਪਹੁੰਚੀਆਂ ਮਹਿਲਾਵਾਂ ਵੱਲੋਂ ਲੋਕ ਨਾਚ ਗਿੱਧੇ ਦੀਆਂ ਵੱਖ-ਵੱਖ ਪੇਸ਼ਕਾਰੀਆਂ ਦਿੱਤੀਆਂ ਗਈਆਂ। ਇਸ ਮੌਕੇ ਪ੍ਰਧਾਨ ਮਹਿੰਦਰ ਸਿੰਘ ਬਡੂੰਗਰ ਨੇ ਕਿਹਾ ਕਿ ਤੀਜ ਤਿਉਹਾਰ ਸਾਡੀ ਕਦਰਾਂ ਕੀਮਤਾਂ ਅਤੇ ਸਭਿਅਤਾ ਨੂੰ ਦਰਸਾਉਂਦਾ ਹੈ। ਜਿਹੜਾ ਕਿ ਆਪਣੇ ਵਿਰਸੇ ਅਤੇ ਸੱਭਿਆਚਾਰ ਲਈ ਪੂਰੀ ਦੁਨੀਆ ਵਿੱਚ ਪ੍ਰਸਿੱਧ ਹੈ। ਪੰਜਾਬ ਨਾਲ ਸਬੰਧਤ ਜਿੱਥੇ ਅਨੇਕਾਂ ਤਿਉਹਾਰਾਂ ਨੂੰ ਬੜੀ ਧੂਮ-ਧਾਮ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ, ਇਨ੍ਹਾਂ ਵਿੱਚ ਤੀਜ ਦੀ ਵਿਸੇਸ਼ ਮਹੱਤਤਾ ਹੈ ਜੋ ਕਿ ਮਹਿਲਾਵਾਂ ਲਈ ਇੱਕ ਖੁਸ਼ੀਆਂ ਨਾਲ ਭਰਿਆ ਹੋਇਆ ਤਿਉਹਾਰ ਹੈ। ਇਹ ਤਿਉਹਾਰ ਸੱਭਿਆਚਾਰ ਸਨਮਾਨ ਅਤੇ ਵਿਰਾਸਤ ਨੂੰ ਸੁਰੱਖਿਅਤ ਰੱਖਣ ਸਬੰਧੀ ਵੀ ਹੈ ਅਤੇ ਜੋ ਕਿ ਹਰ ਪਾਸੇ ਖੁਸ਼ੀਆਂ, ਭਾਈਚਾਰਕ ਸਾਂਝ ਦੀ ਮਜ਼ਬੂਤੀ ਅਤੇ ਏਕਤਾ ਦਾ ਸੁਨੇਹਾ ਵੀ ਦਿੰਦਾ ਹੈ।

ਇਸ ਮੌਕੇ ਨਾਰੀ ਸ਼ਕਤੀ ਇੱਕਜੁਟ ਮੰਚ ਦੇ ਪ੍ਰਧਾਨ ਜਸਵੰਤ ਕੌਰ ਸੋਨੀਆ ਨੇ ਕਿਹਾ ਕਿ ਸੰਸਥਾ ਵੱਲੋਂ ਵੱਖ-ਵੱਖ ਵਿਸ਼ੇਸ਼ ਦਿਨਾਂ ਤੇ ਸਾਂਝੇ ਤੌਰ ਤੇ ਸਮਾਰੋਹ ਆਯੋਜਿਤ ਕੀਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਬੇਸ਼ਕ ਸਾਡੀ ਅਨੇਕਾਂ ਜੁੰਮੇਵਾਰੀਆਂ ਅਤੇ ਰੁਝੇਵੇਂ ਹਨ ਪਰ ਇਸਦੇ ਬਾਵਜੂਦ ਸਾਡੀ ਨੈਤਿਕ ਅਤੇ ਸਮਾਜਿਕ ਜੁੰਮੇਵਾਰੀ ਬਣਦੀ ਹੈ ਕਿ ਅਸੀਂ ਆਪਣੇ ਵਿਸ਼ੇਸ਼ ਦਿਨ ਤਿਉਹਾਰ ਮਨਾਉਣ ਦੇ ਉਪਰਾਲੇ ਕਰਦੇ ਰਹੀਏ ਤਾਂ ਜੋ ਸਾਡੀ ਆਉਣ ਵਾਲੀ ਪੀੜ੍ਹੀ ਪੰਜਾਬੀ ਵਿਰਸੇ, ਸੱਭਿਆਚਾਰਕ ਬਾਰੇ ਵੱਧ ਤੋਂ ਵੱਧ ਜਾਣਕਾਰੀ ਹਾਸਲ ਕਰ ਸਕੇ। ਇਸ ਮੌਕੇ ਸ੍ਰੀ ਗੁਰੂ ਰਵਿਦਾਸ ਸੰਤੋਖ ਸਭਾ ਦੇ ਪ੍ਰੈਸ ਸਕੱਤਰ ਸਰਬਜੀਤ ਚੋਪੜਾ, ਕੁਲਵੰਤ ਕੌਰ, ਆਸ਼ਾ ਰਾਣੀ, ਰਾਜਵਿੰਦਰ ਕੌਰ ਜੀ, ਰੇਖਾ, ਰੋਜੀ, ਮਨਪ੍ਰੀਤ ਕੌਰ, ਬੀਨਾ, ਲਲਿਤਾ, ਜਸਪ੍ਰੀਤ ਕੌਰ, ਭੂਮਿਕਾ ਸਿੰਘ, ਰਾਧਾ ਰਾਣੀ, ਗੀਟਾ, ਸੋਨੂੰ, ਕੁਸੁਮ, ਅਮਨਦੀਪ ਕੌਰ, ਮੀਨੂੰ, ਮਨਜੀਤ ਕੌਰ, ਰਮਨਦੀਪ ਕੌਰ, ਮਨੀਸ਼ਾ, ਸੀਮਾ, ਨਰਿੰਦਰ ਕੌਰ, ਸੁਨੀਤਾ, ਮਿੰਨੀ ਆਦਿ ਸਮਾਰੋਹ ਵਿੱਚ ਸ਼ਾਮਲ ਸਨ।

# ਸਤਿੰਦਰ ਜੈਨ ਦੀ P.W.D ਮਾਮਲੇ 'ਚ ਬਰੀ ਹੋਣਾ ਸੱਚ ਦੀ ਜਿੱਤ, ਆਪ ਦੀ ਈਮਾਨਦਾਰੀ ਸਾਬਤ : ਜਤਿੰਦਰ ਖੰਗੂੜਾ



ਲੁਧਿਆਣਾ, 9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ (ਆਪ) ਦੇ ਲੁਧਿਆਣਾ ਸ਼ਹਿਰੀ ਪ੍ਰਧਾਨ ਜਤਿੰਦਰ ਖੰਗੂੜਾ ਨੇ ਦਿੱਲੀ ਦੇ ਸਾਬਕਾ ਮੰਤਰੀ ਅਤੇ ਪੰਜਾਬ ਦੇ ਸਹਿ ਪ੍ਰਭਾਰੀ ਸਤਿੰਦਰ ਜੈਨ ਨੂੰ ਪਬਲਿਕ ਵਰਕਸ ਡਿਪਾਰਟਮੈਂਟ ਨਾਲ ਸਬੰਧਤ ਇੱਕ ਮਾਮਲੇ ਵਿੱਚ ਸੀ.ਬੀ.ਆਈ ਅਦਾਲਤ ਵੱਲੋਂ ਬਰੀ ਕੀਤੇ ਜਾਣ 'ਤੇ ਖੁਸ਼ੀ ਜ਼ਾਹਰ ਕੀਤੀ ਹੈ। ਇਹ ਫੈਸਲਾ 4 ਅਗਸਤ 2025 ਨੂੰ ਰਾਊਜ਼ ਐਵੇਨਿਊ ਅਦਾਲਤ, ਦਿੱਲੀ ਵੱਲੋਂ ਸੁਣਾਇਆ ਗਿਆ, ਜਿਸ ਵਿੱਚ ਸੀ.ਬੀ.ਆਈ ਨੇ ਆਪਣੀ ਜਾਂਚ ਵਿੱਚ ਸਤਿੰਦਰ ਜੈਨ ਦੇ ਖਿਲਾਫ ਕੋਈ ਸਬੂਤ ਨਾ ਮਿਲਣ ਦੀ ਰਿਪੋਰਟ ਦਾਖਲ ਕੀਤੀ।

ਇਹ ਮਾਮਲਾ ਸਤਿੰਦਰ ਜੈਨ ਦੇ ਦਿੱਲੀ ਸਰਕਾਰ ਵਿੱਚ ਪੀਡਬਲਡੀ ਮੰਤਰੀ ਵਜੋਂ ਕਾਰਜਕਾਲ ਨਾਲ ਸਬੰਧਤ ਸੀ, ਜਦੋਂ ਉਨ੍ਹਾਂ 'ਤੇ ਪੀਡਬਲਡੀ ਦੇ ਪ੍ਰੋਜੈਕਟਾਂ ਵਿੱਚ ਵਿੱਤੀ ਅਨਿਯਮਤਤਾਵਾਂ ਦੇ ਦੋਸ਼ ਲਗਾਏ ਗਏ ਸਨ। ਖਾਸ ਤੌਰ 'ਤੇ, 2019 ਵਿੱਚ ਭਾਜਪਾ ਨੇਤਾਵਾਂ ਹਰੀਸ਼ ਖੁਰਾਨਾ ਅਤੇ ਕਪਿਲ ਮਿਸ਼ਰਾ ਵੱਲੋਂ ਦਿੱਲੀ ਸਰਕਾਰ ਦੇ ਸਕੂਲਾਂ ਵਿੱਚ ਕਲਾਸਰੂਮ ਨਿਰਮਾਣ ਨਾਲ ਜੁੜੇ 1,300 ਕਰੋੜ ਰੁਪਏ ਦੇ ਕਥਿਤ ਘੁਟਾਲੇ ਦੀ ਸ਼ਿਕਾਇਤ ਦਰਜ ਕਰਵਾਈ ਗਈ ਸੀ। ਸੀਬੀਆਈ ਅਤੇ ਸੈਂਟਰਲ ਵਿਜੀਲੈਂਸ ਕਮਿਸ਼ਨ (ਸੀ.ਵੀ.ਸੀ) ਨੇ ਜਾਂਚ ਸ਼ੁਰੂ ਕੀਤੀ, ਜਿਸ ਵਿੱਚ ਕੁਝ ਕੰਟਰੈਕਟਰਾਂ ਨੂੰ ਅਨੁਚਿਤ ਲਾਭ ਅਤੇ ਪ੍ਰੋਜੈਕਟ ਦੀ ਲਾਗਤ ਵਿੱਚ ਵਾਧੇ ਦੇ ਦੋਸ਼ ਲਗਾਏ ਗਏ। ਹਾਲਾਂਕਿ, ਸੀਬੀਆਈ ਦੀ ਤਾਜ਼ਾ ਰਿਪੋਰਟ ਅਨੁਸਾਰ, ਸਤਿੰਦਰ ਜੈਨ ਦੇ ਖਿਲਾਫ ਕੋਈ ਠੋਸ ਸਬੂਤ ਨਹੀਂ ਮਿਲੇ, ਜਿਸ ਕਾਰਨ ਅਦਾਲਤ ਨੇ ਮੁਕੱਦਮਾ ਬੰਦ ਕਰਨ ਦਾ ਫੈਸਲਾ ਕੀਤਾ।

ਜਤਿੰਦਰ ਖੰਗੂੜਾ ਨੇ ਕਿਹਾ, ਸਤਿੰਦਰ ਜੈਨ ਜੀ ਦੀ ਬਰੀਅਤ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਆਮ ਆਦਮੀ ਪਾਰਟੀ ਕੱਟੜ ਈਮਾਨਦਾਰੀ ਦੇ ਸਿਧਾਂਤ 'ਤੇ ਚੱਲਦੀ ਹੈ।

ਭਾਜਪਾ ਨੇ ਸਿਆਸੀ ਸਾਜ਼ਿਸ਼ਾਂ ਰਾਹੀਂ ਸਾਡੇ ਨੇਤਾਵਾਂ ਨੂੰ ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ, ਪਰ ਸੱਚ ਹਮੇਸ਼ਾ ਜਿੱਤਦਾ ਹੈ। ਉਨ੍ਹਾਂ ਨੇ ਅੱਗੇ ਕਿਹਾ ਕਿ ਸੀਬੀਆਈ ਅਤੇ ਹੋਰ ਏਜੰਸੀਆਂ ਨੂੰ ਸਿਆਸੀ ਦਬਾਅ ਹੇਠ ਕੰਮ ਕਰਨ ਦੀ ਬਜਾਏ ਨਿਰਪੱਖ ਜਾਂਚ 'ਤੇ ਧਿਆਨ ਦੇਣਾ ਚਾਹੀਦਾ।

ਖੰਗੂੜਾ ਨੇ ਲੁਧਿਆਣਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪ ਦੀ ਲੋਕ-ਹਿਤੈਸ਼ੀ ਨੀਤੀਆਂ ਅਤੇ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ, ਜਿਵੇਂ ਕਿ ਮੁਫਤ ਬਿਜਲੀ, ਆਮ ਆਦਮੀ ਕਲੀਨਿਕ, ਅਤੇ ਸਰਕਾਰੀ ਸਕੂਲਾਂ ਦੀ ਬਿਹਤਰੀ, ਦਾ ਸਮਰਥਨ ਕਰਨ। ਉਨ੍ਹਾਂ ਨੇ ਜ਼ੋਰ ਦੇਕੇ ਕਿਹਾ ਕਿ ਸਤਿੰਦਰ ਜੈਨ ਦੀ ਬਰੀਅਤ ਨਾਲ ਆਪ ਦੀ ਸਫਲਤਾ ਅਤੇ ਈਮਾਨਦਾਰੀ ਦੀ ਮਿਸਾਲ ਹੋਰ ਮਜ਼ਬੂਤ ਹੋਈ ਹੈ।

# ਉੱਘੇ ਸਮਾਜਸੇਵੀ ਅਤੇ ਅੰਬੇਡਕਰਵਾਦੀ ਸ਼ਿਵਾਜੀ ਧਾਰੀਵਾਲ ਅਧਿਕਾਰ ਸੰਘਰਸ਼ ਪਾਰਟੀ ਦੇ ਸਰਵਸੰਮਤੀ ਨਾਲ ਜਿਲ੍ਹਾ ਪ੍ਰਧਾਨ ਨਿਯੁਕਤ



ਪਟਿਆਲਾ, 9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਅਧਿਕਾਰ ਸੰਘਰਸ਼ ਪਾਰਟੀ ਵੱਲੋਂ ਪੰਜਾਬ ਦੇ ਪ੍ਰਧਾਨ ਸੁਰਿੰਦਰ ਸਿੰਘ ਭਿੰਡਰ ਦੇ ਦਿਸ਼ਾ ਨਿਰਦੇਸ਼ਾ ਤਹਿਤ ਪਾਰਟੀ ਦੀਆਂ ਗਤੀਵਿਧੀਆਂ ਨੂੰ ਤੇਜ ਕਰਨ ਲਈ ਜਿਲ੍ਹਾ ਪ੍ਰਧਾਨ ਦੀ ਚੋਣ ਕਰਨ ਸਬੰਧੀ ਇੱਕ ਮੀਟਿੰਗ ਬਾਰਾਂਦਰੀ ਵਿਖੇ ਸੁਰਜੀਤ ਸਿੰਘ ਨਾਹਰ ਐਡਵੋਕੇਟ ਸੀਨੀਅਰ ਮੀਤ ਪ੍ਰਧਾਨ ਪੰਜਾਬ ਦੀ ਅਗਵਾਈ ਵਿੱਚ ਆਯੋਜਿਤ ਕੀਤੀ ਗਈ। ਜਿਸ ਵਿੱਚ ਜਗਦੀਸ਼ ਘਨੌਰ ਮੀਤ ਪ੍ਰਧਾਨ ਪੰਜਾਬ ਵੱਲੋਂ ਵੀ ਸ਼ਮੂਲਿਅਤ ਕੀਤੀ ਗਈ। ਇਸ ਦੌਰਾਨ ਪਾਰਟੀ ਦੀ ਜਿਲ੍ਹਾ ਇਕਾਈ ਦੇ ਗਠਨ ਕਰਨ ਲਈ ਉੱਘੇ ਸਮਾਜਸੇਵੀ ਅਤੇ ਅੰਬੇਡਕਰਵਾਦੀ ਸ਼ਿਵਾਜੀ ਧਾਰੀਵਾਲ ਦੀ ਸਰਵ ਸੰਮਤੀ ਨਾਲ ਜਿਲ੍ਹਾ ਪ੍ਰਧਾਨ ਵਜੋਂ ਨਿਯੁਕਤੀ ਕੀਤੀ ਗਈ। ਇਸ ਮੌਕੇ ਸੁਰਜੀਤ ਸਿੰਘ ਨਾਹਰ ਅਤੇ ਜਗਦੀਸ਼ ਸਿੰਘ ਘਨੌਰ ਨੇ ਸਾਂਝੇ ਤੌਰ ਤੇ ਕਿਹਾ ਕਿ ਸਮਾਜ ਦੇ ਸਾਰੇ ਵਰਗਾਂ ਨੂੰ ਉਨ੍ਹਾਂ ਦੀ ਜਨਸੰਖਿਆ ਅਨੁਸਾਰ ਬਰਾਬਰ ਅਧਿਕਾਰਾਂ ਦੀ ਪ੍ਰਾਪਤੀ ਕਰਵਾਉਣਾ ਅਤੇ ਵਾਂਝੇ ਸੋਸ਼ਿਤ ਸਮਾਜ, ਮਜ਼ਦੂਰ, ਕਿਸਾਨ, ਮਹਿਲਾਵਾਂ ਦੇ ਸਸ਼ਕਤੀਕਰਨ, ਸਿੱਖਿਆ ਅਤੇ ਸਿਹਤ ਸੇਵਾਵਾਂ ਦੀ ਬਿਹਤਰੀ, ਲੋਕਤੰਤਰ ਦੀ ਮਜ਼ਬੂਤੀ, ਬਰਾਬਰ ਸਮਾਨਤਾ ਵਾਲੇ ਸਮਾਜ ਦੀ ਸਿਰਜਣਾ ਆਦਿ ਅਧਿਕਾਰ ਸੰਘਰਸ਼ ਪਾਰਟੀ ਦੇ ਉਦੇਸ਼ ਹਨ। ਉਨ੍ਹਾਂ ਕਿਹਾ ਕਿ ਸ਼ਿਵਾਜੀ ਧਾਰੀਵਾਲ ਦੇ ਵਿਚਾਰ ਪਾਰਟੀ ਦੀ ਵਿਚਾਰਧਾਰਾ ਨਾਲ ਮਿਲਦੇ -ਜੁਲਦੇ ਹਨ। ਜਿਹੜੇ ਕਿ ਪਿਛਲੇ ਲੰਮੇ ਸਮੇਂ ਤੋਂ ਸਮਾਜ ਭਲਾਈ ਕਾਰਜਾਂ ਵਿੱਚ ਵੱਧ ਚੜ੍ਹ ਕੇ ਆਪਣਾ ਬਣਦਾ ਯੋਗਦਾਨ ਪਾਉਣ ਵਿੱਚ ਮੋਹਰੀ ਭੂਮਿਕਾ ਅਦਾ ਕਰਦੇ ਆ ਰਹੇ ਹਨ। ਜਿਨ੍ਹਾਂ ਦੀਆਂ ਸਮਾਜਿਕ ਸੇਵਾਵਾਂ ਨੂੰ ਮੁੱਖ ਰੱਖ ਜਿਲ੍ਹਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ ਨਵ-ਨਿਯੁਕਤ ਜਿਲ੍ਹਾ ਪ੍ਰਧਾਨ ਸ਼ਿਵਾਜੀ ਧਾਰੀਵਾਲ ਨੇ ਸੀਨੀਅਰ ਆਗੂਆਂ ਨੂੰ ਯਕੀਨ ਦਵਾਇਆ ਕਿ ਉਹ ਜਲਦ ਹੀ ਜਿਲ੍ਹਾ ਪੱਧਰ ਤੇ ਬਾਕੀ ਅਹੁਦੇਦਾਰਾਂ ਦੀਆਂ ਨਿਯੁਕਤੀਆਂ ਕਰਨਗੇ ਅਤੇ ਹਮੇਸ਼ਾਂ ਇਮਾਨਦਾਰੀ ਅਤੇ ਤਨਦੇਹੀ ਨਾਲ ਪਾਰਟੀ ਹਿੱਤ ਕਾਰਜਾਂ ਨੂੰ ਸਮਰਪਿਤ ਰਹਿਣਗੇ। ਇਸ ਮੌਕੇ ਜਗਦੀਸ਼ ਸਿੰਘ ਘਨੌਰ, ਮਾਸਟਰ ਲਾਭ ਸਿੰਘ, ਅਵਤਾਰ ਸਿੰਘ ਚਮਤਕਾਰ, ਨੌਰੰਗ ਸਿੰਘ, ਮਾਸਟਰ ਗੁਰਬਚਨ ਸਿੰਘ, ਸਵਰਨ ਸਿੰਘ ਚਲਹੇੜੀ ਆਦਿ ਵੀ ਹਾਜਰ ਸਨ।

# ਨੀਨਾ ਮਿੱਤਲ ਵੱਲੋਂ 16 ਲੱਖ ਰੁਪਏ ਦੀ ਲਾਗਤ ਨਾਲ ਸਿਟੀ ਰਾਜਪੁਰਾ 'ਚ ਨਿਰਵਿਘਨ ਬਿਜਲੀ ਸਪਲਾਈ ਦੇਣ ਲਈ ਨਵੇਂ 11 ਕੇਵੀ ਫੀਡਰ ਦਾ ਉਦਘਾਟਨ




ਰਾਜਪੁਰਾ, 9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਰਾਜਪੁਰਾ ਦੇ ਵਿਧਾਇਕ ਨੀਨਾ ਮਿੱਤਲ ਨੇ ਅੱਜ ਰਾਜਪੁਰਾ ਸਿਟੀ ਦੇ ਓਲਡ ਗਰਿਡ ਸਟੇਸ਼ਨ ਵਿਖੇ ਬਿਜਲੀ ਨਿਗਮ ਵੱਲੋਂ ਕਰੀਬ 16 ਲੱਖ ਰੁਪਏ ਦੀ ਲਾਗਤ ਨਾਲ ਸਿਟੀ ਰਾਜਪੁਰਾ ਲਈ ਨਿਰਵਿਘਨ ਬਿਜਲੀ ਸਪਲਾਈ ਦੇਣ ਲਈ ਨਵੇਂ 11 ਕੇਵੀ ਫੀਡਰ ਦਾ ਉਦਘਾਟਨ ਕੀਤਾ ਹੈ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ਹਿਰੀ ਖੇਤਰਾਂ ਵਿੱਚ ਨਿਰਵਿਘਨ ਅਤੇ ਗੁਣਵੱਤਾਪੂਰਨ ਬਿਜਲੀ ਸਪਲਾਈ ਨੂੰ ਯਕੀਨੀ ਬਣਾਉਣ ਨੂੰ ਤਰਜੀਹ ਦਿੱਤੀ ਗਈ ਹੈ। ਰਾਜਪੁਰਾ ਵਿਖੇ ਨਵੇਂ ਫੀਡਰ ਦੀ ਸ਼ੁਰੂਆਤ ਕਰਵਾਉਂਦਿਆਂ ਨੀਨਾ ਮਿੱਤਲ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਬਿਜਲੀ ਖੇਤਰ ਵਿੱਚ ਵੱਡੇ ਪੱਧਰ 'ਤੇ ਬੁਨਿਆਦੀ ਢਾਂਚੇ ਦੇ ਸੁਧਾਰ ਅਤੇ ਨਵੀਨੀਕਰਨ ਵੱਲ ਧਿਆਨ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਬਿਜਲੀ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਦੇ ਦਿਸ਼ਾ-ਨਿਰਦੇਸ਼ ਹੇਠ ਬਿਜਲੀ ਨਿਗਮ ਨੂੰ ਹੋਰ ਕੁਸ਼ਲ ਤੇ ਜਵਾਬਦੇਹ ਬਣਾਇਆ ਜਾ ਰਿਹਾ ਹੈ।

ਇਸ ਮੌਕੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਵਧੀਕ ਨਿਗਰਾਨ ਇੰਜੀਨੀਅਰ ਧਰਮਵੀਰ ਕਮਲ, ਐਸ.ਡੀ.ਓ. ਸਾਹਿਲ ਮਿੱਤਲ ਸਮੇਤ ਹੋਰ ਸਬੰਧਿਤ ਅਧਿਕਾਰੀ ਮੌਜੂਦ ਸਨ।

ਨੀਨਾ ਮਿੱਤਲ ਨੇ ਕਿਹਾ ਕਿ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਬਿਜਲੀ ਖੇਤਰ ਵਿੱਚ ਵੱਡੇ ਪੱਧਰ 'ਤੇ ਬੁਨਿਆਦੀ ਢਾਂਚੇ ਦੇ ਸੁਧਾਰ ਅਤੇ ਨਵੀਨੀਕਰਨ ਵੱਲ ਧਿਆਨ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਬਿਜਲੀ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਦੇ ਦਿਸ਼ਾ-ਨਿਰਦੇਸ ਹੇਠ ਬਿਜਲੀ ਨਿਗਮ ਨੂੰ ਹੋਰ ਕੁਸ਼ਲ ਤੇ ਜਵਾਬਦੇਹ ਬਣਾਇਆ ਜਾ ਰਿਹਾ ਹੈ।

ਵਿਧਾਇਕਾ ਮੈਡਮ ਨੀਨਾ ਮਿੱਤਲ ਨੇ ਦੱਸਿਆ ਕਿ ਨਵੇਂ ਫੀਡਰ ਦੀ ਸਥਾਪਨਾ ਰਾਜਪੁਰਾ ਦੇ ਮਧੂਬਨ, ਡਾਲਿਮਾ, ਕੈਲੀਬਰ ਮਾਰਕਿਟ, ਕੰਨੀਕਾ ਗਾਰਡਨ ਆਦਿ ਇਲਾਕਿਆਂ ਨੂੰ ਲਾਭ ਪਹੁੰਚੇਗਾ। ਇਨ੍ਹਾਂ ਇਲਾਕਿਆਂ ਵਿੱਚ ਪਹਿਲਾਂ ਮੌਜੂਦਾ ਫੀਡਰਾਂ ਉੱਤੇ ਵੱਧ ਲੋਡ ਹੋਣ ਕਾਰਨ ਅਕਸਰ ਬਿਜਲੀ ਰੁਕਾਵਟਾਂ ਅਤੇ ਤਕਨੀਕੀ ਖਾਮੀਆਂ ਆਉਂਦੀਆਂ ਸਨ। ਨਵੇਂ 11 ਕੇ ਵੀ ਫੀਡਰ ਦੀ ਸ਼ੁਰੂਆਤ ਨਾਲ ਇਨ੍ਹਾਂ ਸਮੱਸਿਆਵਾਂ ਤੋਂ ਛੁਟਕਾਰਾ ਮਿਲੇਗਾ ਅਤੇ ਬਿਜਲੀ ਸਪਲਾਈ ਹੋਰ ਵਿਸ਼ਵਾਸਯੋਗ ਹੋਵੇਗੀ। ਉਨ੍ਹਾਂ ਕਿਹਾ ਕਿ ਇਹ ਉਪਰਾਲਾ "ਜ਼ੀਰੋ ਟ੍ਰਿਪਿੰਗ" ਯੋਜਨਾ ਅਧੀਨ ਕੀਤਾ ਗਿਆ ਹੈ, ਜਿਸਦਾ ਮੂਲ ਮਕਸਦ ਸ਼ਹਿਰੀ ਖੇਤਰਾਂ ਨੂੰ ਲਗਾਤਾਰ, ਬਿਨਾਂ ਰੁਕਾਵਟ ਬਿਜਲੀ ਸਪਲਾਈ ਪ੍ਰਦਾਨ ਕਰਨਾ ਹੈ। ਇਹ ਯੋਜਨਾ ਪੰਜਾਬ ਸਰਕਾਰ ਦੀ ਊਰਜਾ ਖੇਤਰ ਵਿੱਚ ਨਵੀਨਤਾ ਦੀ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਕੋਸ਼ਿਸ਼ ਹੈ ਕਿ ਹਰ ਘਰ, ਹਰੇਕ ਉਦਯੋਗ ਅਤੇ ਹਰੇਕ ਵਪਾਰੀ ਤੱਕ ਬਿਨਾਂ ਰੁਕਾਵਟ ਬਿਜਲੀ ਸਪਲਾਈ ਪਹੁੰਚਾਈ ਜਾਵੇ।

ਇਸ ਮੌਕੇ ਇੰਜੀਨੀਅਰ ਧਰਮਵੀਰ ਕਮਲ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਬਿਜਲੀ ਵਿਭਾਗ ਵਾਅਦਾ ਕਰਦਾ ਹੈ ਕਿ ਭਵਿੱਖ ਵਿੱਚ ਵੀ ਬਿਜਲੀ ਸੰਬੰਧੀ ਢਾਂਚੇ ਦਾ ਨਵੀਨੀਕਰਨ ਜਾਰੀ ਰੱਖਿਆ ਜਾਵੇਗਾ ਅਤੇ ਖਪਤਕਾਰਾਂ ਦੀ ਸੰਤੁਸ਼ਟੀ ਨੂੰ ਪਹਿਲ ਦਿੱਤੀ ਜਾਵੇਗੀ। ਇਸ ਮੌਕੇ ਐਡਵੋਕੇਟ ਲਵਿਸ ਮਿੱਤਲ, ਐਮ ਐਲ ਏ ਕੋਆਰਡੀਨੇਟਰ ਸਚਿਨ ਮਿੱਤਲ, ਸਿੱਖਿਆ ਕੋਆਰਡੀਨੇਟਰ ਵਿਜੇ ਮੈਨਰੋ, ਸੁਮਿਤ ਬਖਸ਼ੀ, ਜੇਈ ਰਵਿੰਦਰ ਸਿੰਘ, ਧਨਵੰਤ ਸਿੰਘ, ਡਾ ਚਰਨਕਮਲ ਧਿਮਾਨ, ਵਿਕਰਮ ਸਿੰਘ ਕੌਂਸਲਰ ਕੰਡੇਵਾਲਾ, ਮੇਜਰ ਸਿੰਘ ਬਖਸ਼ੀਵਾਲਾ, ਰਤਨੇਸ ਜਿੰਦਲ, ਗੁਰਸ਼ਰਨ ਸਿੰਘ ਵਿੱਰਕ, ਅਮਨ ਸੈਣੀ, ਤਰੁਣ ਸ਼ਰਮਾ ਸਮੇਤ ਸਬੰਧਿਤ ਬਿਜਲੀ ਬੋਰਡ ਦੇ ਅਧਿਕਾਰੀ ਮੌਜੂਦ ਸਨ।

# ਪਟਿਆਲਾ ਸ਼ਹਿਰੀ ਵਿੱਚ ਪਾਰਟੀ ਮਜ਼ਬੂਤੀ ਲਈ ਮੇਅਰ ਕੁੰਦਨ ਗੋਗੀਆ ਵੱਲੋਂ ਬਲਾਕ ਪ੍ਰਧਾਨਾਂ ਨਾਲ ਮੀਟਿੰਗ



ਪਟਿਆਲਾ, 9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸ਼ਹਿਰੀ ਪੱਧਰ 'ਤੇ ਪਾਰਟੀ ਸੰਗਠਨ ਨੂੰ ਹੋਰ ਮਜ਼ਬੂਤ ਕਰਨ ਲਈ ਅੱਜ ਪਟਿਆਲਾ ਸ਼ਹਿਰੀ ਵਿਖੇ ਮੇਅਰ ਤੇ ਹਲਕਾ ਸੰਗਠਨ ਇੰਚਾਰਜ ਕੁੰਦਨ ਗੋਗੀਆ ਦੀ ਅਗਵਾਈ ਵਿੱਚ ਸਾਰੇ ਬਲਾਕ ਪ੍ਰਧਾਨਾਂ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕੀਤਾ ਗਿਆ। ਮੀਟਿੰਗ ਦੌਰਾਨ ਸੰਗਠਨਿਕ ਢਾਂਚੇ, ਵਾਰਡ ਪੱਧਰੀ ਕਾਰਜਕ੍ਰਮ, ਨਵੇਂ ਮੈਂਬਰਾਂ ਦੀ ਭਰਤੀ, ਅਤੇ ਆਉਣ ਵਾਲੀਆਂ ਚੋਣਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਰਣਨੀਤੀਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਮੇਅਰ ਨੇ ਕਿਹਾ ਕਿ, ਸਿਰਫ਼ ਵਿਕਾਸ ਕਾਰਜ ਨਹੀਂ, ਸਗੋਂ ਜ਼ਮੀਨੀ ਪੱਧਰ 'ਤੇ ਕੌਂਸਲਰਾਂ ਅਤੇ ਵਰਕਰਾਂ ਦੀ ਢੁਕਵੀਂ ਭੂਮਿਕਾ ਪਾਰਟੀ ਦੀ ਮਜ਼ਬੂਤੀ ਵਿੱਚ ਕੇਂਦਰੀ ਰੋਲ ਨਿਭਾਂਦੀ ਹੈ।

ਇਸ ਮੌਕੇ ਉਨ੍ਹਾਂ ਨਾਲ ਰਾਜਿੰਦਰ ਮੋਹਨ ਸੈਕਟਰੀ ਮੇਅਰ, ਜੋਨ ਇੰਚਾਰਜ ਮਾਲਵਾ ਈਸਟ ਵੀਰਪਾਲ ਕੌਰ ਵਿਸ਼ੇਸ਼ ਤੌਰ ਤੇ ਮੌਜੂਦ ਸਨ।

ਕੁੰਦਨ ਗੋਗੀਆ ਨੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਟਿਆਲਾ ਸ਼ਹਿਰ ਹਮੇਸ਼ਾ ਤੋਂ ਹੀ ਸਿਆਸੀ ਪੱਖੋਂ ਐਕਟਿਵ ਰਿਹਾ ਹੈ। ਅਸੀਂ ਬਲਾਕ ਪੱਧਰ 'ਤੇ ਆਰਗੇਨਾਈਜ਼ਡ ਢੰਗ ਨਾਲ ਵਰਕ ਕਰਨ ਦੀ ਲੋੜ ਹੈ। ਵਰਕਰਾਂ ਦੀ ਸੁਣਵਾਈ, ਜਨਤਾ ਨਾਲ ਸਿੱਧਾ ਸੰਪਰਕ ਅਤੇ ਸਰਕਾਰੀ ਸਕੀਮਾਂ ਦੀ ਜਾਣਕਾਰੀ ਹਰੇਕ ਘਰ ਤੱਕ ਪਹੁੰਚਣੀ ਚਾਹੀਦੀ ਹੈ,

ਮੀਟਿੰਗ ਵਿੱਚ ਸਾਰੇ ਬਲਾਕ ਪ੍ਰਧਾਨਾਂ ਨੇ ਆਪਣੀਆਂ ਰਾਏ ਸਾਂਝੀਆਂ ਕੀਤੀਆਂ ਅਤੇ ਆਪਣੇ ਖੇਤਰਾਂ ਦੀਆਂ ਸਥਿਤੀਆਂ ਬਾਰੇ ਵੀ ਜਾਣਕਾਰੀ ਦਿੱਤੀ। ਮੀਟਿੰਗ ਅੰਤ 'ਤੇ ਫੈਂਸਲਾ ਲਿਆ ਗਿਆ ਕਿ ਆਉਣ ਵਾਲੇ ਹਫ਼ਤਿਆਂ ਵਿੱਚ ਵਾਰਡ ਪੱਧਰ 'ਤੇ ਲਗਾਤਾਰ ਵਰਕਸ਼ਾਪ ਅਤੇ ਜਨ ਸੰਪਰਕ ਮੁਹਿੰਮ ਚਲਾਈ ਜਾਵੇਗੀ।

ਇਸ ਮੌਕੇ ਬਲਾਕ ਪ੍ਰਧਾਨਾ ਵਿੱਚ ਮੁਖਤਿਆਰ ਸਿੰਘ ਗਿੱਲ, ਰਵੇਲ ਸਿੰਘ ਸਿੱਧੂ, ਸੁਸ਼ੀਲ ਕੁਮਾਰ ਮਿੱਡਾ, ਵਿਜੇ ਕੁਮਾਰ ਕਨੋਜੀਆ, ਅਮਨ ਬੰਸਲ, ਰੂਬੀ ਭਾਟੀਆ, ਜਗਤਾਰ ਸਿੰਘ, ਅਮਰਜੀਤ ਸਿੰਘ ਵਿਸ਼ੇਸ਼ ਤੌਰ ਤੇ ਮੌਜੂਦ ਸਨ।

## ਸੰਪਾਦਕੀ

# ਕੀ ਪੰਜਾਬ ਵਿਚ ਅਕਾਲੀ-ਭਾਜਪਾ ਗਠਜੋੜ ਹੋਵੇਗਾ ?

ਬਹੁਤ ਚਿਰਾਂ ਤੋਂ ਇਹ ਗੱਲ ਅਕਸਰ ਉੱਠ ਰਹੀ ਹੈ ਕਿ, ਪੰਜਾਬ ਦੀ ਰਾਜਨੀਤੀ ਵਿੱਚ ਅਕਾਲੀ-ਭਾਜਪਾ ਦੇ ਦੁਬਾਰਾ ਗੱਠਜੋੜ ਹੋਵੇਗਾ। ਪੰਜਾਬ ਭਾਜਪਾ ਦੇ ਵੱਡੇ ਲੀਡਰ ਤੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਇਸ ਗੱਠਜੋੜ ਦੀ ਵਕਾਲਤ ਲੰਮੇ ਸਮੇਂ ਤੋਂ ਕਰ ਰਹੇ ਹਨ। ਉਹ ਇਸ ਨੂੰ ਪੰਜਾਬ ਦੇ ਮੌਜੂਦਾ ਹਾਲਾਤ ਨੂੰ ਨਜਿੱਠਣ ਤੇ ਪ੍ਰਦੇਸ਼ ਵਿੱਚ ਭਾਈਚਾਰੇ ਨੂੰ ਮਜ਼ਬੂਤ ਕਰਨ ਲਈ ਵੀ ਜ਼ਰੂਰੀ ਸਮਝਦੇ ਹਨ। ਅਕਾਲੀ ਦਲ ਦੇ ਕਈ ਧੜੇ ਤੇ ਲੀਡਰ ਵੀ ਅਜਿਹੇ ਗੱਠਜੋੜ ਨੂੰ ਦੱਬੀ ਜ਼ੁਬਾਨ ਜਾਂ ਹੋਰ ਤਰੀਕਿਆਂ ਨਾਲ ਦੁਬਾਰਾ ਸ਼ੁਰੂ ਕਰਨ ਦੀ ਹਾਮੀ ਭਰਦੇ ਰਹੇ ਹਨ। 2014 ਤੋਂ ਬਾਅਦ ਅਕਾਲੀ ਦਲ ਦੇ ਲਗਾਤਾਰ ਨਿਘਾਰ ਕਾਰਨ ਦਲ ਵਿੱਚ ਵੱਡੀ ਟੁੱਟ-ਭੱਜ ਵੀ ਹੋਈ ਅਤੇ ਇਸ ਦੇ ਵੱਡੀ ਗਿਣਤੀ ਵਿੱਚ ਲੀਡਰ, ਸਾਬਕਾ ਐੱਮਐੱਲਏ ਤੇ ਕੇਡਰ ਭਾਜਪਾ ਵਿੱਚ ਸ਼ਾਮਲ ਹੋ ਗਿਆ। ਅਕਾਲੀ ਦਲ ਦੇ ਦੋਫਾੜ ਹੋਣ ਨਾਲ ਬਾਦਲ ਦਲ ਦੀ ਸਾਖ ਨੂੰ ਧੱਕਾ ਲੱਗਾ। ਤਖ਼ਤਾਂ ਦੇ ਜਥੇਦਾਰਾਂ ਦੇ ਮਸਲੇ ਤੇ ਉਨ੍ਹਾਂ ਨਾਲ ਸਬੰਧਿਤ ਝਗੜਿਆਂ ਨੇ ਅਕਾਲੀ ਦਲ ਦੀ ਲੀਡਰਸ਼ਿਪ ਲਈ ਵੱਡੇ ਸਵਾਲ ਪੈਦਾ ਕੀਤੇ ਜਿਨ੍ਹਾਂ ਦਾ ਅਸਰ ਅਕਾਲੀ ਦਲ ਦੀ ਰਾਜਸੀ ਤਾਕਤ 'ਤੇ ਪਿਆ। ਅਕਾਲੀ-ਭਾਜਪਾ ਦੇ ਪਹਿਲੇ ਗੱਠਜੋੜ ਦਾ ਧਰਾਤਲ ਅਕਾਲੀ ਦਲ ਦੇ 1996 ਵਾਲੇ ਐਲਾਨਨਾਮੇ ਨਾਲ ਦਲ ਦਾ ਆਧਾਰ ਵਧਾਉਣ ਵਾਸਤੇ ਬਣਿਆ। ਇਸ ਦਾ ਮੁੱਖ ਮੰਤਵ ਅਕਾਲੀ ਦਲ ਦੀ ਰਾਜਨੀਤਕ ਹੈਸੀਅਤ ਨੂੰ ਵਧਾ ਕੇ 'ਪੰਥਕ' ਤੋਂ ਪੰਜਾਬੀ ਬਣਾਉਣਾ ਸੀ। ਅਸਲ ਵਿੱਚ ਉਸ ਵੇਲੇ ਬਾਦਲ ਅਕਾਲੀ ਦਲ ਵੱਡੀ ਤਾਕਤ ਵਜੋਂ ਉੱਭਰ ਗਿਆ ਸੀ। 1995 ਵਿੱਚ ਕਾਂਗਰਸ ਦੇ ਰਾਜ ਦੌਰਾਨ ਪਾਰਟੀ ਨੇ ਅਜਨਾਲਾ ਅਤੇ ਲੰਬੀ ਉਪ ਚੋਣਾਂ ਜਿੱਤੀਆਂ ਸਨ। ਪਾਰਟੀ ਨੇ 1996 ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਬਹੁਜਨ ਸਮਾਜ ਪਾਰਟੀ (ਬਸਪਾ) ਨਾਲ ਸਮਝੌਤਾ ਕਰ ਕੇ 28.72% ਵੋਟਾਂ ਲੈ ਕੇ ਕੁੱਲ 13 ਸੀਟਾਂ ਵਿੱਚੋਂ 8 'ਤੇ ਜਿੱਤ ਪ੍ਰਾਪਤ ਕੀਤੀ ਸੀ। ਸਭ ਤੋਂ ਵੱਡਾ ਕਾਰਨ ਦਲ ਦੀ 1996 ਵਿੱਚ ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਵਿੱਚ ਹੂੰਝਾ ਫੇਰੂ ਜਿੱਤ ਸੀ ਜਿਸ ਕਰ ਕੇ ਇਸ ਨੇ ਪੰਜਾਬ ਦੀ ਰਾਜਨੀਤੀ ਅਤੇ ਪੰਥਕ ਹਲਕਿਆਂ ਵਿੱਚ ਆਪਣੀ ਧਾਕ ਜਮਾ ਲਈ ਸੀ। 1997 ਵਿੱਚ ਹੋਇਆ ਅਕਾਲੀ-ਭਾਜਪਾ ਸਮਝੌਤਾ ਅਕਾਲੀ ਦਲ ਦੀਆਂ ਸ਼ਰਤਾਂ 'ਤੇ ਰਾਜਨੀਤਕ ਤਾਕਤ ਦੀ ਵਜ ?ਹਾ ਕਰ ਕੇ ਹੋਇਆ ਸੀ। ਉਦੋਂ ਪੰਜਾਬ ਦੀ ਵਿਧਾਨ ਸਭਾ ਦੀਆਂ 117 ਸੀਟਾਂ ਵਿੱਚੋਂ 23 ਭਾਜਪਾ ਅਤੇ 94 ਅਕਾਲੀ ਦਲ ਦੇ ਹਿੱਸੇ ਵਿੱਚ ਆਈਆਂ। ਲੋਕ ਸਭਾ ਦੀਆਂ 13 ਸੀਟਾਂ ਵਿੱਚੋਂ 3 ਭਾਜਪਾ (ਅੰਮ੍ਰਿਤਸਰ, ਗੁਰਦਾਸਪੁਰ ਤੇ ਹੁਸ਼ਿਆਰਪੁਰ) ਅਤੇ 10 ਅਕਾਲੀ ਦਲ ਦੇ ਹਿੱਸੇ ਆਈਆਂ। ਅਕਾਲੀ ਦਲ-ਭਾਜਪਾ ਦਾ ਇਹ ਗੱਠਜੋੜ 1997 ਤੋਂ ਲੈ ਕੇ 2019 ਤੱਕ ਚੱਲਿਆ। ਇਸ ਦੌਰਾਨ ਪੰਜ ਵਿਧਾਨ ਸਭਾ ਚੋਣਾਂ ਹੋਈਆਂ ਅਤੇ ਤਿੰਨ ਵਾਰੀ ਗੱਠਜੋੜ ਨੇ ਸਫਲਤਾ ਪ੍ਰਾਪਤ ਕੀਤੀ। ਗੱਠਜੋੜ ਨੇ 6 ਲੋਕ ਸਭਾ ਚੋਣਾਂ ਲੜੀਆਂ ਅਤੇ ਕਈ ਉਤਰਾਅ-ਚੜ੍ਹਾਅ ਦੇਖੇ। ਅਕਾਲੀ-ਭਾਜਪਾ ਗੱਠਜੋੜ ਟੁੱਟਣ ਦਾ ਵੱਡਾ ਕਾਰਨ ਕੇਂਦਰ ਸਰਕਾਰ ਦੇ ਧੱਕੇ ਨਾਲ ਪਾਸ ਕੀਤੇ ਤਿੰਨ ਖੇਤੀ ਕਾਨੂੰਨ (2020) ਬਣੇ। ਅਕਾਲੀ ਦਲ ਨੇ ਪਹਿਲਾਂ ਇਨ੍ਹਾਂ ਕਾਨੂੰਨਾਂ ਦੀ ਖੁੱਲ੍ਹ ਕੇ ਹਮਾਇਤ ਕੀਤੀ ਪਰ ਬਾਅਦ ਵਿੱਚ ਕਿਸਾਨ ਅੰਦੋਲਨ ਦੇ ਭਾਰੀ ਦਬਾਅ ਕਾਰਨ ਅਕਾਲੀ ਦਲ ਨੂੰ ਪਹਿਲਾਂ ਕੇਂਦਰ ਸਰਕਾਰ ਵਿੱਚੋਂ ਬਾਹਰ ਆਉਣਾ ਪਿਆ ਤੇ ਫਿਰ 2021 ਵਿੱਚ ਇਸ ਗੱਠਜੋੜ ਦਾ ਖ਼ਾਤਮਾ ਹੋ ਗਿਆ। ਦੱਸਣਾ ਬਣਦਾ ਹੈ ਕਿ ਭਾਜਪਾ (ਪਹਿਲਾਂ ਜਨਸੰਘ, ਜਨਤਾ ਪਾਰਟੀ) ਅਤੇ ਅਕਾਲੀ ਦਲ ਦਾ ਰਾਜਨੀਤਕ ਸੰਬਧ ਭਾਵੇਂ ਕਾਫ਼ੀ ਪੁਰਾਣਾ ਹੈ ਪਰ ਇਹ 1997 ਵਰਗਾ ਗੱਠਜੋੜ ਨਹੀਂ ਸੀ। ਅਕਾਲੀ ਦਲ ਦੀ ਅਗਵਾਈ ਵਿੱਚ 1967, 1969 ਤੇ 1970 ਵਿੱਚ ਬਣੀਆਂ ਸਰਕਾਰਾਂ ਨੂੰ ਜਨਸੰਘ ਦੀ ਹਮਾਇਤ ਪ੍ਰਾਪਤ ਸੀ। 1977 ਵਿੱਚ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵਿੱਚ ਜਨਤਾ ਪਾਰਟੀ ਭਾਈਵਾਲ ਸੀ। 1979-80 ਵਿੱਚ ਜਨਤਾ ਪਾਰਟੀ ਟੁੱਟਣ ਤੋਂ ਬਾਅਦ 1980 ਵਿੱਚ ਭਾਜਪਾ ਦਾ ਜਨਮ ਹੋਇਆ। ਉਦੋਂ ਤੋਂ ਅੱਜ ਤੱਕ ਪਾਰਟੀ ਨੇ ਵੱਖ-ਵੱਖ ਰਾਜਾਂ ਅਤੇ ਕੇਂਦਰ ਦੀ ਰਾਜਨੀਤੀ ਵਿੱਚ ਵੱਡਾ ਦਬਦਬਾ ਕਾਇਮ ਕੀਤਾ। ਇਸ ਗੱਠਜੋੜ ਤੋਂ ਪਹਿਲਾਂ ਪੰਜਾਬ ਵਿੱਚ 1980 ਤੋਂ ਬਾਅਦ ਤਿੰਨ ਵਿਧਾਨ ਸਭਾ ਚੋਣਾਂ 1980, 1985 ਤੇ 1992 ਵਿੱਚ ਹੋਈਆਂ ਜਿਸ ਵਿੱਚ ਭਾਜਪਾ ਦੀ ਰਾਜਨੀਤਕ ਪ੍ਰਾਪਤੀ ਬਹੁਤ ਘੱਟ ਸੀ। 1980 ਦੀਆਂ ਚੋਣਾਂ ਵਿੱਚ ਪਾਰਟੀ ਨੇ ਇੱਕ, 1985 ਵਿੱਚ 6 ਅਤੇ 1992 ਵਿੱਚ ਵੀ 6 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ। ਦੂਜੇ ਪਾਸੇ ਇਸ ਸਮੇਂ ਦੌਰਾਨ ਹੋਈਆਂ 4 ਲੋਕ ਸਭਾ ਚੋਣਾਂ ਵਿੱਚ ਪਾਰਟੀ ਇਕ ਵੀ ਸੀਟ ਨਹੀਂ ਜਿੱਤ ਸਕੀ। ਹੁਣ 1997 ਵਿੱਚ ਗੱਠਜੋੜ ਤੋਂ ਬਾਅਦ ਅਕਾਲੀ-ਭਾਜਪਾ ਗੱਠਜੋੜ ਦਾ ਵਿਧਾਨ ਸਭਾ ਤੇ ਲੋਕ ਸਭਾ ਚੋਣਾਂ ਦੇ ਨਤੀਜਿਆਂ ਦਾ ਲੇਖਾ ਜੋਖਾ ਕਰਦੇ ਹਾਂ। 1997 ਤੋਂ 2019 ਤੱਕ ਗੱਠਜੋੜ ਵਿੱਚ ਭਾਜਪਾ ਨੇ ਛੋਟੇ ਭਰਾ ਵਾਲਾ ਹੱਕ ਨਿਭਾਇਆ, ਇਸ ਦੇ ਹਿੱਸੇ ਵਿਧਾਨ ਸਭਾ ਦੀਆਂ ਕੁੱਲ 117 ਸੀਟਾਂ ਵਿੱਚੋਂ 23 ਮਿਲੀਆਂ ਅਤੇ ਲੋਕ ਸਭਾ ਦੀਆਂ 13 ਸੀਟਾਂ ਵਿੱਚ 3 ਮਿਲੀਆਂ। 1997 ਵਾਲੀਆਂ ਚੋਣਾਂ ਵਿੱਚ ਪਾਰਟੀ ਨੇ ਕੁੱਲ 22 ਸੀਟਾਂ 'ਤੇ ਚੋਣ ਲੜੀ ਤੇ ਕੁੱਲ ਪਈਆਂ ਵੋਟਾਂ ਦਾ ਕੇਵਲ 8.33% ਲੈ ਕੇ 18 ਸੀਟਾਂ ਜਿੱਤੀਆਂ। ਅਕਾਲੀ ਦਲ ਨੇ 37.6% ਵੋਟਾਂ ਲੈ ਕੇ 75 ਸੀਟਾਂ ਜਿੱਤੀਆਂ ਤੇ ਗੱਠਜੋੜ ਦੀ ਸਰਕਾਰ ਬਣਾਈ। ਆਜ਼ਾਦੀ ਤੋਂ ਬਾਅਦ ਇਹ ਪਹਿਲੀ ਵਾਰ ਸੀ ਕਿ ਪੰਜਾਬ ਵਿੱਚ ਕਿਸੇ ਗ਼ੈਰ-ਕਾਂਗਰਸੀ ਸਰਕਾਰ ਨੇ 5 ਸਾਲ ਪੂਰੇ ਕੀਤੇ। 2002 ਵਾਲੀਆਂ ਚੋਣਾਂ ਵਿੱਚ ਗੱਠਜੋੜ ਨੂੰ ਕਾਫ਼ੀ ਧੱਕਾ ਲੱਗਾ ਤੇ ਭਾਜਪਾ ਕੇਵਲ 5.67% ਵੋਟਾਂ ਲੈ ਕੇ 3 ਸੀਟਾਂ ਹੀ ਜਿੱਤ ਸਕੀ; ਅਕਾਲੀ ਦਲ ਨੇ 30.5% ਵੋਟਾਂ ਨਾਲ 41 ਸੀਟਾਂ ਜਿੱਤੀਆਂ। ਉਦੋਂ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਸਰਕਾਰ ਬਣੀ। 2007 ਦੀਆਂ ਚੋਣਾਂ ਵਿੱਚ ਅਕਾਲੀ-ਗੱਠਜੋੜ ਫਿਰ ਸੱਤਾ ਵਿੱਚ ਆ ਗਿਆ। ਭਾਜਪਾ ਇਨ੍ਹਾਂ ਚੋਣਾਂ ਵਿੱਚ 8.2% ਵੋਟਾਂ ਲੈ ਕੇ 19 ਸੀਟਾਂ 'ਤੇ ਜਿੱਤ ਪ੍ਰਾਪਤ ਕਰਦੀ ਹੈ ਜੋ ਇਸ ਦਾ ਅਜੇ ਤੱਕ ਦਾ ਰਿਕਾਰਡ ਹੈ। ਅਕਾਲੀ ਦਲ 37.20% ਵੋਟਾਂ ਲੈ ਕੇ 49 ਸੀਟਾਂ ਜਿੱਤਦਾ ਹੈ ਤੇ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਇਕ ਵਾਰ ਫਿਰ ਗੱਠਜੋੜ ਸਰਕਾਰ ਬਣਦੀ ਹੈ। 2012 ਦੀਆਂ ਚੋਣਾਂ ਵਿੱਚ ਗੱਠਜੋੜ ਨੇ ਇਤਿਹਾਸਕ ਜਿੱਤ ਪ੍ਰਾਪਤ ਕਰ ਕੇ 1967 ਤੋਂ ਚਲੇ ਆ ਰਹੇ ਹਰ ਚੋਣਾਂ ਵਿੱਚ ਸਰਕਾਰ ਬਦਲਣ ਦੇ ਨਿਯਮ ਨੂੰ ਤੋੜ ਕੇ ਲਗਾਤਾਰ ਦੂਜੀ ਵਾਰੀ ਸਰਕਾਰ ਬਣਾਈ। ਇਨ੍ਹਾਂ ਚੋਣਾਂ ਵਿੱਚ ਭਾਜਪਾ ਕੁੱਲ ਪਈਆਂ ਵੋਟਾਂ ਦਾ 7.13% ਲੈ ਕੇ 12 ਸੀਟਾਂ ਜਿੱਤਦੀ ਹੈ ਅਤੇ ਅਕਾਲੀ ਦਲ 37.75% ਵੋਟਾਂ ਨਾਲ 56 ਸੀਟਾਂ। ਇਸ ਦੌਰਾਨ ਗੱਠਜੋੜ ਸਰਕਾਰ ਦੀਆਂ ਨੀਤੀਆਂ, ਕੰਮ ਅਤੇ ਹੋਰ ਬਹੁਤ ਸਾਰੇ ਕਾਰਨਾਂ ਕਰ ਕੇ ਹਾਕਮ ਧਿਰਾਂ ਨੂੰ ਵੱਡਾ ਧੱਕਾ ਲਗਦਾ ਹੈ ਜੋ ਬਾਅਦ ਵਿੱਚ ਇਨ੍ਹਾਂ ਪਾਰਟੀਆਂ ਲਈ ਰਾਜਨੀਤਕ ਤੌਰ 'ਤੇ ਸਾਰਥਕ ਰਹਿਣ ਦੇ ਰਸਤੇ ਵਿੱਚ ਰੁਕਾਵਟ ਪਾਉਂਦਾ ਹੈ। ਇਹ ਵਰਤਾਰਾ ਹੁਣ ਤੱਕ ਚੱਲ ਰਿਹਾ ਹੈ। ਇਸ ਦਾ ਅਸਰ 2017 ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਇਲਾਵਾ 2014 ਤੇ 2019 ਦੀਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਵੀ ਦੇਖਣ ਨੂੰ ਮਿਲਦਾ ਹੈ। 2017 ਦੀਆਂ ਚੋਣਾਂ ਵਿੱਚ ਭਾਜਪਾ 5.40% ਵੋਟਾਂ ਲੈ ਕੇ ਕੇਵਲ 3 ਸੀਟਾਂ ਜਿੱਤਦੀ ਹੈ ਅਤੇ ਅਕਾਲੀ ਦਲ 25.20% ਵੋਟਾਂ ਲੈ ਕੇ ਕੇਵਲ 15 ਸੀਟਾਂ ਹੀ ਜਿੱਤਦਾ ਹੈ ਤੇ ਵਿਰੋਧੀ ਧਿਰ ਦਾ ਰੁਤਬਾ ਵੀ ਗੁਆ ਲੈਂਦਾ ਹੈ। ਭਾਜਪਾ ਨੂੰ ਗੱਠਜੋੜ ਤਹਿਤ ਲੋਕ ਸਭਾ ਚੋਣਾਂ ਦੌਰਾਨ 1998 ਵਿੱਚ 3; 1999 'ਚ 1; 2004 'ਚ 3; 2009 2014 ਤੇ 2019 ਵਿੱਚ 1-1 ਸੀਟ ਜਿੱਤੀ ਅਤੇ 2024 ਵਿੱਚ ਇਸ ਨੂੰ ਕੋਈ ਸੀਟ ਨਹੀਂ ਮਿਲੀ। ਇਨ੍ਹਾਂ ਚੋਣਾਂ ਵਿੱਚ ਪਾਰਟੀ ਦਾ ਕੁੱਲ ਵੋਟਾਂ ਵਿੱਚ ਹਿੱਸਾ 10-11% ਰਿਹਾ। ਅਕਾਲੀ ਦਲ ਨੇ 1998 ਵਿੱਚ 8, 1999 ਵਿੱਚ 2, 2004 ਵਿੱਚ 8, 2009 ਤੇ 2014 ਵਿੱਚ 4-4, 2019 ਵਿੱਚ 2, 2024 ਵਿੱਚ 1 ਸੀਟਾਂ ਜਿੱਤੀਆਂ ਤੇ ਵੋਟ ਸ਼ੇਅਰ 27-28% ਰਿਹਾ। 2021 ਵਿੱਚ ਗੱਠਜੋੜ ਟੁੱਟਣ ਪਿੱਛੋਂ ਦੋਹਾਂ ਪਾਰਟੀਆਂ ਨੇ 2022 ਦੀਆਂ ਵਿਧਾਨ ਸਭਾ ਅਤੇ 2024 ਦੀਆਂ ਲੋਕ ਸਭਾ ਚੋਣਾਂ ਵੱਖ-ਵੱਖ ਲੜੀਆਂ ਤੇ ਵੱਡੀਆਂ ਹਾਰਾਂ ਦਾ ਸਾਹਮਣਾ ਕੀਤਾ। ਅਮਰਿੰਦਰ ਸਿੰਘ, ਸੁਨੀਲ ਜਾਖੜ ਤੇ ਹੋਰ ਬਹੁਤ ਸਾਰੇ ਲੀਡਰਾਂ ਦਾ ਇਨ੍ਹਾਂ ਚੋਣਾਂ ਤੋਂ ਪਹਿਲਾਂ ਭਾਜਪਾ ਵਿੱਚ ਸ਼ਾਮਲ ਹੋਣ ਦੇ ਬਾਵਜੂਦ ਭਾਜਪਾ ਲਈ ਚੋਣ ਨਤੀਜੇ ਨਿਰਾਸ਼ਜਨਕ ਰਹੇ। 2022 ਦੀਆਂ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਪਾਰਟੀ ਕੁੱਲ ਵੋਟਾਂ ਦਾ 6.60% ਲੈ ਕੇ ਕੇਵਲ 2 ਸੀਟਾਂ ਜਿੱਤ ਸਕੀ। ਅਕਾਲੀ ਦਲ 18.40% ਵੋਟਾਂ ਨਾਲ ਕੇਵਲ 3 ਸੀਟਾਂ ਜਿੱਤੀਆਂ। 2024 ਦੀਆਂ ਲੋਕ ਸਭਾ ਚੋਣਾਂ ਦੇ ਨਤੀਜੇ ਵੀ ਦੋਹਾਂ ਪਾਰਟੀਆਂ ਲਈ ਕਾਫ਼ੀ ਨਮੋਸ਼ੀ ਵਾਲੇ ਸਨ।

# ਨਸ਼ਾ ਸਮੱਗਲਰ ਲੱਡੂ ਦਾ ਘਰ ਜ਼ਿਲ੍ਹਾ ਪ੍ਰਸ਼ਾਸਨ ਨੇ ਢਾਹਿਆ

**ਅੰਮ੍ਰਿਤਸਰ 9 ਅਗਸਤ**
**-ਰਾਕੇਸ਼ ਕੁਮਾਰ ਲੱਕੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਮੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਵੱਲੋਂ ਨਸ਼ਿਆਂ ਖਿਲਾਫ ਸੁਰੂ ਕੀਤੇ ਗਏ ਯੁੱਧ ਨਸ਼ਿਆਂ ਵਿਰੁੱਧ ਨੂੰ ਅੱਗੇ ਤੋਰਦੇ ਹੋਏ ਜਿਲਾ ਪ੍ਰਸ਼ਾਸਨ ਨੇ ਨਸ਼ਾ ਸਮਗਲਰ ਰਾਮ ਸਿੰਘ ਉਰਫ ਲੱਡੂ ਪੁੱਤਰ ਜੋਗਿੰਦਰ ਸਿੰਘ ਵਾਸੀ ਆਬਾਦੀ ਨਾਨਕਪੁਰਾ, ਗੁਰੂ ਕੀ ਵਡਾਲੀ, ਅੰਮ੍ਰਿਤਸਰ, ਜਿਸ ਦੇ ਖਿਲਾਫ ਐਨ.ਡੀ.ਪੀ.ਐਸ ਐਕਟ ਅਧੀਨ ਪੰਜਾਬ ਦੇ ਵੱਖ-ਵੱਖ ਥਾਣਿਆਂ ਵਿੱਚ 3 ਕੇਸ ਦਰਜ ਹਨ, ਦਾ ਘਰ ਮਸ਼ੀਨਾਂ ਦੀ ਮਦਦ ਨਾਲ ਮਲੀਆਮੇਟ ਕਰ ਦਿੱਤਾ। ਇਸ ਮੌਕੇ ਰਾਮ ਸਿੰਘ ਫਿਲਹਾਲ ਭਗੌੜਾ ਹੈ। ਦੱਸਣ ਯੋਗ ਹੈ ਕਿ ਇਸ ਤੋਂ ਪਹਿਲਾਂ ਅੰਮ੍ਰਿਤਸਰ ਸ਼ਹਿਰ ਵਿੱਚ ਨਸ਼ਾ ਸਮਗਲਰਾਂ ਦੀਆਂ 10 ਜਾਇਦਾਤਾਂ ਢਾਹੀਆਂ ਜਾ ਚੁੱਕੀਆਂ ਹਨ।

ਇਸ ਮੌਕੇ ਵਿਸ਼ੇਸ ਤੌਰ ਉਤੇ ਪਹੁੰਚੇ ਪੁਲਸਿ ਦੇ ਡਿਪਟੀ ਕਮਸਿ ?ਨਰ ਸ੍ਰੀ ਆਲਮ ਵਿਜੈ ਸਿੰਘ ਨੇ ਨਸ਼ਾ ਤਸਕਰਾਂ ਨੂੰ ਚੇਤਾਵਨੀ ਭਰੇ ਲਹਿਜੇ ਵਿੱਚ ਸਪਸ਼ਟ ਸੰਦੇਸ਼ ਦਿੱਤਾ ਜੋ ਲੋਕ ਸਾਡੇ ਨੌਜਵਾਨਾਂ ਦੀ ਜ਼ਿੰਦਗੀ ਵਿੱਚ ਨਸ਼ਆ ?ਂ ਰੂਪੀ ਜ਼ਹਿਰ ਘੋਲ ਰਹੇ ਹਨ, ਉਹਨਾਂ ਉੱਤੇ ਕੋਈ ਰਹਿਮ ਨਹੀਂ ਕੀਤਾ ਜਾ ਸਕਦਾ। ਉਹਨਾਂ ਕਿਹਾ ਕਿ ਨਸ਼ਾ ਤਸਕਰਾਂ ਵਿਰੁੱਧ ਯੁੱਧ ਨਸ਼ੇ ਦੀ ਸਮਾਪਤੀ ਤੱਕ ਜਾਰੀ ਰਹੇਗਾ। ਉਹਨਾਂ ਕਿਹਾ ਕਿ ਨਸ਼ਾ ਤਸਕਰਾਂ ਖਿਲਾਫ ਪੁਲਿਸ ਸਖਤ ਕਾਰਵਾਈ ਕਰ ਰਹੀ ਹੈ ਅਤੇ ਜੋ ਵੀ ਇਸ ਧੰਦੇ ਵਿੱਚ ਸ਼ਾਮਿਲ ਹੈ, ਉਸ ਨੂੰ ਜੇਲ ਵਿੱਚ ਸੁਟਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਨਸ਼ੇ ਦੇ ਰੋਗੀਆਂ ਦਾ ਇਲਾਜ ਵੀ ਪੁਲਿਸ ਕਰਵਾ ਰਹੀ ਹੈ। ਉਹਨਾਂ ਕਿਹਾ ਕਿ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਇਸ ਨਸ਼ਾ ਵਿਰੁੱਧ ਮੁਹਿੰਮ ਉੱਤੇ ਨਜ਼ਰ ਰੱਖ ਰਹੇ ਹਨ ਅਤੇ ਪੁਲਿਸ ਰੋਜ਼ਾਨਾ ਨਸ਼ੇ ਦੀਆਂ ਵੱਡੀਆਂ ਖੇਪਾਂ ਬਰਾਮਦ ਕਰ ਰਹੀ ਹੈ।

ਉਹਨਾਂ ਲੋਕਾਂ ਨੂੰ ਇਹ ਅਪੀਲ ਕੀਤੀ ਕਿ ਉਹ ਨਸ਼ਾ ਤਸਕਰਾਂ ਦੀ ਜਾਣਕਾਰੀ ਪੁਲਿਸ ਨਾਲ ਸਾਂਝੀ ਕਰਨ। ਉਹਨਾਂ ਕਿਹਾ ਕਿ ਅਸੀਂ ਜਾਣਕਾਰੀ ਦੇਣ ਵਾਲੇ ਦਾ ਨਾਂ ਬਿਲਕੁਲ ਗੁਪਤ ਰੱਖ ਕੇ ਐਸੀ ਕਾਰਵਾਈ ਕਰਾਂਗੇ ਕਿ ਨਸ਼ਾ ਤਸਕਰਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਯਾਦ ਰੱਖਣਗੀਆਂ। ਇਸ ਮੌਕੇ ਏ.ਸੀ.ਪੀ. ਵੈਸਟ ਸ਼ਿਵਦਰਸ਼ਨ ਸਿੰਘ, ਅਤੇ ਹੋਰ ਮੋਹਤਬਰ ਅਧਿਕਾਰੀ ਹਾਜ਼ਰ ਸਨ।

# ਔਰਤ ਵੱਲੋਂ ਸ਼ੱਕੀ ਹਾਲਾਤਾਂ 'ਚ ਫਾਹਾ ਲੈ ਕੇ ਕੀਤੀ ਆਤਮਹੱਤਿਆ



**ਸਮਾਣਾ, 9 ਅਗਸਤ**
**-ਸਰਬਜੀਤ ਸਿੰਘ ਤਲਵੰਡੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਬਕਰਾਹਾ ਦੀ ਇੱਕ ਵਿਆਹੁਤਾ ਔਰਤ ਵੱਲੋਂ ਸ਼ੱਕੀ ਹਾਲਾਤਾਂ ਵਿੱਚ ਫਾਹਾ ਲੈ ਕੇ ਆਪਣੀ। ਜੀਵਨ ਲੀਲਾ ਸਮਾਪਤ ਕਰ ਲੈਣ ਦਾ ਮਾਮਲਾ ਸਾਹਮਣੇ ਆਇਆ ਹੈ। ਉਸ ਦੀ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ। ਮਾਮਲੇ ਦੀ ਜਾਂਚ ਕਰ ਰਹੇ ਬਾਦਸ਼ਾਹਪੁਰ ਪੁਲਿਸ ਚੌਕੀ ਦੇ ਐੱਸ.ਆਈ. ਪਰਮਜੀਤ ਸਿੰਘ ਨੇ ਦੱਸਿਆ ਕਿ ਮ੍ਰਿਤਕਾ ਕੁਲਵਿੰਦਰ ਕੌਰ (34) (ਪਤਨੀ ਗੁਰਜੀਤ ਸਿੰਘ ਵਾਸੀ ਪਿੰਡ ਬਕਰਾਹਾ) ਦੀ ਮਾਤਾ ਰਾਣੀ ਵਾਸੀ ਬਸਤੀ ਜੋਧੇਵਾਲ, ਲੁਧਿਆਣਾ ਵੱਲੋਂ ਦਰਜ ਕਰਵਾਏ ਬਿਆਨ ਅਨੁਸਾਰ ਤਿੰਨ ਛੋਟੇ ਬੱਚਿਆਂ ਦੀ ਮਾਂ ਉਸ ਦੀ ਬੇਟੀ ਕੁਲਵਿੰਦਰ ਦਿਮਾਗੀ ਤੌਰ 'ਤੇ ਪ੍ਰੇਸ਼ਾਨ ਰਹਿੰਦੀ ਸੀ, ਜਿਸ ਨੇ 4 ਅਗਸਤ ਨੂੰ ਫਾਹਾ ਲੈ ਲਿਆ। ਅਧਿਕਾਰੀ ਅਨੁਸਾਰ ਡਾਕਟਰਾਂ ਦਾ ਤਿੰਨ ਮੈਂਬਰੀ ਪੈਨਲ ਬਣਾ ਕੇ ਮ੍ਰਿਤਕਾ ਦੀ ਲਾਸ਼ ਦਾ ਪੋਸਟਮਾਰਟਮ ਕੀਤਾ ਗਿਆ ਅਤੇ ਵਿਸਰਾ ਜਾਂਚ ਲਈ ਲੈਬ ਭੇਜ ਦਿੱਤਾ ਗਿਆ। ਭਾਰਤੀ ਨਿਆ ਸੰਹਿਤਾ ਦੀ ਧਾਰਾ 194 ਤਹਿਤ ਪੋਸਟਮਾਰਟਮ ਤੋਂ ਬਾਅਦ ਲਾਸ਼ ਨੂੰ ਅੰਤਿਮ ਸੰਸਕਾਰ ਲਈ ਪਰਿਵਾਰਕ ਮੈਂਬਰਾਂ ਦੇ ਹਵਾਲੇ ਕਰ ਦਿੱਤਾ ਗਿਆ।

# ਪੇਂਡੂ ਬੇਰੁਜ਼ਗਾਰ ਨੌਜਵਾਨਾਂ ਲਈ ਡੇਅਰੀ ਫਾਰਮਿੰਗ ਦਾ ਸਿਖਲਾਈ ਕੋਰਸ 11 ਅਗਸਤ ਤੋਂ ਸ਼ੁਰੂ



**ਗੁਰਦਾਸਪੁਰ, 9 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਬਨਿਟ ਮੰਤਰੀ ਪਸ਼ੂ ਪਾਲਣ, ਮੱਛੀ ਪਾਲਨ ਅਤੇ ਡੇਅਰੀ ਵਿਕਾਸ ਵਿਭਾਗ ਸ੍ਰ. ਗੁਰਮੀਤ ਸਿੰਘ ਖੁੱਡੀਆਂ ਅਤੇ ਡਾਇਰੈਕਟਰ ਡੇਅਰੀ ਵਿਕਾਸ ਵਿਭਾਗ ਕੁਲਦੀਪ ਸਿੰਘ ਜੱਸੋਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਵਰਿਆਮ ਸਿੰਘ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਗੁਰਦਾਸਪੁਰ ਦੀ ਰਹਿਨੁਮਾਈ ਹੇਠ ਡੇਅਰੀ ਫਾਰਮਰਾਂ ਲਈ 2 ਹਫ਼ਤੇ ਦਾ ਡੇਅਰੀ ਸਿਖਲਾਈ ਕੋਰਸ ਮਿਤੀ 11 ਅਗਸਤ 2025 ਤੋਂ 22 ਅਗਸਤ 2025 (2 ਹਫ਼ਤੇ) ਡੇਅਰੀ ਸਿਖਲਾਈ ਕੇਂਦਰ ਵੇਰਕਾ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਚਲਾਇਆ ਜਾਣਾ ਹੈ।

ਜ਼ਿਲ੍ਹਾ ਗੁਰਦਾਸਪੁਰ ਨਾਲ ਸਬੰਧਿਤ ਪੇਂਡੂ ਬੇਰੁਜ਼ਗਾਰ ਨੌਜਵਾਨ ਲੜਕੇ ਲੜਕੀਆਂ, ਜੋ ਡੇਅਰੀ ਦਾ ਕਿੱਤਾ ਸ਼ੁਰੂ ਕਰਨਾ ਚਾਹੁੰਦੇ ਹਨ, ਡੇਅਰੀ ਸਿਖਲਾਈ ਕੋਰਸ ਵਾਸਤੇ ਦਫ਼ਤਰ ਡਿਪਟੀ ਡਾਇਰੈਕਟਰ ਡੇਅਰੀ ਗੁਰਦਾਸਪੁਰ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਬਲਾਕ-ਬੀ, ਚੌਥੀ ਮੰਜ਼ਿਲ, ਕਮਰਾ ਨੰਬਰ 508 ਵਿਖੇ ਮਿਤੀ 09 ਅਗਸਤ 2025 ਤੱਕ ਅਰਜ਼ੀਆਂ ਦੇ ਸਕਦੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਡੇਅਰੀ ਗੁਰਦਾਸਪੁਰ ਨੇ ਦੱਸਿਆ ਕਿ ਖੇਤੀ ਵਿੱਚ ਵਿਭਿੰਨਤਾ ਲਿਆਉਣ ਅਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਡੇਅਰੀ ਦੇ ਕਿੱਤੇ ਨੂੰ ਸਹਾਇਕ ਧੰਦੇ ਵਜੋਂ ਅਪਣਾਉਣ ਲਈ 2 ਹਫ਼ਤੇ ਦੀ ਡੇਅਰੀ ਸਿਖਲਾਈ ਮਿਤੀ 11 ਅਗਸਤ 2025 ਤੋਂ ਡੇਅਰੀ ਸਿਖਲਾਈ ਤੇ ਵਿਸਥਾਰ ਕੇਂਦਰ, ਵੇਰਕਾ (ਜ਼ਿਲ੍ਹਾ ਅੰਮ੍ਰਿਤਸਰ) ਵਿਖੇ ਕਰਵਾਈ ਜਾਣੀ ਹੈ। ਇਸ ਸਿਖਲਾਈ ਕੋਰਸ ਵਿੱਚ ਜ਼ਿਲ੍ਹਾ ਗੁਰਦਾਸਪੁਰ ਨਾਲ ਸਬੰਧਿਤ ਬੇਰੁਜ਼ਗਾਰ ਨੌਜਵਾਨ ਲੜਕੇ-ਲੜਕੀਆਂ ਜੋ ਘੱਟੋ-ਘੱਟ 5ਵੀਂ ਪਾਸ ਹੋਣ, ਉਮਰ 18 ਤੋਂ 55 ਸਾਲ ਦਰਮਿਆਨ ਹੋਵੇ, ਪੇਂਡੂ ਖੇਤਰ ਨਾਲ ਸਬੰਧਿਤ ਹੋਣ, ਇਸ ਸਿਖਲਾਈ ਵਿੱਚ ਭਾਗ ਲੈ ਸਕਦੇ ਹਨ।

# ਐੱਸ.ਆਰ.ਐੱਸ. ਵਿੱਦਿਆਪੀਠ ਸਮਾਣਾ ਦੇ ਵਿਦਿਆਰਥੀਆਂ ਨੇ ਜ਼ੋਨਲ ਖੇਡਾਂ 'ਚ ਕੀਤਾ ਪਹਿਲਾ ਸਥਾਨ ਪ੍ਰਾਪਤ




**ਸਮਾਣਾ, 9 ਅਗਸਤ**
**-ਸਰਬਜੀਤ ਸਿੰਘ ਤਲਵੰਡੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਡਾਂ ਵਿੱਚ ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਵਿੱਚ ਅੰਡਰ-14, ਅੰਡਰ -17 ਅਤੇ ਅੰਡਰ -19 ਟੇਬਲ ਟੈਨਿਸ ਖੇਡ ਮੁਕਾਬਲੇ ਕਰਵਾਏ ਗਏ। ਇਹਨਾਂ ਖੇਡ ਮੁਕਾਬਲਿਆਂ ਵਿੱਚ ਕਈ ਸਕੂਲਾਂ ਨੇ ਭਾਗ ਲਿਆ। ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਦੇ ਅੰਡਰ -14 ਵਿੱਚ ਮੋਹਿਤ, ਲਵਿਆ, ਐਸ਼ਪ੍ਰੀਤ, ਅਦਿਤਿਆ ਅਤੇ ਵਿਵਾਨ ਸਿੰਗਲਾ ਨੇ ਬੜੇ ਉਤਸ਼ਾਹ ਅਤੇ ਜੋਸ਼ ਦੇ ਨਾਲ ਭਾਗ ਲਿਆ ਅਤੇ ਪਹਿਲਾ ਸਥਾਨ ਪ੍ਰਾਪਤ ਕੀਤਾ। ਅੰਡਰ-17 ਵਿੱਚ ਕੀਰਤਮਾਨ ਸਿੰਘ, ਹਰਮਨ ਸਿੰਘ ਅਤੇ ਨਵਰਾਜ ਸਿੰਘ ਨੇ ਭਾਗ ਲਿਆ ਅਤੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਤੀਸਰਾ ਸਥਾਨ ਪ੍ਰਾਪਤ ਕੀਤਾ। ਅੰਡਰ ਸਹਿਜਪ੍ਰੀਤ ਸਿੰਘ ਨੇ ਭਾਗ ਲਿਆ ਅਤੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਪਹਿਲਾ ਸਥਾਨ ਹਾਸਲ ਕੀਤਾ। ਮੁਕਾਬਲੇ ਦੌਰਾਨ ਵਿਦਿਆਰਥੀਆਂ ਨੇ ਪ੍ਰਦਰਸ਼ਨ ਕਰਦੇ ਹੋਏ ਅੰਡਰ 14 ਮੁਕਾਬਲੇ ਵਿੱਚ ਪਹਿਲਾ ਅਤੇ ਅੰਡਰ -17 ਮੁਕਾਬਲੇ ਵਿੱਚ ਤੀਜਾ ਅਤੇ ਅੰਡਰ -19 ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਆਪਣੇ ਕੌਸ਼ਲ ਅਤੇ ਖੇਡ ਜਜ਼ਬੇ ਨਾਲ ਸਭ ਨੂੰ ਪ੍ਰਭਾਵਿਤ ਕੀਤਾ ਅਤੇ ਸ਼ਾਨਦਾਰ ਕਰਕੇ ਆਪਣੇ ਸਕੂਲ ਅਤੇ ਮਾਤਾ-ਪਿਤਾ ਦਾ ਨਾਮ ਰੌਸ਼ਨ ਕੀਤਾ। ਇਸ ਮੌਕੇ 'ਤੇ ਸਕੂਲ ਵਾਈਸ ਚੇਅਰਮੈਨ ਮਿਸ ਸਮਿਧਾ ਸਿੰਗਲਾ ਅਤੇ ਪ੍ਰਿੰਸੀਪਲ ਮਿਸ ਤਿਮਲੀ ਬੋਸ ਨੇ ਸਾਰੇ ਖਿਡਾਰੀਆਂ ਦਾ ਹੌਂਸਲਾ ਵਧਾਇਆ ਅਤੇ ਭਵਿੱਖ ਵਿੱਚ ਵੀ ਉਨ੍ਹਾਂ ਨੂੰ ਅਜਿਹੇ ਖੇਡ ਮੁਕਾਬਲਿਆਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਾਜ਼ਿਲਕਾ ਵੱਲੋਂ ਨੈਸ਼ਨਲ ਲੋਕ ਅਦਾਲਤ 13 ਸਤੰਬਰ, 2025 ਸਬੰਧੀ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ



**ਫਾਜ਼ਿਲਕਾ, 9 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਨੈਸ਼ਨਲ ਲੀਗਲ ਸਰਵਿਸ ਅਥਾਰਟੀ, ਨਵੀਂ ਦਿੱਲੀ, ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ, ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਸ. ਅਵਤਾਰ ਸਿੰਘ, ਜਿਲ੍ਹਾ ਅਤੇ ਸੈਸ਼ਨ ਜੱਜ—ਕਮ—ਮਾਣਯੋਗ ਚੈਅਰਮੈਨ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਾਜਿਲਕਾ ਜੀ ਦੀ ਅਗੁਵਾਈ ਅਤੇ ਮਾਰਗ ਦਰਸ਼ਨ ਹੇਠ ਮਿਤੀ 13 ਸਤੰਬਰ, 2025 ਨੂੰ ਫਾਜ਼ਿਲਕਾ, ਅਬੋਹਰ ਅਤੇ ਜਾਲਾਲਬਾਦ ਵਿਖੇ ਨੈਸ਼ਨਲ ਲੋਕ ਅਦਾਲਤ ਲਗਾਈ ਜਾ ਰਹੀ ਹੈ। ਇਸ ਲੋਕ ਅਦਾਲਤ ਵਿਚ ਹਰ ਤਰ੍ਹਾਂ ਦੇ ਮਸਲੇ ਲਗਾਏ ਜਾ ਸਕਦੇ ਹਨ।

ਇਸ ਸਬੰਧੀ ਅੱਜ ਮਿਤੀ 05.08.2025 ਨੂੰ ਬੈਂਕ ਦੇ ਅਧਿਕਾਰੀਆਂ, ਬੀਮਾ ਕੰਪਨੀਆਂ, ਟੈਲੀਕਾਮ ਕੰਪਨੀਆਂ, ਮਿਊਂਸਪਲ ਕਮੇਟੀ ਅਤੇ ਕਾਰਪੋਰੇਸ਼ਨ ਦੇ ਅਧਿਕਾਰੀਆਂ ਨਾਲ ਲੋਕ ਅਦਾਲਤ ਦੇ ਸਬੰਧ ਵਿੱਚ ਮੀਟਿੰਗ ਕੀਤੀ ਗਈ ਅਤੇ ਉਹਨਾਂ ਨੂੰ ਹਦਾਇਤ ਵੀ ਕੀਤੀ ਗਈ ਕਿ ਜਿਹੜੇ ਲੋਕਾਂ ਵੱਲੋਂ ਆਪਣੇ ਬੈਂਕਾਂ ਅਤੇ ਵਿਭਾਗਾਂ ਦੇ ਨਾਲ ਚਲਦੇ ਕੇਸਾਂ ਦੇ ਨਿਪਟਾਰਾ ਕਰਨਾ ਚਾਹੁੰਦੇ ਹਨ, ਉਹਨਾਂ ਨੂੰ ਲੋਕ ਅਦਾਲਤਾਂ ਰਾਹੀਂ ਕਰਵਾਇਆ ਜਾਵੇ ਤਾਂ ਜੋ ਉਹਨਾਂ ਦੇ ਸਮੇਂ ਅਤੇ ਪੈਸੇ ਦੀ ਬੱਚਤ ਹੋ ਸਕੇ।

ਮੈਡਮ ਰੂਚੀ ਸਵਪਨ ਸ਼ਰਮਾ, ਸਕੱਤਰ, ਜਿਲ੍ਹਾਂ ਕਾਨੂੰਨੀ ਸੇਵਾਵਾ ਅਥਾਰਟੀ, ਫਾਜ਼ਿਲਕਾ ਜੀ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਹਨਾਂ ਲੋਕ ਅਦਾਲਤਾਂ ਦੇ ਨਾਲ ਜਿੱਥੇ ਆਮ ਲੋਕਾਂ ਨੂੰ ਰਾਹਤ ਮਿਲਦੀ ਹੈ ਉੱਥੇ ਉਹਨਾਂ ਲੋਕਾ ਦੇ ਸਮਾਂ ਅਤੇ ਪੈਸੇ ਦੀ ਵੀ ਬੱਚਤ ਹੁੰਦੀ ਹੈ। ਲੋਕ ਅਦਾਲਤ ਦੁਆਰਾ ਦੋਨੋ ਪਾਰਟੀਆਂ ਵਿੱਚ ਆਪਸੀ ਦੁਸ਼ਮਣੀ ਖਤਮ ਹੋ ਜਾਂਦੀ ਹੈ ਅਤੇ ਭਾਈਚਾਰਾ ਵੱਧਦਾ ਹੈ।

ਲੋਕ ਅਦਾਲਤ ਵਿੱਚ ਫੈਸਲਾਂ ਹੋਣ ਤੋਂ ਬਾਅਦ ਕੇਸ ਵਿੱਚ ਲੱਗੀ ਸਾਰੀ ਕੋਰਟ ਫੀਸ ਵਾਪਿਸ ਮਿਲ ਜਾਂਦੀ ਹੈ। ਇਸਦੇ ਫੈਸਲੇ ਨੂੰ ਦੀਵਾਨੀ ਅਦਾਲਤ ਦੀ ਡਿਗਰੀ ਦੀ ਮਾਣਤਾ ਪ੍ਰਾਪਤ ਹੈ। ਇਸ ਦੇ ਫੈਸਲੇ ਦੇ ਖਿਲਾਫ਼ ਕੋਈ ਅਪੀਲ ਨਹੀਂ ਹੋ ਸਕਦੀ। ਉਹਨਾਂ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਆਪਣੇ ਕੇਸਾਂ ਦਾ ਲੋਕ ਅਦਾਲਤ ਵਿੱਚ ਫੈਸਲਾ ਕਰਾ ਕੇ ਵੱਧ ਤੋਂ ਵੱਧ ਲਾਭ ਉਠਾਓ।

# ਫ਼ੌਜੀ ਜਵਾਨ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ

**ਗੁਰੂਸਰ ਸੁਧਾਰ, 9 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਫ਼ੌਜ ਦੀ ਬੰਗਾਲ ਇੰਜਨੀਅਰ ਬਟਾਲੀਅਨ ਅੰਬਾਲਾ ਛਾਉਣੀ ਵਿੱਚ ਤਾਇਨਾਤ ਨੇੜਲੇ ਪਿੰਡ ਹੇਰਾਂ ਦੇ 35 ਸਾਲਾ ਜਵਾਨ ਦੀ ਅੱਜ ਤੜਕੇ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਕਰੀਬ 2:45 ਵਜੇ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਗੁਰਪ੍ਰੀਤ ਸਿੰਘ ਪੁੱਤਰ ਮਰਹੂਮ ਹਰਪਾਲ ਸਿੰਘ ਦੀ ਮੌਤ ਦੀ ਖ਼ਬਰ ਮਗਰੋਂ ਪਿੰਡ ਹੇਰਾਂ ਵਿੱਚ ਗ਼ਮ ਦਾ ਮਹੌਲ ਹੈ। ਪਰਿਵਾਰਕ ਸੂਤਰਾਂ ਅਨੁਸਾਰ ਗੁਰਪ੍ਰੀਤ ਨੇ 31 ਅਗਸਤ ਨੂੰ 16 ਸਾਲ ਦੀ ਸੇਵਾ ਮਗਰੋਂ ਸੇਵਾਮੁਕਤ ਹੋਣਾ ਸੀ।

# ਖਾਲੀ ਪਲਾਟਾਂ 'ਚੋਂ ਕੂੜੇ ਦੇ ਢੇਰ ਚੁਕਵਾਉਣ ਲਈ ਵਿੱਢੀ ਮੁਹਿੰਮ ਜਾਰੀ, 300 ਤੋਂ ਵੱਧ ਜਾਰੀ ਕੀਤੇ ਨੋਟਿਸ



**ਸਮਾਣਾ, 9 ਅਗਸਤ**
**-ਸਰਬਜੀਤ ਸਿੰਘ ਤਲਵੰਡੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵਲੋਂ ਸਫਾਈ ਪੱਖੋਂ ਸ਼ਹਿਰਾਂ ਅਤੇ ਪਿੰਡਾਂ ਦੀ ਨੁਹਾਰ ਬਦਲਣ ਲਈ ਕੀਤੇ ਜਾ ਰਹੇ ਜੀਅਤੋੜ ਯਤਨਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਜਲੰਧਰ ਨੇ ਖਾਲੀ ਪਲਾਟਾਂ ਵਿਚੋਂ ਕੂੜੇ ਦੇ ਢੇਰ ਚੁਕਵਾਉਣ ਲਈ ਜੋ ਮੁਹਿੰਮ ਵਿੱਢੀ ਹੈ, ਉਸ ਮੁਹਿੰਮ ਤਹਿਤ ਖਾਲੀ ਪਲਾਟਾਂ ਦੀ ਸਫ਼ਾਈ ਕਰਵਾਉਣ ਵਿੱਚ ਆਲਸ ਦਿਖਾਉਣ ਵਾਲੇ ਪਲਾਟ ਮਾਲਕਾਂ ਨੂੰ 300 ਤੋਂ ਵੱਧ ਨੋਟਿਸ ਜਾਰੀ ਕੀਤੇ ਗਏ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਪਲਾਟਾਂ ਦੀ ਸਾਫ਼-ਸਫਾਈ ਨਾ ਕਰਵਾਉਣ ਵਾਲਿਆਂ ਖਿਲਾਫ਼ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ, ਜਿਸ ਤਹਿਤ ਪਲਾਟ ਮਾਲਕਾਂ ਨੂੰ 300 ਤੋਂ ਵੱਧ ਨੋਟਿਸ ਜਾਰੀ ਕੀਤੇ ਗਏ ਹਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪ੍ਰਸ਼ਾਸਨ ਵਲੋਂ ਵਿੱਢੀ ਮੁਹਿੰਮ ਦਾ ਪਲਾਟ ਮਾਲਕ ਸਾਥ ਵੀ ਦੇ ਰਹੇ ਹਨ। ਉਨ੍ਹਾਂ ਦੱਸਿਆ ਕਿ ਸਫ਼ਾਈ ਪਸੰਦ ਵਿਅਕਤੀਆਂ ਵਲੋਂ ਆਪਣੇ ਪਲਾਟਾਂ ਦੀ ਸਫਾਈ ਕਰਵਾਉਣ ਤੋਂ ਇਲਾਵਾ ਚਾਰਦਿਵਾਰੀਆਂ ਵੀ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਹੋਰਨਾਂ ਪਲਾਟ ਮਾਲਕਾਂ ਨੂੰ ਵੀ ਆਪਣੇ ਖਾਲੀ ਪਏ ਪਲਾਟਾਂ ਦੀ ਸਫਾਈ ਅਤੇ ਚਾਰਦਿਵਾਰੀ ਕਰਵਾਉਣ ਦੀ ਸਖਤ ਹਦਾਇਤ ਕੀਤੀ, ਤਾਂ ਜੋ ਚੱਲ ਰਹੇ ਬਰਸਾਤ ਦੇ ਮੌਸਮ ਦੌਰਾਨ ਫੈਲਣ ਵਾਲੀਆਂ ਬਿਮਾਰੀਆਂ ਤੋਂ ਬਚਿਆ ਜਾ ਸਕੇ।

ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੀ ਪੰਜਾਬ ਨੂੰ ਦੇਸ਼ ਦਾ ਸਭ ਤੋਂ ਸਾਫ-ਸੁਥਰਾ ਰਾਜ ਬਣਾਉਣ ਦੀ ਵਚਨਬੱਧਤਾ ਦਹੁਰਾਉਂਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਜਲੰਧਰ ਨੂੰ ਸਫਾਈ ਪੱਖੋਂ ਬਿਹਤਰ ਬਣਾਉਣ ਵਿੱਚ ਪ੍ਰਸ਼ਾਸਨ ਵੱਲੋਂ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ।

ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਖਾਲੀ ਪਲਾਟਾਂ ਦੀ ਸਫਾਈ ਕਰਵਾਉਣ ਲਈ ਕਿਸੇ ਵੀ ਤਰ੍ਹਾਂ ਦੀ ਸਹਾਇਤਾ ਹਿੱਤ ਜਾਰੀ ਕੀਤੇ ਐਕਸ਼ਨ ਹੈਲਪਲਾਈਨ ਵਟਸਐਪ ਨੰਬਰ 9646-222-555 ਰਾਹੀਂ 60 ਤੋਂ ਵੱਧ ਸਮੱਸਿਆਵਾਂ ਦਾ ਹੱਲ ਕਰਕੇ ਰਾਹਤ ਦਿਵਾਈ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਨੰਬਰ ਰਾਹੀਂ ਨਗਰ ਨਿਗਮ ਜਲੰਧਰ ਵੱਲੋਂ ਸਭ ਤੋਂ ਵੱਧ ਸਮੱਸਿਆਵਾਂ ਦਾ ਨਿਬੇੜਾ ਕਰਨ ਤੋਂ ਇਲਾਵਾ ਸੀਨੀਅਰ ਅਧਿਕਾਰੀਆਂ ਵੱਲੋਂ ਖੁਦ ਫੋਨ ਕਰਕੇ ਇਸ ਸਬੰਧੀ 'ਫਾਲੋ-ਅਪ' ਵੀ ਲਿਆ ਜਾ ਰਿਹਾ ਹੈ।

ਡਿਪਟੀ ਕਮਿਸ਼ਨਰ ਨੇ ਹਦਾਇਤ ਕਰਦਿਆਂ ਕਿਹਾ ਕਿ ਮਾਨਸੂਨ ਸੀਜ਼ਨ ਦੌਰਾਨ ਬਿਮਾਰੀਆਂ ਫੈਲਣ ਦੇ ਖਦਸ਼ੇ ਅਤੇ ਜਨਤਕ ਸਿਹਤ ਸੁਰੱਖਿਆ ਦੇ ਮੱਦੇਨਜ਼ਰ ਜ਼ਿਲ੍ਹੇ ਭਰ ਦੇ ਪਲਾਟ ਮਾਲਕ ਆਪਣੇ ਖਾਲੀ ਪਏ ਪਲਾਟਾਂ ਦੀ ਸਫਾਈ ਕਰਵਾਉਣ। ਇਸ ਤੋਂ ਇਲਾਵਾ ਕੂੜੇ ਦੀ ਗੈਰ-ਕਾਨੂੰਨੀ ਡੰਪਿੰਗ ਰੋਕਣ ਲਈ ਪਲਾਟਾਂ ਦੇ ਆਲੇ-ਦੁਆਲੇ ਚਾਰਦੀਵਾਰੀ ਜਾਂ ਵਾੜ ਵੀ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਸਰਕਾਰੀ ਵਿਭਾਗ ਸਫਾਈ ਕਰਨਗੇ, ਜਿਸ ਦਾ ਖ਼ਰਚਾ ਜੁਰਮਾਨੇ ਵਜੋਂ ਪਲਾਟ ਮਾਲਕ ਤੋਂ ਵਸੂਲ ਕੀਤਾ ਜਾਵੇਗਾ।

ਜੇਕਰ ਕੋਈ ਲਾਗਤ ਜਮ ?ਹਾ ਨਹੀਂ ਕਰਵਾਉਂਦਾ ਤਾਂ ਮਾਲ ਰਿਕਾਰਡ ਵਿੱਚ ਲਾਲ ਐਂਟਰੀ ਦਰਜ ਕੀਤੀ ਜਾਵੇਗੀ। ਇਸ ਤੋਂ ਇਲਾਵਾ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ-2023 ਦੀ ਧਾਰਾ 163, ਵਾਤਾਵਰਣ (ਸੁਰੱਖਿਆ) ਐਕਟ, 1986, ਪੰਜਾਬ ਮਿਊਂਸੀਪਲ ਕਾਰਪੋਰੇਸ਼ਨ ਐਕਟ, 1976 ਅਤੇ ਸੋਲਿਡ ਵੇਸਟ ਮੈਨੇਜਮੈਂਟ ਨਿਯਮ, 2016 ਤਹਿਤ ਜੁਰਮਾਨੇ ਤੋਂ ਇਲਾਵਾ ਪੁਲਿਸ ਵੱਲੋਂ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ।

ਡਾ. ਅਗਰਵਾਲ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਹ ਕਦਮ ਪੂਰੀ ਤਰ੍ਹਾਂ ਜਨਤਕ ਸਿਹਤ ਦੇ ਹਿੱਤ ਲਈ ਚੁੱਕਿਆ ਗਿਆ ਹੈ, ਤਾਂ ਜੋ ਜ਼ਿਲ੍ਹੇ ਦੇ ਲੋਕਾਂ ਨੂੰ ਬਿਮਾਰੀਆਂ ਤੋਂ ਬਚਾਇਆ ਜਾ ਸਕੇ, ਖਾਸ ਕਰ ਚੱਲ ਰਹੇ ਬਰਸਾਤ ਦੇ ਮੌਸਮ ਦੌਰਾਨ ਜਦੋਂ ਵੈਕਟਰ ਬੋਰਨ ਬਿਮਾਰੀਆਂ ਤੇਜ਼ੀ ਨਾਲ ਫੈਲ ਸਕਦੀਆਂ ਹਨ।

ਉਨ੍ਹਾਂ ਸਾਫ਼-ਸੁਥਰਾ ਵਾਤਾਵਰਣ ਯਕੀਨੀ ਬਣਾਉਣ ਅਤੇ ਵਸਨੀਕਾਂ ਦੀ ਸਿਹਤ ਦੀ ਸੁਰੱਖਿਆ ਲਈ ਜਲੰਧਰ ਪ੍ਰਸ਼ਾਸਨ ਦੀ ਵਚਨਬੱਧਤਾ ਵੀ ਦੁਹਰਾਈ।

# ਚਿਲਡਰਨ ਹੋਮ ਵਿੱਚ ਰਹਿ ਰਹੇ ਬੱਚਿਆਂ ਦੀ ਭਲਾਈ ਲਈ ਕੀਤੇ ਜਾ ਰਹੇ ਯਤਨਾਂ ਦੀ ਸਮੀਖਿਆ ਕੀਤੀ



**ਗੁਰਦਾਸਪੁਰ, 9 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਚਿਲਡਰਨ ਹੋਮ (ਲੜਕੇ) ਗੁਰਦਾਸਪੁਰ ਵਿਖੇ ਰਹਿ ਰਹੇ ਬੱਚਿਆਂ ਦੀ ਭਲਾਈ ਲਈ ਕੀਤੇ ਜਾ ਰਹੇ ਯਤਨਾਂ ਦੀ ਸਮੀਖਿਆ ਕਰਨ ਲਈ ਜ਼ਿਲ੍ਹਾ ਪੱਧਰੀ ਚਿਲਡਰਨ ਹੋਮ ਮੈਨੇਜਮੈਂਟ ਕਮੇਟੀ ਵੱਲੋਂ ਮੀਟਿੰਗ ਕਰਵਾਈ ਗਈ। ਇਸ ਮੀਟਿੰਗ ਦੀ ਪ੍ਰਧਾਨਗੀ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਸ੍ਰੀਮਤੀ ਜਸਮੀਤ ਕੌਰ ਵੱਲੋਂ ਕੀਤੀ ਗਈ। ਇਸ ਤੋ ਇਲਾਵਾ ਮੀਟਿੰਗ ਵਿੱਚ ਬਾਲ ਭਲਾਈ ਕੌਂਸਲ ਦੇ ਚੇਅਰਪਰਸਨ ਐਡਵੋਕੇਟ ਸੁੱਚਾ ਸਿੰਘ ਮੁਲਤਾਨੀ, ਬਾਲ ਭਲਾਈ ਕੌਂਸਲ ਦੇ ਮੈਂਬਰ ਸ੍ਰੀਮਤੀ ਰਜਨੀ ਬਾਲਾ ਮੈਂਬਰ, ਰਤਨ ਲਾਲ ਸ੍ਰੀਮਤੀ ਨੀਤੂ ਸਪੈਸ਼ਲ ਐਜੂਕੇਟਰ, ਸ੍ਰੀਮਤੀ ਸੇਖਾ ਅਤੇ ਹੋਰ ਸਬੰਧਿਤ ਅਧਿਕਾਰੀ ਹਾਜ਼ਰ ਸਨ।

ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਸ੍ਰੀਮਤੀ ਜਸਮੀਤ ਕੌਰ ਨੇ ਕਿਹਾ ਕਿ ਚਿਲਡਰਨ ਹੋਮ ਵਿੱਚ ਰਹਿ ਰਹੇ ਸਹਿਵਾਸੀ ਬੱਚਿਆਂ ਦੀ ਸਹੂਲਤ ਦਾ ਪੂਰਾ ਖ਼ ?ਆਲ ਰੱਖਿਆ ਜਾਵੇ ਅਤੇ ਉਨ੍ਹਾਂ ਨੂੰ ਇੱਥੇ ਘਰ ਵਰਗਾ ਮਾਹੌਲ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਬੱਚਿਆਂ ਦੀ ਪੜ੍ਹਾਈ ਅਤੇ ਖੇਡਾਂ ਦਾ ਵੀ ਖ਼ਾਸ ਖ਼ ?ਆਲ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਨੈਤਿਕ ਸਿੱਖਿਆ ਵੀ ਦਿੱਤੀ ਜਾਵੇ ਤਾਂ ਜੋ ਉਹ ਵੱਡੇ ਹੋ ਕੇ ਨੇਕ ਤੇ ਜ਼ਿੰਮੇਵਾਰ ਨਾਗਰਿਕ ਬਣਨ।

ਮੀਟਿੰਗ ਦੌਰਾਨ ਚਿਲਡਰਨ ਹੋਮ ਦੀ ਸੁਪਰਡੈਂਟ ਸੰਦੀਪ ਕੌਰ ਨੇ ਅਗਸਤ ਮਹੀਨੇ ਵਿੱਚ ਉਲੀਕੇ ਜਾਣ ਵਾਲੇ ਪ੍ਰੋਗਰਾਮਾਂ ਬਾਰੇ ਵਿਸਥਾਰ ਵਿੱਚ ਦੱਸਿਆ। ਉਨ੍ਹਾਂ ਕਿਹਾ ਕਿ ਬਰਸਾਤ ਦੇ ਮੌਸਮ ਵਿੱਚ ਬੱਚਿਆਂ ਦੀ ਦੇਖ-ਭਾਲ ਵੱਲ ਹੋਰ ਵੀ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਲਈ ਚਿਲਡਰਨ ਹੋਮ ਵਿੱਚ ਪੜ੍ਹਾਈ ਦਾ ਮਾਹੌਲ ਦੇਣ ਤੋਂ ਇਲਾਵਾ ਇਨ੍ਹਾਂ ਲਈ ਖੇਡਾਂ ਅਤੇ ਹੋਰ ਮਨੋਰੰਜਨ ਦੀਆਂ ਸਹੂਲਤਾਂ ਵਿੱਚ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਬੱਚਿਆਂ ਨੂੰ ਸਿੱਖਿਆਦਾਇਕ ਫ਼ ?ਲਮ ਦਿਖਾਉਣ ਦਾ ਪ੍ਰੋਗਰਾਮ ਵੀ ਉਲੀਕਿਆ ਗਿਆ ਹੈ। ਇਸ ਤੋਂ ਇਲਾਵਾ ਬੱਚਿਆਂ ਨੂੰ ਰੂਹਾਨੀਅਤ ਨਾਲ ਜੋੜਨ ਲਈ ਚਿਲਡਰਨ ਹੋਮ ਵਿੱਚ ਵਿਸ਼ੇਸ਼ ਤੌਰ 'ਤੇ ਕੀਰਤਨ ਵੀ ਕਰਵਾਇਆ ਗਿਆ ਅਤੇ ਬੱਚਿਆਂ ਨੂੰ ਹਰੇਕ ਧਰਮ ਦਾ ਆਦਰ ਸਤਿਕਾਰ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਚਿਲਡਰਨ ਹੋਮ ਵਿੱਚ ਬੱਚਿਆਂ ਦੀ ਸਹੂਲਤ ਲਈ ਕਿਸੇ ਕਿਸਮ ਦੀ ਕਮੀਂ ਨਹੀਂ ਰਹਿਣ ਦਿੱਤੀ ਜਾਵੇਗੀ।

# 4 ਪੰਜਾਬ ਏਅਰ ਸਕੁਐਡਰਨ ਐਨਸੀਸੀ ਲੁਧਿਆਣਾ ਨੇ ਐਨਸੀਸੀ ਅਕੈਡਮੀ ਰੋਪੜ ਵਿਖੇ ਸਾਲਾਨਾ ਸਿਖਲਾਈ ਕੈਂਪ ਲਗਾਇਆ



**ਰੂਪ ਨਗਰ, 9 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

4 ਪੰਜਾਬ ਏਅਰ ਸਕੁਐਡਰਨ ਐਨਸੀਸੀ ਲੁਧਿਆਣਾ ਨੇ ਐਨਸੀਸੀ ਅਕੈਡਮੀ ਰੋਪੜ ਵਿਖੇ ਸੰਯੁਕਤ ਸਾਲਾਨਾ ਸਿਖਲਾਈ ਕੈਂਪ-60 ਕਮ ਪ੍ਰੀ ਵਾਯੂ ਸੈਨਿਕ ਕੈਂਪ-1 ਦੀ ਸ਼ੁਰੂਆਤ ਕੀਤੀ। ਇਹ ਪਰਿਵਰਤਨਸ਼ੀਲ 10 ਦਿਨਾਂ ਕੈਂਪ ਸਥਾਨਕ ਕਾਲਜਾਂ ਜਿਵੇਂ ਕਿ ਐਸਸੀਡੀ ਕਾਲਜ, ਆਰੀਆ ਕਾਲਜ, ਜੀਐਨਈ ਕਾਲਜ ਅਤੇ ਵੱਖ-ਵੱਖ ਸਕੂਲਾਂ ਦੇ 558 ਸੀਨੀਅਰ ਡਿਵੀਜ਼ਨ, ਸੀਨੀਅਰ ਵਿੰਗ, ਜੂਨੀਅਰ ਡਿਵੀਜ਼ਨ ਅਤੇ ਜੂਨੀਅਰ ਵਿੰਗ ਕੈਡੇਟਾਂ ਦੇ ਨਾਲ-ਨਾਲ ਪੀਐਚਐਚਪੀ ਐਂਡ ਸੀ ਡੀਟੀਈ ਦੇ ਹੋਰ ਐਨਸੀਸੀ ਸਮੂਹਾਂ ਦੇ ਏਅਰ ਵਿੰਗ ਕੈਡੇਟਾਂ ਨੂੰ ਇਕੱਠਾ ਕਰਦਾ ਹੈ, ਜਿਨ੍ਹਾਂ ਨੂੰ 8 ਅਫਸਰ, 5 ਜੇਸੀਓ, 30 ਐਨਸੀਓ, 1 ਗਰਲ ਕੈਡੇਟ ਇੰਸਟ ?ਰਕਟਰ, 7 ਐਸੋਸੀਏਟ ਐਨਸੀਸੀ ਅਫਸਰ, 2 ਕੇਅਰਟੇਕਰ ਅਫਸਰ ਅਤੇ 20 ਸਿਵਲੀਅਨ ਸਟਾਫ ਦੁਆਰਾ ਸਮਰਥਤ ਕੀਤਾ ਜਾਂਦਾ ਹੈ, ਜੋ ਅਨੁਸ਼ਾਸਨ, ਲੀਡਰਸ਼ਿਪ ਅਤੇ ਰਾਸ਼ਟਰ ਨਿਰਮਾਣ ਦੇ ਵਾਤਾਵਰਣ ਨੂੰ ਉਤਸ਼ਾਹਿਤ ਕਰਦੇ ਹਨਇਹ ਕੈਂਪ ਐਨਸੀਸੀ ਕੈਡਿਟਾਂ ਲਈ ਸੰਸਥਾਗਤ ਸਿਖਲਾਈ ਦੇ ਸਿਖਰ ਵਜੋਂ ਕੰਮ ਕਰਦਾ ਹੈ, ਜੋ ਚਰਿੱਤਰ, ਲਚਕੀਲਾਪਣ ਅਤੇ ਲੀਡਰਸ਼ਿਪ ਗੁਣਾਂ ਨੂੰ ਬਣਾਉਣ ਲਈ ਇੱਕ ਵਿਲੱਖਣ ਪਲੇਟਫਾਰਮ ਪ੍ਰਦਾਨ ਕਰਦਾ ਹੈ। ਸਵੇਰ ਦੀ ਪੀਟੀ, ਡ੍ਰਿਲ ਅਭਿਆਸ, ਫਾਇਰਿੰਗ, ਸਕੀਟ ਸ਼ੂਟਿੰਗ, ਏਅਰੋਮੋਡਲਿੰਗ, ਡਰੋਨ ਆਪ੍ਰੇਸ਼ਨ, ਸਪੈਸ਼ਲਿਸਟ ਅਤੇ ਆਮ ਵਿਸ਼ਾ ਕਲਾਸਾਂ, ਖੇਡ ਮੁਕਾਬਲੇ ਅਤੇ ਸੱਭਿਆਚਾਰਕ ਅਭਿਆਸਾਂ ਸਮੇਤ ਗਤੀਵਿਧੀਆਂ ਦੇ ਇੱਕ ਸਖ਼ਤ ਸ਼ਡਿਊਲ ਦੁਆਰਾ, ਕੈਡਿਟਾਂ ਨੂੰ ਇੱਕ ਅਜਿਹੇ ਵਾਤਾਵਰਣ ਵਿੱਚ ਲੀਨ ਕੀਤਾ ਜਾਂਦਾ ਹੈ ਜੋ ਅਨੁਕੂਲਤਾ, ਸਹਿਣਸ਼ੀਲਤਾ ਅਤੇ ਆਪਸੀ ਸਤਿਕਾਰ ਨੂੰ ਪਾਲਦਾ ਹੈ। ਇਹ ਗਤੀਵਿਧੀਆਂ ਕੈਡਿਟਾਂ ਨੂੰ ਚੁਣੌਤੀ ਦੇਣ ਲਈ ਤਿਆਰ ਕੀਤੀਆਂ ਗਈਆਂ ਹਨ, ਉਹਨਾਂ ਨੂੰ ਚੁਣੌਤੀਆਂ ਨੂੰ ਵਿਕਾਸ ਅਤੇ ਸਵੈ-ਖੋਜ ਦੇ ਮੌਕਿਆਂ ਵਜੋਂ ਦੇਖਣ ਲਈ ਉਤਸ਼ਾਹਿਤ ਕਰਦੀਆਂ ਹਨ। ਐਨਸੀਸੀ ਦੇ ਸਿਖਲਾਈ ਕੈਂਪ ਸਿਰਫ਼ ਹੁਨਰ-ਨਿਰਮਾਣ ਅਭਿਆਸਾਂ ਤੋਂ ਵੱਧ ਹਨ, ਇਹ ਨੌਜਵਾਨਾਂ ਨੂੰ ਸੰਭਾਵੀ ਨੇਤਾਵਾਂ ਅਤੇ ਜ਼ਿੰਮੇਵਾਰ ਨਾਗਰਿਕਾਂ ਵਿੱਚ ਢਾਲਣ ਲਈ ਇੱਕ ਮਾਪਦੰਡ ਹਨ। ਇੱਕ ਸੰਪੂਰਨ ਪ੍ਰੋਗਰਾਮ ਵਿੱਚ ਸ਼ਾਮਲ ਹੋ ਕੇ ਜੋ ਸਰੀਰਕ ਸਿਖਲਾਈ, ਬੌਧਿਕ ਵਿਕਾਸ ਅਤੇ ਸੱਭਿਆਚਾਰਕ ਪ੍ਰਗਟਾਵੇ ਨੂੰ ਮਿਲਾਉਂਦਾ ਹੈ, ਕੈਡਿਟ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾਉਣ ਲਈ ਤਿਆਰ ਆਤਮਵਿਸ਼ਵਾਸੀ ਵਿਅਕਤੀਆਂ ਵਜੋਂ ਉੱਭਰਦੇ ਹਨ। ਇਹ ਕੈਂਪ ਇੱਕ ਪਰਿਵਰਤਨਸ਼ੀਲ ਯਾਤਰਾ ਹੈ ਜਿੱਥੇ ਕੈਡਿਟ ਨਾ ਸਿਰਫ਼ ਆਪਣੇ ਹੁਨਰਾਂ ਨੂੰ ਨਿਖਾਰਦੇ ਹਨ ਬਲਕਿ ਦੇਸ਼ ਦੀ ਸੇਵਾ ਕਰਨ ਲਈ ਆਪਣੀ ਅੰਦਰੂਨੀ ਤਾਕਤ ਅਤੇ ਵਚਨਬੱਧਤਾ ਨੂੰ ਵੀ ਖੋਜਦੇ ਹਨ, ਕੈਂਪ ਕਮਾਂਡੈਂਟ ਗਰੁੱਪ ਕੈਪਟਨ ਬੀਐਸ ਗਿੱਲ ਨੇ ਕਿਹਾ। ਐਨਸੀਸੀ ਚਰਿੱਤਰ ਨਿਰਮਾਣ ਅਤੇ ਲੀਡਰਸ਼ਿਪ ਵਿਕਾਸ ਵਿੱਚ ਇੱਕ ਸੁਨਹਿਰੀ ਮਿਆਰ ਸਥਾਪਤ ਕਰਨਾ ਜਾਰੀ ਰੱਖਦਾ ਹੈ, ਸਾਡੇ ਨੌਜਵਾਨਾਂ ਨੂੰ ਇਮਾਨਦਾਰੀ ਅਤੇ ਉਦੇਸ਼ ਨਾਲ ਅਗਵਾਈ ਕਰਨ ਲਈ ਤਿਆਰ ਕਰਦਾ ਹੈ। ਸਭ ਤੋਂ ਵੱਡੇ ਯੁਵਾ ਸੰਗਠਨ ਵਜੋਂ ਐਨਸੀਸੀ ਭਾਈਚਾਰੇ ਨੂੰ ਇਨ੍ਹਾਂ ਨੌਜਵਾਨ ਕੈਡਿਟਾਂ ਦੁਆਰਾ ਏਕਤਾ, ਅਨੁਸ਼ਾਸਨ ਅਤੇ ਦੇਸ਼ ਭਗਤੀ ਦੀ ਭਾਵਨਾ ਦਾ ਜਸ਼ਨ ਮਨਾਉਣ ਲਈ ਸੱਦਾ ਦਿੰਦਾ ਹੈ ਕਿਉਂਕਿ ਉਹ ਭਵਿੱਖ ਦੇ ਨੇਤਾ ਬਣਨ ਵੱਲ ਮਹੱਤਵਪੂਰਨ ਕਦਮ ਚੁੱਕਦੇ ਹਨ।

# ਸੂਰਜ ਦੇ ਵਿਹੜੇ ਦੇ ਆਖ਼ਰੀ ਸਿਰੇ ਦੀ ਛਾਣ-ਬੀਣ









ਸਾਡੇ ਸੂਰਜ ਪਰਿਵਾਰ ਦੇ ਸਾਂਝੇ ਵਿਹੜੇ ਵਿੱਚ ਧਰਤੀ ਦੇ ਵੱਡੇ ਨਿੱਕੇ ਭਾਈਬੰਦਾਂ ਵਿੱਚ ਬ੍ਰਹਿਸਪਤੀ, ਸ਼ਨੀ, ਯੂਰੇਨਸ, ਨੈਪਚੂਨ ਤੇ ਪਲੂਟੋ ਦੂਰ ਤਕ ਆਪਣੇ ਪਰਿਵਾਰਾਂ ਸਮੇਤ ਸਜੇ ਹੋਏ ਹਨ। ਉਹ ਆਪ ਹਨ, ਉਨ੍ਹਾਂ ਦੇ ਉਪਗ੍ਰਹਿ ਯਾਨੀ ਚੰਨ ਹਨ। ਸਭ ਤੋਂ ਦੁਰੇਡਾ ਪਰਿਵਾਰ ਪਲੂਟੋ ਦਾ ਹੈ ਜੋ ਸੂਰਜ ਪਰਿਵਾਰ ਦਾ ਸਾਡਾ ਨੌਂਵਾਂ ਸਾਥੀ ਸੀ। ਸਭ ਤੋਂ ਦੁਰੇਡਾ ਗ੍ਰਹਿ। ਦੋ ਸਾਲ ਪਹਿਲਾਂ ਯਾਨੀ ਇਸ ਦੇ ਲੱਭਣ ਤੋਂ ਪਚਾਸੀ ਸਾਲ ਪਿੱਛੋਂ ਇਸ ਉੱਤੇ ਧਰਤੀ ਵਾਲਿਆਂ ਨੇ ਨੇੜਿਓਂ ਝਾਤੀ ਮਾਰੀ। ਅੱਠ ਨੌਂ ਸਾਲ ਪਹਿਲਾਂ ਇਸ ਵਿਚਾਰੇ ਨੂੰ ਬੌਣਾ ਕਹਿ ਕੇ ਇਸ ਪਰਿਵਾਰ ਵਿੱਚੋਂ ਜਿਵੇਂ ਛੇਕ ਹੀ ਦਿੱਤਾ ਗਿਆ। ਪਲੈਨੈੱਟ ਦੀ ਥਾਂ ਇਸ ਨੂੰ ਡਵਾਰਫ ਪਲੈਨੈੱਟ ਦਾ ਨਾਂ ਦਿੱਤਾ ਗਿਆ। 14 ਜੁਲਾਈ 2015 ਨੂੰ ਨਿਊ ਹੋਰਾਈਜ਼ਨਜ਼ ਨਾਂ ਦਾ ਪੁਲਾੜੀ ਜਹਾਜ਼ ਤੇਜ਼ੀ ਨਾਲ ਇਸ ਦੇ ਨੇੜਿਓਂ ਲੰਘਿਆ। ਇਹ ਦੂਰ ਤੋਂ ਇਸ ਦੀਆਂ ਤਸਵੀਰਾਂ ਪਹਿਲਾਂ ਹੀ ਲੈ ਰਿਹਾ ਸੀ। ਤਿੰਨ ਮਿੰਟ ਵਿੱਚ ਇਸ ਨੇ ਖਾਸੀ ਨੇੜਿਓਂ ਇਸ ਦੀਆਂ ਤਸਵੀਰਾਂ ਲਈਆਂ। ਇਹ ਸੋਲਾਂ ਮਹੀਨੇ ਪਲੂਟੋ ਬਾਰੇ ਭਾਂਤ ਭਾਂਤ ਦੀ ਜਾਣਕਾਰੀ ਸਾਨੂੰ ਭੇਜਦਾ ਰਿਹਾ। ਵਿਹੜੇ ਦੇ ਬਾਹਰ ਕਿਊਪਰ ਪੱਟੀ ਵਿੱਚ ਅਣਗਿਣਤ ਨਿੱਕੇ ਵੱਡੇ ਬਰਫ਼ਾਨੀ ਬੌਣੇ ਤੇ ਪੁਲਾੜੀ ਪਿੰਡ ਪਸਰੇ ਹੋਏ ਹਨ। ਪੁਲਾੜੀ ਜਹਾਜ਼ ਉਨ੍ਹਾਂ ਦੀ ਖੋਜ ਖ਼ਬਰ ਲੈਣ ਲੱਗਿਆ। ਇਸ ਨੂੰ ਇਨ੍ਹਾਂ ਵਿੱਚੋਂ ਕੁਝ ਕੁ ਉੱਤੇ ਵਿਸ਼ੇਸ਼ ਨਜ਼ਰਸਾਨੀ ਦੀਆਂ ਹਦਾਇਤਾਂ ਸਨ। ਇਨ੍ਹਾਂ ਦੀ ਪਾਲਣਾ ਲਈ ਫਰਵਰੀ 2017 ਵਿੱਚ ਇਸ ਦੇ ਰਾਹ ਵਿੱਚ ਸੋਧ ਕੀਤੀ ਗਈ। ਹੁਣ ਇਹ 2020 ਤਕ ਵਿਹੜੇ ਦੇ ਪਾਰ ਕਿਊਪਰ ਬਸਤੀ ਦੀ ਖ਼ਬਰਸਾਰ ਲਵੇਗਾ ਤੇ ਫਿਰ ਇਸ ਤੋਂ ਪਾਰ ਅਸੀਮ ਪੁਲਾੜ ਵਿੱਚ ਜਿੱਥੋਂ ਤਕ ਜਿਉਂਦਾ ਰਿਹਾ ਤੁਰਿਆ ਜਾਵੇਗਾ।

ਨਿਊ ਹੋਰਾਈਜ਼ਨਜ਼ 2006 ਵਿੱਚ ਲਾਂਚ ਕੀਤਾ ਗਿਆ। ਇਸ ਨੇ ਨੌਂ ਸਾਲ ਦੀ ਲੰਮੀ ਯਾਤਰਾ ਪਲੂਟੋ ਨੇੜਿਓਂ 58,000 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਉੱਤੇ ਸ਼ੂੰ ਕਰਕੇ ਲੰਘਣ ਲਈ ਕੀਤੀ। ਚਾਰ ਅਰਬ ਅੱਸੀ ਕਰੋੜ ਕਿਲੋਮੀਟਰ ਦੂਰ ਦੇ ਧਰਤੀ ਦੇ ਭਰਾ ਨੂੰ ਮਿਲਣਾ ਸੌਖਾ ਨਹੀਂ ਸੀ। ਪਲੂਟੋ ਦੇ ਨਾਲ ਨਾਲ ਇਸ ਦੇ ਚੰਦ ਚੈਰੋਨ ਦੀਆਂ ਤਸਵੀਰਾਂ ਵੀ ਇਸ ਨੇ ਲਈਆਂ। ਇਸ ਤੋਂ ਪਾਰ ਇਹ ਹੁਣ ਡੇਢ ਅਰਬ ਕਿਲੋਮੀਟਰ ਤੋਂ ਵੀ ਵਿਸ਼ਾਲ ਕਿਊਪਰ ਬਸਤੀ ਦੀ ਛਾਣ-ਬੀਣ ਕਰ ਰਿਹਾ ਹੈ। ਪੰਜ ਕੁ ਸਾਲ ਬਾਅਦ ਇਹ ਬਸਤੀ ਛੱਡ ਕੇ ਅਨੰਤ ਪੁਲਾੜ ਗਾਹ ਰਹੇ ਨਾਸਾ ਦੇ ਚਾਰ ਮਹਾਂ ਪੁਲਾੜੀ ਜਹਾਜ਼ਾਂ ਵਿੱਚ ਰਲ ਜਾਵੇਗਾ। ਇਹ ਪਾਇਨੀਅਰ-10, ਪਾਇਨੀਅਰ-11, ਵਾਇਜਰ-1 ਅਤੇ ਵਾਇਜਰ-2 ਹੜ। ਨਿਊ ਹੋਰਾਈਜ਼ਨਜ਼ ਤੋਂ ਸਿਗਨਲ ਸਾਡੇ ਤਕ ਪਹੁੰਚਣ ਵਿੱਚ ਸਾਢੇ ਚਾਰ ਘੰਟੇ ਤੋਂ ਵੱਧ ਲੱਗ ਜਾਂਦੇ ਹਨ। ਪਹੁੰਚਿਆ ਸਿਗਨਲ ਇੰਨਾ ਕਮਜ਼ੋਰ ਹੁੰਦਾ ਹੈ ਕਿ ਨਾਸਾ ਨੂੰ ਆਸਟਰੇਲੀਆ, ਕੈਨੇਡਾ ਤੇ ਸਪੇਨ ਵਿੱਚ ਸਥਾਪਤ 61 ਮੀਟਰ ਚੌੜੀਆਂ ਰੇਡੀਓ ਡਿਸ਼ਾਂ ਵਰਤਣੀਆਂ ਪੈਂਦੀਆਂ ਹਨ। ਇਸ ਤੋਂ ਮਿਲੀ ਜਾਣਕਾਰੀ ਨੇ ਦੱਸਿਆ ਹੈ ਕਿ ਪਲੂਟੋ ਦਾ ਵਿਆਸ 2302 ਕਿਲੋਮੀਟਰ ਨਹੀਂ 2370 ਕਿਲੋਮੀਟਰ ਹੈ। ਇਸ ਨਾਲ ਇਹ ਐਰਿਸ ਤੋਂ ਵੱਡਾ ਸਿੱਧ ਹੋਇਆ। ਪਹਿਲੀ ਜਾਣਕਾਰੀ ਮੁਤਾਬਿਕ ਐਰਿਸ ਇਸ ਤੋਂ ਵੱਡਾ ਸੀ ਅਤੇ ਉਸੇ ਕਰਕੇ ਇਸ ਤੋਂ ਗ੍ਰਹਿ ਦਾ ਦਰਜਾ ਖੋਹ ਕੇ ਇਸ ਨੂੰ ਬੌਣੇ ਗ੍ਰਹਿ ਦਾ ਨਾਂ ਦਿੱਤਾ ਗਿਆ ਸੀ। ਪ੍ਰਾਪਤ ਜਾਣਕਾਰੀ ਇਹ ਵੀ ਦੱਸ ਰਹੀ ਹੈ ਕਿ ਪਲੂਟੋ ਦੇ ਵਾਯੂਮੰਡਲ ਦੀ ਨਿਮਨਤਮ ਪਰਤ ਉਸ ਨਾਲੋਂ ਕਿਤੇ ਵੱਧ ਪਤਲੀ ਹੈ ਜਿੰਨੀ ਇਹ ਸਮਝੀ ਜਾਂਦੀ ਸੀ।

1930 ਤਕ ਪਲੂਟੋ ਬਾਰੇ ਕਿਸੇ ਨੂੰ ਪਤਾ ਨਹੀਂ ਸੀ। ਬਸ ਅਮਰੀਕੀ ਤਾਰਾ ਵਿਗਿਆਨੀ ਪਰਸੀਵਲ ਲਾਵੇਲ ਨੇ 1905 ਵਿੱਚ ਆਪਣੀ ਖੋਜ ਦੇ ਆਧਾਰ ਉੱਤੇ ਇੰਨਾ ਕਹਿ ਕੇ ਗੱਲ ਤੋਰੀ ਕਿ ਨੈਪਚੁਨ ਤੇ ਪਲੂਟੋ ਦੇ ਆਰਬਿਟ ਜਿਵੇਂ ਥਿੜਕਦੇ ਹਨ, ਨੈਪਚੂਨ ਤੋਂ ਪਰ੍ਹਾਂ ਕੋਈ ਗ੍ਰਹਿ ਪ੍ਰਤੀਤ ਹੁੰਦਾ ਹੈ ਜਿਸ ਦੀ ਗੁਰੂਤਾ ਖਿੱਚ ਇਸ ਥਿੜਕਣ ਦੀ ਜ਼ਿੰਮੇਵਾਰ ਹੈ। ਪਰਸੀਵਲ ਲਾਵੇਲ 1915 ਵਿੱਚ ਮਰ ਗਿਆ। 1929 'ਚ ਬਾਈ ਸਾਲ ਦੇ ਇੱਕ ਸ਼ੌਕੀਆ ਤਾਰਾ ਵਿਗਿਆਨੀ ਕਲਾਈਡ ਟਾਮਬਾਗ ਨੇ ਐਰੀਜ਼ੋਨਾ ਦੀ ਲਾਵੇਲ ਔਬਜ਼ਰਵੇਟਰੀ ਦੇ ਸ਼ਕਤੀਸ਼ਾਲੀ ਵਾਈਡ ਫੀਲਡ ਟੈਲੀਸਕੋਪ ਨਾਲ ਆਸਮਾਨ ਦੀ ਛਾਣ-ਬੀਣ ਸ਼ੁਰੂ ਕੀਤੀ। 18 ਫਰਵਰੀ 1930 ਨੂੰ ਉਸ ਨੂੰ ਤਿੰਨ ਤਸਵੀਰਾਂ ਵਿੱਚ ਇੱਕ ਨਵਾਂ ਗ੍ਰਹਿ ਦਿਸਿਆ। ਔਕਸਫੋਰਡ (ਇੰਗਲੈਂਡ) ਦੀ ਗਿਆਰਾਂ ਸਾਲ ਦੀ ਸਕੂਲ ਪੜ੍ਹਦੀ ਕੁੜੀ ਵਨੀਸ਼ੀਆ ਬਰਨੀ ਦੇ ਸੁਝਾਅ ਉੱਤੇ ਨਵੇਂ ਗ੍ਰਹਿ ਦਾ ਨਾਂ ਪਲੂਟੋ ਰੱਖਿਆ ਗਿਆ। ਇਹ ਨਾਂ ਗ੍ਰਹਿਆਂ ਦੇ ਯੂਨਾਨੀ ਮਿਥਿਹਾਸਕ ਨਾਂਵਾਂ ਨਾਲ ਮੇਲ ਵੀ ਖਾਂਦਾ ਸੀ ਅਤੇ ਇਸ ਗ੍ਰਹਿ ਦੀ ਹੋਂਦ ਦੀ ਸੰਭਾਵਨਾ ਦੱਸਣ ਵਾਲੇ ਪਰਸੀਵਲ (ਪੀ) ਲਾਵੇਲ (ਐੱਲ) ਦੇ ਨਾਂ ਦੇ ਪਹਿਲੇ ਦੋ ਵਰਣਾਂ ਨੂੰ ਚੇਤੇ ਕਰਾ ਕੇ ਉਸ ਨੂੰ ਸ਼ਰਧਾਂਜਲੀ ਵੀ ਦਿੰਦਾ ਸੀ।

ਸਾਡਾ ਇਹ ਭਰਾ ਸੂਰਜ ਦੀ ਇੱਕ ਪਰਿਕਰਮਾ 248 ਸਾਲ ਵਿੱਚ ਕਰਦਾ ਹੈ। ਇਸ ਦੌਰਾਨ ਇਸ ਦੀ ਸੂਰਜ ਤੋਂ ਵੱਧ ਤੋਂ ਵੱਧ ਦੂਰੀ ਸੱਤ ਅਰਬ ਚਾਲੀ ਕਰੋੜ ਤੇ ਘੱਟ ਤੋਂ ਘੱਟ ਦੂਰੀ ਚਾਰ ਅਰਬ ਚਾਲੀ ਕਰੋੜ ਕਿਲੋਮੀਟਰ ਹੁੰਦੀ ਹੈ। ਸਾਡੇ ਚੰਦ ਤੋਂ ਵੀ ਛੋਟਾ ਇਹ ਗ੍ਰਹਿ ਪਰਿਕਰਮਾ ਕਰਦੇ ਸਮੇਂ ਸਤਾਰਾਂ ਡਿਗਰੀ ਉੱਤੇ ਝੁਕਿਆ ਰਹਿੰਦਾ ਹੈ। ਸਮਾਂ ਬੀਤਣ ਨਾਲ ਪਤਾ ਲੱਗਿਆ ਕਿ ਆਕਾਰ ਪੱਖੋਂ ਪਲੂਟੋ ਨਾਲ ਮੁਕਾਬਲਾ ਕਰਦੇ ਹੋਰ ਪੁਲਾੜੀ ਪਿੰਡ ਵੀ ਹਨ। ਇਨ੍ਹਾਂ ਦੀ ਹੋਂਦ ਦੀ ਪੁਸ਼ਟੀ ਹੋਣ ਨਾਲ ਤਾਰਾ ਵਿਗਿਆਨੀਆਂ ਵਿੱਚ ਖਾਸਾ ਬਹਿਸ ਮੁਬਾਹਿਸਾ ਹੋਇਆ ਅਤੇ 2006 ਵਿੱਚ ਪਲੂਟੋ ਤੋਂ ਨੌਂਵੇਂ ਗ੍ਰਹਿ ਦਾ ਦਰਜਾ ਖੋਹ ਕੇ ਇਸ ਨੂੰ ਬੌਣਾ ਗ੍ਰਹਿ ਬਣਾ ਦਿੱਤਾ ਗਿਆ। ਸੀਅਰਜ਼, ਹਉਮੀਆ, ਮੇਕ ਮੇਕ ਅਤੇ ਐਰਿਸ ਚਾਰ ਹੋਰ ਬੌਣੇ ਗ੍ਰਹਿ ਇਸ ਦੇ ਸਾਥੀ ਬਣੇ। ਇਨ੍ਹਾਂ ਵਿੱਚੋਂ ਸੀਅਰਜ਼ ਐਸਟਰਾਇਡ ਬਸਤੀ ਦਾ ਵਾਸੀ ਹੈ।

ਬਾਕੀ ਤਿੰਨੇ ਨੈਪਚੂਨ ਤੋਂ ਪਰ੍ਹਾਂ ਸੂਰਜੀ ਵਿਹੜੇ ਦੇ ਬਾਸ਼ਿੰਦੇ ਹਨ। ਤਾਰਾ ਵਿਗਿਆਨੀ ਕਹਿੰਦੇ ਹਨ ਕਿ ਸੂਰਜੀ ਵਿਹੜੇ ਤੇ ਇਸ ਨਾਲ ਲੱਗਦੀ ਕਿਊਪਰ ਬਸਤੀ ਵਿੱਚ ਦੋ ਸੌ ਦੇ ਕਰੀਬ ਬੌਣੇ ਗ੍ਰਹਿ ਹਨ।

1979 ਵਿੱਚ ਜੇਮਜ਼ ਕਰਿਸਟੀ ਨੇ ਪਹਿਲਾਂ ਸਿਧਾਂਤਕ ਰੂਪ ਵਿੱਚ ਅਤੇ ਫਿਰ ਸੱਚਮੁੱਚ ਪਲੂਟੋ ਦੇ ਇੱਕ ਚੰਦ ਦੀ ਖੋਜ ਕੀਤੀ। ਉਸ ਨੇ ਆਪਣੀ ਪਤਨੀ ਚਾਰਲੀਨ ਦੇ ਨਾਂ ਉੱਤੇ ਇਸ ਨੂੰ ਚਾਰੋਨ ਦਾ ਨਾਮ ਦਿੱਤਾ। ਬਾਰਾਂ ਸੌ ਕਿਲੋਮੀਟਰ ਵਿਆਸ ਵਾਲਾ ਚਾਰੋਨ, ਪਲੂਟੋ ਤੋਂ ਅੱਧੇ ਨਾਲੋਂ ਵੱਡਾ ਹੈ। ਉਂਜ, ਪਲੂਟੋ ਦੇ ਚਾਰ ਹੋਰ ਨਿੱਕੇ ਆਕਾਰ ਦੇ ਚੰਨ ਵੀ ਹਨ। ਇਹ ਹਨ: ਨਿਕਸ, ਹਾਈਡਰਾ, ਸਟਾਈਕਸ ਤੇ ਕਰਬੀਰਾਸ। ਪਲੂਟੋ ਆਪਣੀ ਧੁਰੀ ਉੱਤੇ ਪੂਰਬ ਤੋਂ ਪੱਛਮ ਵੱਲ ਘੁੰਮਦਿਆਂ ਇੱਕ ਚੱਕਰ ਸਾਡੇ ਹਿਸਾਬ ਨਾਲ ਛੇ ਦਿਨ ਨੌਂ ਘੰਟੇ ਵਿੱਚ ਪੂਰਾ ਕਰਦਾ ਹੈ। ਕਮਾਲ ਹੈ ਕਿ ਚਾਰੋਨ ਵੀ ਪਲੂਟੋ ਦਾ ਚੱਕਰ ਬਿਲਕੁਲ ਇੰਨੇ ਹੀ ਸਮੇਂ ਵਿੱਚ ਪੂਰਾ ਕਰਦਾ ਹੈ। ਇਸ ਕਰਕੇ ਇਹ ਪਲੂਟੋ ਦੇ ਹਿਸਾਬ ਨਾਲ ਇੱਕੋ ਥਾਂ ਖੜ੍ਹਾ ਲੱਗਦਾ ਹੈ। ਪਲੂਟੋ ਦਾ ਚੰਦ ਨਾ ਡੁੱਬਦਾ ਹੈ ਤੇ ਨਾ ਹੀ ਚੜ੍ਹਦਾ ਹੈ। ਕਮਾਲ ਦਾ ਨਜ਼ਾਰਾ ਹੋਵੇਗਾ। ਸਾਡੇ ਸੌ ਚੰਨਾਂ ਵਰਗੀ ਚਮਕਦੀ ਚਿੱਟੀ ਲੋਹ ਇੱਕੋ ਥਾਂ ਆਕਾਸ਼ ਵਿੱਚ ਜਗਮਗ ਕਰਦੀ ਦਿਸਦੀ ਹੋਵੇਗੀ।

ਇੰਨੀ ਦੂਰ ਦੇ ਗ੍ਰਹਿ/ਬੌਣੇ ਗ੍ਰਹਿ ਪਲੂਟੋ ਬਾਰੇ ਤਾਰਾ ਵਿਗਿਆਨੀਆਂ ਨੂੰ ਚੱਜ ਨਾਲ ਮੁੱਢਲੀ ਜਾਣਕਾਰੀ 1996 ਵਿੱਚ ਹਬਲ ਟੈਲੀਸਕੋਪ ਦੀਆਂ ਤਸਵੀਰਾਂ ਨੇ ਦਿੱਤੀ। ਦੂਰੋਂ ਲਈਆਂ ਧੁੰਦਲੀਆਂ ਤਸਵੀਰਾਂ ਬਹੁਤਾ ਕੁਝ ਸਪਸ਼ਟ ਨਹੀਂ ਕਰ ਸਕੀਆਂ। ਇਸ ਬਰਫ਼ੀਲੇ ਬੌਣੇ ਦੀ ਅਸਲੀ ਜਾਣਕਾਰੀ ਨਿਊ ਹੋਰਾਈਜ਼ਨਜ਼ ਨਾਲ ਹੀ ਮਿਲਣੀ ਸ਼ੁਰੂ ਹੋਈ। ਉੱਨੀ ਜਨਵਰੀ 2006 ਨੂੰ ਪੈਂਹਠ ਕਰੋੜ ਅਮਰੀਕੀ ਡਾਲਰ ਦਾ ਇਹ ਪੁਲਾੜੀ ਜਹਾਜ਼ ਲਾਂਚ ਹੋਇਆ। ਇਸੇ ਸਾਲ ਦੇ ਮੁੱਕਦੇ ਮੁੱਕਦੇ ਪਲੂਟੋ ਨੂੰ ਗ੍ਰਹਿ ਦੀ ਥਾਂ ਬੌਣਾ ਗ੍ਰਹਿ ਬਣਾਉਣ ਦਾ ਐਲਾਨ ਹੋ ਗਿਆ। ਅਠਤਾਲੀ ਹਜ਼ਾਰ ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਉੱਤੇ ਇਹ ਧਰਤੀ ਤੋਂ ਉੱਡਿਆ ਅਤੇ ਨੌਂ ਘੰਟੇ ਵਿੱਚ ਹੀ ਚੰਦ ਨੂੰ ਪਾਰ ਕਰ ਗਿਆ। ਅਪੋਲੋ ਨੂੰ ਚੰਦ ਕੋਲ ਜਾਂਦਿਆਂ ਲਗਪਗ ਤਿੰਨ ਦਿਨ ਲੱਗ ਗਏ ਸਨ। ਪਲੂਟੋ ਤਕ ਜਾਂਦੇ ਜਾਂਦੇ ਇਸ ਜਹਾਜ਼ ਦੀ ਰਫ਼ਤਾਰ ਹੋਰ ਵਧਣੀ ਸੀ। ਗੱਡੀ ਚੜ੍ਹਨ ਦੀ ਕਾਹਲ ਬੜੀ ਸੀ। 1989 ਤੋਂ ਸੂਰਜ ਦੀ ਪਰਿਕਰਮਾ ਕਰਦਾ ਪਲੂਟੋ ਦੂਰ ਹੀ ਦੂਰ ਹੋ ਰਿਹਾ ਸੀ। ਬਹੁਤੀ ਦੇਰ ਹੋ ਜਾਂਦੀ ਤਾਂ ਪਲੂਟੋ ਨੇ ਬਿਲਕੁਲ ਬਰਫ਼ ਬਣ ਜਾਣਾ ਸੀ। ਇਸ ਦਾ ਦਿਨ ਦਾ ਤਾਪਮਾਨ ਪਹਿਲਾਂ ਹੀ ਮਨਫ਼ੀ 223 ਸੀ। ਵਿਗਿਆਨੀ ਚਾਹੁੰਦੇ ਸਨ ਕਿ 2020 ਤੋਂ ਪਹਿਲਾਂ ਨਿਊ ਹੋਰਾਈਜ਼ਨਜ਼ ਪਲੂਟੋ ਦੀ ਖ਼ਬਰਸਾਰ ਲੈ ਲਵੇ। ਉਸ ਪਿੱਛੋਂ ਪਲੂਟੋ ਦੀ ਧਰਤ ਤਾਂ ਕੀ ਸਾਰਾ ਵਾਯੂਮੰਡਲ ਹੀ ਅਜਿਹਾ ਬਰਫ਼ੀਲਾ ਗੋਲਾ ਬਣ ਜਾਣਾ ਸੀ ਕਿ ਇਸ ਵਿੱਚ ਝਾਤੀ ਮਾਰਨ ਨੂੰ ਕੁਝ ਨਹੀਂ ਸੀ ਬਚਣਾ। ਇਹ ਸਥਿਤੀ 248 ਸਾਲ ਦੀ ਇਸ ਪਰਿਕਰਮਾ ਦੇ ਖਾਸੇ ਲੰਮੇ ਅਰਸੇ ਤਕ ਬਣੀ ਰਹਿੰਦੀ ਹੈ। ਅਗਲਾ ਮੌਕਾ ਦਹਾਕਿਆਂ ਬੱਧੀ ਨਹੀਂ ਸੀ ਮਿਲਣਾ।

ਨਿਊ ਹੋਰਾਈਜ਼ਨਜ਼ ਉੱਤੇ ਸੱਤ ਉਪਕਰਨ ਸਨ। ਤਿੰਨ ਪ੍ਰਕਾਸ਼ ਉਪਕਰਨ, ਇੱਕ ਪਲਾਜ਼ਮਾ ਉਪਕਰਨ, ਇੱਕ ਧੂੜ ਸੈਂਸਰ ਤੇ ਇੱਕ ਰੇਡੀਓ ਸਾਇੰਸ ਉਪਕਰਨ। ਇਨ੍ਹਾਂ ਦਾ ਉਦੇਸ਼ ਪਲੂਟੋ ਦੇ ਵਾਯੂਮੰਡਲ ਦੀਆਂ ਵੱਖ ਵੱਖ ਤਹਿਆਂ ਅਤੇ ਇਸ ਦੀ ਧਰਤੀ ਦੀ ਮਿੱਟੀ/ਚੱਟਾਨਾਂ ਦੀ ਬਣਤਰ, ਤੱਤ, ਤਾਪਮਾਨ, ਦਬਾਅ ਪਤਾ ਕਰਨਾ ਸੀ। ਪਲੂਟੋ ਦੇ ਵੱਖ ਵੱਖ ਚੰਦਾਂ ਬਾਰੇ ਵੀ ਅਜਿਹੇ ਹੀ ਵੇਰਵੇ ਜਾਣਨਾ ਇਸ ਦਾ ਉਦੇਸ਼ ਸੀ। ਵਿਗਿਆਨਕ ਉਦੇਸ਼ਾਂ ਦੇ ਨਾਲ ਨਾਲ ਇਸ ਜਹਾਜ਼ ਨੇ ਦੂਰ ਪੁਲਾੜ ਵਿੱਚ ਮਨੁੱਖ ਦੀ ਪੈੜ ਉਲੀਕਣ ਦਾ ਯਤਨ ਵੀ ਕੀਤਾ। ਇਸ ਜਹਾਜ਼ ਵਿੱਚ ਧਰਤੀ ਉਤਲੇ ਮਨੁੱਖੀ ਸੱਭਿਆਚਾਰ ਦੀਆਂ ਪ੍ਰਤੀਨਿਧ ਕਲਾਤਮਿਕ ਵਸਤਾਂ, ਅਮਰੀਕੀ ਝੰਡਾ, ਪਲੂਟੋ ਦੀ ਦੱਸ ਪਾਉਣ ਵਾਲੇ ਮਰਹੂਮ ਕਲਾਈਡ ਟਾਮਬਾਗ ਦੀ ਤੀਹ ਗਰਾਮ ਰਾਖ ਤੇ ਲਗਪਗ ਸਵਾ ਚਾਰ ਲੱਖ ਲੋਕਾਂ ਦੇ ਨਾਵਾਂ ਦੀ ਸੀਡੀ ਭੇਜੀ ਗਈ। ਨਾਸਾ ਵਾਸਤੇ ਇਹ ਜਹਾਜ਼ ਜੌਹਨ ਹਾਪਕਿਨਜ਼ ਯੂਨੀਵਰਸਿਟੀ ਦੀ



ਮੇਰੀਲੈਂਡ ਦੀ ਅਪਲਾਈਡ ਸਾਇੰਸ ਲੈਬ ਨੇ ਡਿਜ਼ਾਈਨ ਕੀਤਾ ਸੀ।

ਤਾਜ਼ਾ ਤਸਵੀਰਾਂ ਨੇ ਦੱਸਿਆ ਹੈ ਕਿ ਪਲੂਟੋ ਉੱਤੇ ਸਾਢੇ ਤਿੰਨ-ਤਿੰਨ ਕਿਲੋਮੀਟਰ ਉੱਚੇ ਪਹਾੜਾਂ ਦੀ ਲੜੀ ਹੈ। ਐਵਰੈਸਟ ਫ਼ਤਹਿ ਕਰਨ ਵਾਲੇ ਤੇਨਜ਼ਿੰਗ ਨਾਰਗੇ ਦੇ ਨਾਂ ਉੱਤੇ ਇਸ ਪਰਬਤ ਲੜੀ ਨੂੰ ਨਾਰਗੇ ਮੌਂਟਸ ਦਾ ਨਾਂ ਦਿੱਤਾ ਗਿਆ ਹੈ। ਇਸ ਬੌਣੇ ਗ੍ਰਹਿ ਦੀ ਧਰਤੀ ਉੱਤੇ ਚੱਟਾਨ ਵਾਂਗ ਜੰਮੀ ਬਰਫ਼ ਦੇ ਵਿਸ਼ਾਲ ਖਿੱਤੇ ਹਨ। ਪਲੂਟੋ ਉੱਤੇ ਕਿਊਪਰ ਬਸਤੀ ਵਿੱਚੋਂ ਭਾਂਤ ਭਾਂਤ ਦੇ ਵੱਡੇ ਪਿੰਡ ਡਿੱਗਦੇ ਰਹਿੰਦੇ ਹਨ। ਇਸ ਉੱਤੇ ਪੱਕੇ ਰੂਪ ਵਿੱਚ ਕੋਈ ਖੱਡੇ/ਟੋਏ ਉਨ੍ਹਾਂ ਨਾਲ ਬਣੇ ਜ਼ਰੂਰ ਹੋਣਗੇ, ਪਰ ਉਹ ਬਚੇ ਨਹੀਂ। ਪਲੂਟੋ ਦੀ ਹਿਲਜੁਲ ਨੇ ਉਹ ਭਰ ਦਿੱਤੇ ਹਨ। ਤਸਵੀਰਾਂ ਵਿੱਚ ਚੈਰੋਨ ਉੱਤੇ ਲੰਮਾ ਚੌੜਾ ਚੀਰ ਵੇਖਿਆ ਗਿਆ ਹੈ ਜੋ ਦੂਰ ਤਕ ਫੈਲਿਆ ਹੋਇਆ ਹੈ। ਚੈਰੋਨ ਉੱਤੇ ਡਿੱਗੇ ਪੁਲਾੜੀ ਪਿੰਡਾਂ ਨਾਲ ਬਣੇ ਦੋ ਤਿੰਨ ਡੂੰਘੇ ਟੋਏ ਦੇਖੇ ਗਏ ਹਨ। ਨਿਊ ਹੋਰਾਈਜ਼ਨਜ਼ ਪੁਲਾੜੀ ਮਿਸ਼ਨ 2020 ਤਕ ਕਿਊਪਰ ਬਸਤੀ ਦੀ ਫਰੋਲਾ ਫਰਾਲੀ ਕਰ ਕੇ ਇਸ ਦੂਰ-ਦੁਰਾਡੇ ਖਿੱਤੇ ਬਾਰੇ ਕਾਫ਼ੀ ਕੁਝ ਨਵਾਂ ਦੱਸੇਗਾ। ਵਿਸ਼ਵ ਪ੍ਰਸਿੱਧ ਵਿਗਿਆਨੀ ਸਟੀਫਨ ਹਾਕਿੰਗ ਨੇ ਇਸ ਜਹਾਜ਼ ਦੀ ਨਿਰਮਾਤਾ/ ਖੋਜੀ ਟੀਮ ਨੂੰ ਮੁਬਾਰਕ ਦਿੰਦਿਆਂ ਕਿਹਾ ਹੈ ਕਿ ਇਸ ਨਾਲ ਸਾਨੂੰ ਆਪਣੇ ਸੂਰਜ ਪਰਿਵਾਰ ਦੇ ਬਣਨ ਦੀ ਪ੍ਰਕਿਰਿਆ ਦੀ ਚੰਗੇਰੀ ਸਮਝ ਹੋਵੇਗੀ।

**- ਡਾ. ਕੁਲਦੀਪ ਸਿੰਘ ਧੀਰ**

# ਬੱਚੇ ਆਪਣੇ ਸਰੀਰ ਦੀ ਹੱਡੀ ਖਿਸਕਾ ਦਿੰਦੇ ਹਨ ਇੱਧਰ ਤੋਂ ਉਧਰ

ਸਾਡੇ ਪੈਰ ਵਿਚ ਜ਼ਰਾ ਵੀ ਮੋਚ ਕੀ ਆ ਜਾਂਦੀ ਹੈ, ਸਾਡੇ ਪ੍ਰੇਸ਼ਾਨੀ ਵੱਧ ਜਾਂਦੀ ਹੈ ਪਰ ਇਸ ਦੁਨੀਆਂ ਵਿਚ ਅਜਿਹੇ ਵੀ ਲੋਕ ਹਨ ਜੋ ਆਪਣੇ ਸਰੀਰ ਦੇ ਅੰਦਰਲੇ ਅੰਗਾਂ ਦੇ ਨਾਲ ਖਿਲਵਾੜ ਕਰਦੇ ਹਨ। ਇਹਨਾਂ ਦੇ ਲਈ ਹੱਡੀਆਂ ਨੂੰ ਇੱਧਰ ਤੋਂ ਉਧਰ ਖਿਸਕਾਉਣਾ ਖੱਬੇ ਹੱਥ ਦੀ ਖੇਡ ਹੈ। ਹੈਰਾਨੀ ਤਾਂ ਉਦੋਂ ਹੁੰਦੀ ਹੈ ਜਦੋਂ ਉਹ ਵਾਪਸ ਉਸ ਹੱਡੀ ਨੂੰ ਆਪਣੀ ਜਗ੍ਹਾ ਫਿੱਟ ਕਰ ਦਿੰਦੇ ਹਨ। ਇਹ ਅਜਬ-ਗਜਬ ਕਾਰਨਾਮਾ ਕਰਨ ਵਾਲੇ ਚੀਨੀ ਸਕੂਲ ਦੇ ਬੱਚੇ ਹਨ।



ਚੀਨ ਦੀ ਸ਼ਾਓਲਿਨ ਮੋਨੈਸਟ੍ਰੀ ਪੂਰੀ ਦੁਨੀਆਂ ਲਈ ਪ੍ਰਸਿੱਧ ਹੈ। ਇੱਥੇ 1500 ਸਾਲ ਪਹਿਲਾਂ ਬਣਿਆ ਬੁੱਧ ਮੰਦਰ ਹੈ। ਇਸ ਤੋਂ ਇਲਾਵਾ ਬੁੱਧ ਧਰਮ ਦੀ ਪੜ੍ਹਾਈ ਦੇ ਲਈ ਇਹ ਦੁਨੀਆਂ ਦਾ ਸੈਂਟਰ ਕਹਾਉਂਦਾ ਹੈ। ਇੱਥੋਂ ਦੇ ਬੱਚੇ ਬੁੱਧ ਧਰਮ ਦਾ ਗਿਆਨ ਤਾਂ ਲੈਂਦੇ ਹੀ ਹਨ, ਨਾਲ ਹੀ ਆਪਣੇ ਸਰੀਰ ਤੇ ਕੰਟਰੋਲ ਕਰਨ ਲਈ ਗਰ ਵੀ ਸਿੱਖਦੇ ਹਨ। ਹਾਲ ਹੀ ਵਿਚ ਇਸ ਮੋਨੈਸਟ੍ਰੀ ਦੇ ਦੋ ਬੱਚਿਆਂ ਦਾ ਹੈਰਾਨੀਜਨਕ ਕਾਰਨਾਮਾ ਕੈਮਰੇ ਵਿਚ ਰਿਕਾਰਡ ਹੋ ਗਿਆ। ਇਹ ਬੱਚੇ ਆਪਣੇ ਸਰੀਰ ਦੇ ਅੰਦਰਲੇ ਅੰਗਾਂ ਨੂੰ ਇੱਧਰ-ਉਧਰ ਮੋੜ ਲੈਂਦੇ ਹਨ।

ਵੀਡੀਓ ਵਿਚ ਤੁਸੀਂ ਦੇਖੋਗੇ ਕਿ ਇਕ ਬੱਚਾ ਪੇਟ ਦੇ ਅੰਦਰੂਨੀ ਹਿੱਸੇ ਨੂੰ ਪੂਰੀ ਤਰ੍ਹਾਂ ਘੁੰਮਾ ਦਿੰਦਾ ਹੈ। ਜਿਸਨੂੰ ਦੇਖਣ ਤੋਂ ਬਾਅਦ ਹਰ ਕੋਈ ਹੈਰਾਨ ਰਹਿ ਜਾਂਦਾ ਹੈ। ਦੂਜਾ ਲੜਕਾ ਆਪਣੇ ਮੋਢਿਆਂ ਦੀਆਂ ਹੱਡੀਆਂ ਨੂੰ ਗੋਲ-ਗੋਲ ਘੁੰਮਾ ਦਿੰਦਾ ਹੈ। ਇਹਨਾਂ ਬੱਚਿਆਂ ਨੂੰ ਸਰੀਰ 'ਤੇ ਕੰਟਰੋਲ ਕਰਨ ਦੀ ਟਰੇਨਿੰਗ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਇਹਨਾਂ ਨੂੰ ਕੁੰਗ-ਫੂ ਵੀ ਸਿਖਾਇਆ ਜਾਂਦਾ ਹੈ।

# 10 ਲੱਖ ਡਾਲਰ ਦਾ ਇਨਾਮ ਇਸ ਖ਼ੂਬਸੂਰਤ ਲੜਕੀ ਨੂੰ ਮਾਰਨ 'ਤੇ

ਪੂਰੀ ਦੁਨੀਆਂ ਵਿਚ ਖ਼ੂੰਖਾਰ ਅੱਤਵਾਦੀ ਸੰਗਠਨ ਆਈ. ਐਸ. ਆਈ. ਐਸ. ਦਾ ਖੌਫ ਹੈ ਪਰ ਹਰ ਕੋਈ ਇਸਦੇ ਨਾਂ ਤੋਂ ਡਰਦਾ ਹੈ ਪਰ ਤੁਹਾਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਇਹ ਸੰਗਠਨ ਵੀ ਕਿਸੇ ਤੋਂ ਡਰਦਾ ਹੈ ਅਤੇ ਉਹ ਹੈ 23 ਸਾਲ ਦੀ ਲੜਕੀ ਜੋਆਨਾ ਪਲਾਨੀ। ਆਈ. ਐਸ. ਜੋਆਨਾ ਤੋਂ ਇੰਨਾ ਡਰਿਆ ਹੋਇਆ ਹੈ ਕਿ ਉਸਨੂੰ ਮਾਰਨ ਦੇ ਲਈ 10 ਲੱਖ ਡਾਲਰ ਦੇ ਇਨਾਮ ਦਾ ਐਲਾਨ ਕਰ ਦਿੱਤਾ। ਸੂਤਰਾਂ ਮੁਤਾਬਕ ਕੁਰਦਿਸ਼ ਮੂਲ ਦੀ ਡੈਨਿਸ਼ ਔਰਤ ਪਲਾਨੀ ਨੇ 2014 ਵਿਚ ਪੜ੍ਹਾਈ ਛੱਡ ਦਿੱਤੀ ਸੀ ਅਤੇ ਸੀਰੀਆ ਅਤੇ ਇਰਾਕ ਵਿਚ ਆਈ. ਐਸ. ਦੇ ਖਿਲਾਫ ਜੰਗ ਵਿਚ ਉਤਰ ਗਈ ਸੀ। ਫਿਲਹਾਲ ਉਹ ਡੈਨਮਾਰਕ ਦੀ ਰਾਜਧਾਨੀ ਕੋਪਨਹੇਗਨ ਦੀ ਜੇਲ੍ਹ ਵਿਚ ਬੰਦ ਹੈ। ਜੋਆਨਾ 'ਤੇ ਜੂਨ 2015 ਤੋਂ ਦੇਸ਼ ਛੱਡਣ ਦੀ ਪਾਬੰਦੀ ਲਗਾ ਦਿੱਤੀ ਗਈ ਸੀ। ਜੇਕਰ ਉਸ ਤੇ ਲੱਗੇ ਦੋਸ਼ ਸਹੀ ਸਾਬਤ ਹੋਏ ਤਾਂ ਦੋ ਸਾਲ ਦੀ ਕੈਦ ਹੋ ਸਕਦੀ ਹੈ।



ਜੋਆਨਾ ਤੇ ਦੋਸ਼ ਹੈ ਕਿ ਉਸਨੇ ਆਈ. ਐਸ. ਅੱਤਵਾਦੀਆਂ ਨੂੰ ਡੈਨਮਾਰਕ ਤੋਂ ਮਿਡਲ ਈਸਟ ਤੱਕ ਸਥਾਪਤ ਕੀਤਾ। ਇਸ ਦੇ ਲਈ ਜੋਆਨਾ ਨੂੰ ਲਗਾਤਾਰ ਧਮਕੀਆਂ ਮਿਲ ਰਹੀਆਂ ਹਨ। ਜੋਆਨਾ ਦਾ ਪਾਸਪੋਰਟ ਵੀ ਪਿਛਲੇ ਸਾਲ ਜਬਤ ਕਰ ਲਿਆ ਗਿਆ ਸੀ। ਜੋਆਨਾ ਨੇ ਖੁਦ ਨੂੰ ਨਿਰਦੋਸ਼ ਸਾਬਤ ਕਰਦੇ ਹੋਏ ਫੇਸਬੁੱਕ ਪੇਜ ਤੇ ਲਿਖਿਆ ਹੈ ਕਿ ਮੈਂ ਡੈਨਮਾਰਕ ਅਤੇ ਦੂਜੇ ਮੁਲਕਾਂ ਦੇ ਲਈ ਖਤਰਾ ਕਿਵੇਂ ਹੋ ਸਕਦੀ ਹਾਂ। ਮੈਂ ਇੱਥੇ ਮਿਲਟਰੀ ਟਰੇਨਿੰਗ ਲਈ ਹੈ ਅਤੇ ਮੈਂ ਆਈ. ਐਸ. ਦੇ ਖਿਲਾਫ ਲੜ ਰਹੀ ਸੀ। ਇਕ ਡੈਨਿਸ਼ ਲੜਕੀ ਹੋਣ ਦੇ ਨਾਤੇ ਮੈਂ ਇਹ ਸਿੱਖਿਆ ਕਿ ਔਰਤਾਂ ਦੇ ਅਧਿਕਾਰਾਂ, ਲੋਕਤੰਤਰ ਅਤੇ ਯੂਰਪੀਅਨ ਕਦਰਾਂ ਕੀਮਤਾਂ ਦੇ ਲਈ ਲੜਨਾ ਹੈ। ਜੋਆਨਾ ਦਾ ਪਰਿਵਾਰ ਇਰਾਨ ਦੇ ਕੁਰਦਿਸਤਾਨ ਦਾ ਰਹਿਣ ਵਾਲਾ ਹੈ। ਗਰਫ ਵਾਰ ਦੇ ਦੌਰਾਨ ਹੀ ਰਮਾਦੀ ਵਿਚ ਜੋਆਨਾ ਦਾ ਜਨਮ ਹੋਇਆ ਸੀ। ਉਸ ਤੋਂ ਬਾਅਦ ਉਸਦਾ ਪਰਿਵਾਰ ਡੈਨਮਾਰਕ ਵਿਚ ਹੀ ਵੱਸ ਗਿਆ। ਜੋਆਨਾ ਸੀਰੀਆ ਵਿਚ ਕੁਰਦਿਸ਼ ਪੀਪਲਸ ਪ੍ਰੋਟੈਕਸ਼ਨ ਯੂਨਿਟ ਯੂਨਿਟ ਅਤੇ ਇਰਾਕ ਵਿਚ ਪੇਸ਼ਮਾਰਗਾ ਫੋਰਸ ਨਾਲ ਆਈ. ਐਸ. ਦੇ ਖਿਲਾਫ ਲੜ ਚੁੱਕੀ ਹੈ। ਜੋਆਨਾ ਚਾਹੁੰਦੀ ਹੈ ਕਿ ਲੋਕਾਂ ਨੂੰ ਇਹ ਪਤਾ ਲੱਗੇ ਕਿ ਵਾਈ. ਪੀ. ਜੀ. ਅੱਤਵਾਦੀ ਸੰਗਠਨ ਨਹੀਂ ਹੈ।

# ਦੁਨੀਆਂ ਦਾ ਸਭ ਤੋਂ ਉਚਾ 105 ਮੰਜ਼ਿਲਾ ਹੋਟਲ

ਇਹ ਹੋਟਲ ਕਰੀਬ 30 ਸਾਲ ਵਿਚ ਪੂਰਾ ਹੋਇਆਹੈ। 1987 ਵਿਚ ਇਸ ਹੋਟਲ ਦਾ ਨਿਰਮਾਣ ਆਰੰਭ ਕੀਤਾ ਗਿਆ ਸੀ। ਉਸ ਵਕਤ ਵਰਤਮਾਨ ਤਾਨਾਸ਼ਾਹ ਕਿਮ ਜੋਂਗ ਉਹਨਾਂ ਦੇ ਦਾਦਾ ਕਿਮ ਇਲ ਸੁੰਗ ਦਾ ਨੌਰਥ ਕੋਰੀਆ ਤੇ ਰਾਜ ਸੀ। ਦੋ ਸਾਲ ਵਿਚ ਇਸ ਯੋਜਨਾ ਨੂੰ ਪੂਰਾ ਕਰਨਾ ਸੀ ਪਰ ਇਸ ਵਿਚ ਦੇਰੀ ਹੋ ਗਈ। ਪਹਿਲਾਂ ਦੇਸ਼ ਦੀ ਆਰਥਿਕ ਮੰਦੀ ਅਤੇ ਉਸ ਤੋਂ ਬਾਅਦ ਸੰਯੁਕਤ ਰਾਸ਼ਟਰ ਦੀਆਂ ਪਾਬੰਦੀਆਂ ਕਾਰਨ ਮੁਸ਼ਕਿਲ ਹੋ ਗਈ। ਕਰੀਬ ਦਸ ਸਾਲ ਪਹਿਲਾਂ ਇਸ ਪ੍ਰਾਜੈਕਟਨੂੰ ਪੂਰਾ ਕਰਨ ਵਿਚ ਮਿਸਰ ਦੀ ਓਰੇਸਕਨ ਕੰਪਨੀ ਨੇ ਦਿਲਚਸਪੀ ਦਿਖਾਈ ਪਰ ਕੰਮ ਨੇ ਗਤੀ ਪਕੜੀ 2012 ਵਿਚ ਕਿਮ ਜੋਂਗ ਦੇ ਸੱਤਾ ਸੰਭਾਲਣ ਤੋਂ ਬਾਅਦ ਕਿਮ ਜੋਂਗ ਦੇ ਆਦੇਸ਼ ਤੇ ਇਸ ਬਿਲਡਿੰਗ ਸਮੇਤ ਨੌਰਥ ਕੋਰੀਆ ਦੀਆਂ ਦਰਜਨਾਂ ਇਮਾਰਤਾਂ ਨੂੰ ਬਣਾਇਆ ਗਿਆ। ਇਸ ਵਿਚ ਪਯੋਂਗਯਾਂਗ ਵਿਚ 70 ਮੰਜ਼ਿਲਾਂ ਦੀ ਰਿਹਾਇਸ਼ੀ ਇਮਾਰਤ ਵੀ ਸ਼ਾਮਲ ਹੈ।



ਨੌਰਥ ਕੋਰੀਆ ਵਿਚ ਅਜਿਹਾ ਮਹਿੰਗੇ ਹਥਿਆਰ ਵਿਕਾਸ ਪ੍ਰੋਗਰਾਮਾਂ ਅਤੇ ਸੰਯੁਕਤ ਰਾਸ਼ਟਰ ਦੀਆਂ ਸਖਤ ਪਾਬੰਦੀਆਂ ਵਿਚਕਾਰ ਹੋਇਆ ਹੈ। ਪਿਰਾਮਿਡ ਦੀ ਸ਼ਕਲ ਵਿਚ ਤਿਆਰ ਇਸ ਇਮਾਰਤ ਵਿਚ ਆਰਥਿਕ ਪਾਬੰਦੀਆਂ ਦੇ ਦੌਰ ਵਿਚ ਹੋਟਲ ਚੱਲੇਗਾ ਜਾਂ ਇਸ ਵਿਚ ਦਫਤਰ ਖੁੱਲ੍ਹਣਗੇ, ਇਹ ਫਿਲਹਾਲ ਵੱਡਾ ਸਵਾਲ ਹੈ। ਨੌਰਥ ਕੋਰੀਆ ਵਿਚ ਫਿਲਹਾਲ ਇਸਦਾ ਜਵਾਬ ਕਿਸੇ ਕੋਲ ਨਹੀਂ ਹੈ। ਬਲਾਸਟਿਕ ਮਿਜ਼ਾਇਲ ਦੇ ਦੂਜੇ ਸਫਲ ਤਜਰਬੇ ਤੋਂ ਬਾਅਦ ਨੌਰਥ ਕੋਰੀਆ ਦੇ ਤਾਨਾਸ਼ਾਹ ਕਿਮ ਜੋਂਗ ਨੇ ਇਸਦਾ ਉਦਘਾਟਨ ਕੀਤਾ। ਇਸ ਸਮਾਰੋਹ ਵਿਚ ਸੱਤਾਧਾਰੀ ਪਾਰਟੀ, ਵਿਗਿਆਨੀਆਂ, ਫੌਜ ਦੇ ਉਚ ਅਧਿਕਾਰੀਆਂ ਅਤੇ ਪ੍ਰਸ਼ਾਸਨ ਦੇ ਅਧਿਕਾਰੀ ਸ਼ਾਮਲ ਸਨ। ਇਸ ਮੌਕੇ ਤੇ ਕਿਮ ਜੋਂਗ ਨੇ ਇੰਜੀਨੀਅਰਾਂ ਨੂੰ ਵਧਾਈ ਦਿੱਤੀ।

# ਇਸ ਜੰਗਲ ਵਿਚ 90 ਡਿਗਰੀ ਤੱਕ ਮੁੜ ਜਾਂਦੇ ਹਨ ਦਰੱਖਤ

ਇਸ ਦੁਨੀਆਂ ਵਿਚ ਅਜੂਬਿਆਂ ਦੀ ਕਮੀ ਨਹੀਂ ਹੈ। ਇਨਸਾਨ ਹੀ ਨਹੀਂ ਪ੍ਰਕਿਰਤੀ ਵੀ ਵਕਤ ਵਕਤ ਤੇ ਅਜੂਬਿਆਂ ਨਾਲ ਲੋਕਾਂ ਨੂੰ ਹੈਰਾਨ ਕਰਦੀ ਰਹਿੰਦੀ ਹੈ। ਕੁਦਰਤ ਦੇ ਅਜੂਬਿਆਂ ਦੀ ਉਦਾਹਰਣ ਪੋਲੈਂਡ ਦਾ ਇਹ ਜੰਗਲ ਹੈ, ਜਿਸਨੂੰ ਦੇਖ ਕੇ ਸ਼ਾਇਦ ਹੀ ਕੋਈ ਅਜਿਹਾ ਹੋਵੇ ਜੋ ਹੈਰਾਨ ਨਾ ਹੋਵੇ। ਇਹ ਜੰਗਲ ਦੁਨੀਆਂ ਦੇ ਬਾਕੀ ਜੰਗਲਾਂ ਤੋਂ ਕਾਫੀ ਅਲੱਗ ਹੈ। ਇਹ ਆਪਣੇ ਭਿਆਨਕ ਦਰਖਤਾਂ ਦੇ ਕਾਰਨ ਨਹੀਂ ਬਲਕਿ ਝੁਕਣ ਵਾਲੇ ਦਰਖਤਾਂ ਕਾਰਨ ਜਾਣਿਆ ਜਾਂਦਾ ਹੈ।



ਪੋਲੈਂਡ ਦਾ ਇਹ ਜੰਗਲ ਨੋਵੇ ਸਜਾਰਨੋਵੇ ਪਿੰਡ ਦੇ ਕੋਲ ਸਥਿਤ ਹੈ। ਇਸ ਜੰਗਲ ਵਿਚ ਦਰਖਤਾਂ ਦੀ ਖਾਸੀਅਤ ਇਹ ਹੈ ਕਿ ਇਹ ਸਮਕੋਣੀ ਯਾਨਿ ਕਿ 90 ਡਿਗਰੀ ਤੱਕ ਝੁਕ ਹੁੰਦੇ ਹਨ। ਇਹ ਤਿੰਨ ਤੋਂ 9 ਫੁੱਟ ਤੱਕ ਵਧਣ ਦੇ ਬਾਅਦ ਮੁੜਦੇ ਹਨ। ਜੋ ਦੇਖਣ ਵਿਚ ਕਾਫੀ ਰੋਚਕ ਅਤੇ ਭੇਦਭਰੇ ਲੱਗਦੇ ਹਨ। ਪੋਲੈਂਡ ਦਾ ਇ ਜੰਗਲ ਆਪਣੇ ਇਹਨਾਂ ਰਹੱਸਮਈ ਦਰਖਤਾਂ ਦੇ ਕਾਰਨ ਕਾਫੀ ਚਰਚਾ ਵਿਚ ਹੈ। ਇਸ ਜੰਗਲ ਦੇ ਇਹਨਾਂ ਦਰਖਤਾਂ ਨੂੰ ਲੈ ਕੇ ਕਿਹਾ ਜਾਂਦਾ ਹੈ ਕਿ ਇਹ ਦੂਜੇ ਵਿਸ਼ਵ ਯੁੱਧ ਦੀ ਸ਼ੁਰੂਆਤ ਤੋਂ ਪਹਿਲਾਂ ਲਗਾਏ ਗਏ ਸਨ।

ਉਥੇ ਹੀ ਇੱਥੋਂ ਦੇ ਕੁਝ ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਇਹ ਗਰੁੱਤਾ ਖਿੱਚ ਦੇ ਕਾਰਨ ਅਜਿਹੇ ਹੁੰਦੇ ਹਨ। ਕੁਝ ਲੋਕ ਇਹਨਾਂ ਦਰਖਤਾਂ ਨੂੰ ਝੁਕਾਉਣ ਵਿਚ ਦੂਜੇ ਗ੍ਰਹਿਆਂ ਤੋਂ ਆਏ ਪ੍ਰਾਣੀਆਂ ਦੀ ਭੂਮਿਕਾ ਨੂੰ ਮੁੱਖ ਕਾਰਨ ਮੰਨਦੇ ਹਨ। ਉਥੇ ਹੀ ਹੁਣ ਤੱਕ ਇਹਨਾਂ ਦਰਖਤਾਂ ਦੀ ਝੁਕਣ ਦੀ ਸਹੀ ਵਜ੍ਹਾ ਨਹੀਂ ਪਤਾ ਲੱਗ ਸਕੀ ਹੈ। ਖੈਰ ਵਜ੍ਹਾ ਕੁਝ ਵੀ ਹੋਵੇ ਪਰ ਇਹ ਝੁਕੇ ਹੋਏ ਦਰਖਤ ਦੇਖਣ ਵਿਚ ਬਹੁਤ ਖੂਬਸੂਰਤ ਲੱਗਦੇ ਹਨ।

# ਰਸਤੇ 'ਚ ਪਈ ਨਵਜੰਮੀ ਬੱਚੀ ਦੀ ਕੁੱਤਿਆਂ ਨੇ ਬਚਾਈ ਜਾਨ

ਕਹਿੰਦੇ ਹਨ ਕਿ ਕੁੱਤਾ ਸਭ ਤੋਂ ਵਫਾਦਾਰ ਜਾਨਵਰ ਹੁੰਦਾ ਹੈ। ਨਾਲ ਹੀ ਸਮਝਦਾਰ ਵੀ। ਇਸਦੀ ਇਕ ਤਾਜ਼ਾ ਉਦਾਹਰਣ ਦੇਖਣ ਨੂੰ ਮਿਲੀ ਕੋਲਕਾਤਾ ਵਿਚ। ਜਿੱਥੇ ਕੁਝ ਕੁੱਤਿਆਂ ਨੇ ਮਿਲ ਕੇ ਇਕ ਨਵਜੰਮੀ ਬੱਚੀ ਦੀ ਜਾਨ ਬਚਾਅ ਲਈ। ਖਬਰਾਂ ਦੀ ਮੰਨੀਏ ਤਾਂ ਇੱਥੋਂ ਦੇ ਹਾਵੜੇ ਸਟੇਸ਼ਨ ਤੇ ਨਵਜੰਮੀ ਬੱਚੀ ਕੱਪੜੇ ਵਿਚ ਲਿਪਟੀ ਪਈ ਸੀ। ਉਥੋਂ ਕਈ ਲੋਕ ਲੰਘ ਰਹੇ ਸਨ ਪਰ ਕਿਸੇ ਦਾ ਵੀ ਧਿਆਨ ਬੱਚੀ ਤੇ ਨਾ ਪਿਆ। ਉਦੋਂ ਹੀ ਉਥੇ ਕੁੱਤਿਆਂ ਦਾ ਇਕ ਝੁੰਡ ਆ ਗਿਆ। ਉਹ ਪਹਿਲਾਂ ਬੱਚੀ ਨੂੰ ਖਿੱਚਕੇ ਬਾਹਰ ਲਿਆਏ ਅਤੇ ਫਿਰ ਉਸ ਦੇ ਆਸ ਪਾਸ ਪਹਿਰੇਦਾਰ ਬਣਕੇ ਬੈਠ ਗਏ। ਇਹ ਕੁੱਤੇ



ਮਦਦ ਦੀ ਆਸ ਨਾਲ ਕਾਫੀ ਦੇਰ ਤੱਕ ਬੱਚੀ ਦੀ ਆਸ ਪਾਸ ਬੈਠੇ ਰਹੇ ਪਰ ਲੋਕਾਂ ਦੀ ਭੀੜ ਆਉਂਦੀ ਰਹੀ- ਜਾਂਦੀ ਰਹੀ। ਕਿਸੇ ਨੇ ਬੱਚੀ ਨੂੰ ਚੁੱਕਣ ਦੀ ਜ਼ਰੂਰਤ ਨਾ ਸਮਝੀ। ਆਖਿਰ ਇਕ ਆਰ. ਪੀ. ਐਫ. ਜਵਾਨ ਦੀ ਨਜ਼ਰ ਉਥੇ ਪਈ। ਉਸਨੇ ਕੁੱਤਿਆਂ ਨੂੰ ਇਕੱਠੇ ਦੇ ਕੇ ਰੇਲਵੇ ਕਰਮਚਾਰੀਆਂ ਨੂੰ ਬੁਲਾਇਆ। ਸੂਚਨਾ ਤੇ ਕਰਮਚਾਰੀਆਂ ਨੇ ਨੇੜੇ ਜਾ ਕੇ ਦੇਖਿਆ ਤਾਂ ਸਭ ਹੈਰਾਨ ਰਹਿ ਗਏ। ਬੱਚੀ ਨੂੰ ਤੁਰੰਤ ਹਸਪਤਾਲ ਪਹੁੰਚਾਇਆ, ਜਿੱਥੇ ਉਸ ਨੂੰ ਚਾਈਲਡ ਲਾਈਨ ਦੇ ਹਵਾਲੇ ਕਰ ਦਿੱਤਾ ਗਿਆ।

# ਐਚਡੀਐਫਸੀ ਬੈਂਕ ਨੇ ਨਾਗਰਿਕਾਂ ਨੂੰ ਏਪੀਕੇ ਧੋਖਾਧੜੀ ਤੋਂ ਬਚਣ ਲਈ ਇੱਕ ਮਹੱਤਵਪੂਰਨ ਸੰਦੇਸ਼ ਸਾਂਝਾ ਕੀਤਾ

**ਚੰਡੀਗੜ੍ਹ, 9 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੀ ਸਭ ਤੋਂ ਵੱਡੀ ਪ੍ਰਾਈਵੇਟ ਖੇਤਰ ਦੀ ਬੈਂਕ, ਐਚਡੀਐਫਸੀ ਬੈਂਕ ਨੇ ਗਾਹਕਾਂ ਨੂੰ ਏਪੀਕੇ (ਐਂਡਰੌਇਡ ਪੈਕੇਜ ਕਿਟ) ਧੋਖਾਧੜੀ ਤੋਂ ਬਚਣ ਦੀ ਸਲਾਹ ਦੀ ਹੈ। ਇਹ ਉਦੇਸ਼ ਗਾਹਕਾਂ ਦੀ ਸੁਰੱਖਿਆ ਲਈ ਹੈ। ਏਪੀਕੇ ਘੋਟਾਲੇ ਵਿੱਚ ਧੋਖੇਬਾਜ਼ ਆਮ ਤੌਰ 'ਤੇ ਬੈਂਕਾਂ ਨੂੰ ਜਾਂ ਸਰਕਾਰੀ ਵਿਕਾਸ ਦੀ ਰਣਨੀਤੀ ਦੇ ਰੂਪ ਵਿੱਚ ਸਮਾਜਿਕ ਇੰਜੀਨੀਅਰਿੰਗ ਦਾ ਉਪਯੋਗ ਕਰਦੇ ਹਨ। ਇਹ ਸੰਦੇਸ਼ ਪ੍ਰਾਪਤ ਕਰਨ ਵਾਲਾ ਇੱਕ ਫਰਜ਼ ਏਪੀਕੇ ਫਾਈਲ ਪ੍ਰਾਪਤ ਕਰਦਾ ਹੈ ਜੋ ਭਰੋਸੇਯੋਗ ਸਰੋਤਾਂ ਤੋਂ ਦਾਅਵਾ ਕਰਦਾ ਹੈ। ਜਦੋਂ ਕੋਈ ਵਿਅਕਤੀ ਸ਼ਾਮਲ ਹੁੰਦਾ ਹੈ ਤਾਂ ਉਹ ਧੋਖਾ ਬਾਜ਼ ਫ਼ੋਨ 'ਤੇ ਪੂਰਾ ਨਿਯੰਤਰਣ ਪ੍ਰਾਪਤ ਕਰਦਾ ਹੈ। ਫਿਰ ਧੋਖੇਬਾਜ਼ ਕਾਲ ਅਤੇ ਫੋਨ ਟੈਕਸਟ ਨੂੰ ਕਿਸੇ ਹੋਰ ਡਿਵਾਈਸ 'ਤੇ ਰੀਡਾਇਰੈਕਟ ਕਰ ਸਕਦਾ ਹੈ ਅਤੇ ਪੀੜਿਤਾਂ ਦਾ ਡਾਟਾ ਚੂਰਾ ਹੋ ਸਕਦਾ ਹੈ। ਧੋਖੇਬਾਜ਼ ਪੀੜਿਤ ਬੈਂਕ ਖਾਤੇ (ਖਾਤੇ) ਤੱਕ ਵੀ ਪਹੁੰਚ ਕਰ ਸਕਦੇ ਹੋ ਅਤੇ ਉਹਨਾਂ ਦੇ ਲਿੰਕ ਤੋਂ ਬਿਨਾਂ ਲੈਨਡੇਨ ਕਰ ਸਕਦੇ ਹੋ। ਐੱਚ.ਡੀ.ਐੱਫ.ਸੀ. ਬੈਂਕਾਂ ਦੇ ਗਾਹਕਾਂ ਤੋਂ 'ਡਿਜਿਟਲ ਗਿਰਤਾਰੀ' ਧੋਖਾਧੜੀ ਵਰਗੇ ਘੋਟਾਲਾਂ ਨੂੰ ਵੀ ਜਲਦੀ ਰਹਿਣ ਦੀ ਸਲਾਹ ਦਿੱਤੀ ਜਾਂਦੀ ਹੈ, ਜਿੱਥੇ ਧੋਖੇਬਾਜ਼ ਕਾਨੂੰਨ ਪ੍ਰਵਿਰਤੀ ਜਾਂ ਸਰਕਾਰੀ ਪ੍ਰਬੰਧਕੀ ਤੌਰ 'ਤੇ ਆਮ ਹੁੰਦੇ ਹਨ ਅਤੇ ਪੀੜਿਤਾਂ ਨੂੰ ਕਥਿਤ ਕਰ ਚੋਰੀ, ਨੀਆਮਕ ਕਾਨੂੰਨਾਂ, ਵਿੱਤੀ ਕਦਾਚਾਰ ਆਦਿ ਵਰਗੇ ਕਾਰਨਾਂ ਤੋਂ। ਡਿਜੀਟਲ ਗਿਰਫਰੀ ਵਾਰੰਟ ਦੀ ਸੁਰੱਖਿਆ ਦਿੰਦੀ ਹੈ। ਆਮ ਤੌਰ 'ਤੇ ਦੇਖਣ ਵਾਲੇ ਹੋਰ ਧੋਖਾਧੜੀ ਵਿੱਚ ਨਿਵੇਸ਼ ਘੋੜੇ ਸ਼ਾਮਲ ਹੁੰਦੇ ਹਨ, ਜਿੱਥੇ ਧੋਖੇਬਾਜ਼ ਝੂਠੇ ਨਿਵੇਸ਼ਕ ਨਿਵੇਸ਼ ਆਦਿ ਪਲੇਟਫਾਰਮਾਂ ਦੇ ਮਾਧਿਅਮ ਤੋਂ ਅਤੇ ਸੋਸ਼ਲ ਮੀਡੀਆ ਪਲੇਟਫਾਰਮ ਦੇ ਜ਼ਰੀਏ ਪ੍ਰਚਾਰਿਤ ਸ਼ੇਅਰਾਂ, ਆਈ, ਕ੍ਰਿਪਟੋਕਰਾਂਸੀ ਵਿੱਚ ਨਿਵੇਸ਼ ਲਈ ਉੱਚ ਰੂਪ ਵਿੱਚ ਰਿਟਰਨ ਕਾਦਾ ਹਨ। ਧੋਖੇਬਾਜ਼ ਜੀਟੀਐਚ – ਲਾਲਚ, ਸੁਰੱਖਿਆ ਅਤੇ ਸਹਾਇਤਾ ਪ੍ਰਣਾਲੀ ਦੀ ਵਰਤੋਂ ਕਰਕੇ ਧੋਖਾਧੜੀ ਨੂੰ ਜਾਰੀ ਰੱਖਣ ਲਈ ਪੀੜਿਤਾਂ ਦੀਆਂ ਭਾਵਨਾਵਾਂ ਨੂੰ ਨਿਸ਼ਾਨਾ ਬਣਾਉਂਦੇ ਹਨ।

ਔਨਲਾਈਨ ਧੋਖਾਧੜੀ ਦਾ ਸ਼ਿਕਾਰ ਹੋਣ ਦੀ ਸਥਿਤੀ ਵਿੱਚ ਪੀੜਿਤ ਨੂੰ ਤੁਰੰਤ ਬੈਂਕ ਦੀ ਲੈਨਡੇਨ ਦੀ ਸੂਚਨਾ ਦੇਣੀ ਚਾਹੀਦੀ ਹੈ, ਭੁਗਤਾਨ ਮਾਧਿਅਮ ਜਾਂਨੀ ਕਾਰਡ/ਯੂਪੀਆਈ/ਨੈੱਟ ਬੈਂਕਿੰਗ ਨੂੰ ਬਲਾਕ ਕੀਤਾ ਜਾ ਸਕਦਾ ਹੈ ਅਤੇ ਭਵਿੱਖ ਵਿੱਚ ਨੁਕਸਾਨ ਬਚ ਸਕਦਾ ਹੈ। ਗਾਹਕਾਂ ਨੂੰ ਘਰੇਲੂ ਵਿੱਤ (ਐਮਐਲਚਏ) ਦੁਆਰਾ ਸ਼ੁਰੂ ਕੀਤੇ ਗਏ ਹੇਲਪਲਾਈਨ ਨੰਬਰ 1930 'ਤੇ ਧੋਖਾਧੜੀ ਦੀ ਜਾਣਕਾਰੀ ਦੇਣ ਨਾਲ ਰਾਸ਼ਟਰੀ ਸਾਈਬਰ ਅਪਰਾਧ ਰਿਪੋਰਟਿੰਗ ਦੀ ਜਾਂਚ https://www.cybercrime.gov.in 'ਤੇ ਸ਼ਿਕਾਇਤ ਦਰਜ ਕਰਨੀ ਚਾਹੀਦੀ ਹੈ।

**ਇਹ ਘੋਟਾਲਾ ਕਿਵੇਂ ਕੰਮ ਕਰਦਾ ਹੈ:**

ਧੋਖੇਬਾਜ਼ ਆਮ ਤੌਰ 'ਤੇ ਸਰਕਾਰੀ ਕੰਪਨੀਆਂ, ਬੈਂਕਾਂ ਦੇ ਜਾਨੀ-ਮਾਨੀ ਕੰਪਨੀਆਂ ਦੇ ਹੱਲ ਲਈ ਆਮ ਤੌਰ 'ਤੇ ਰੀ-ਕੇਵਾਈਸੀ, ਆਇਲ ਜੁਰਮਾਨਾ ਭਰਨੇ, ਕਰ ਰਿਟਰਨ ਆਦਿ ਦਾ ਝਾਂਸਾ ਦਿੰਦੀਆਂ ਹਨ। ਪੀੜਿਤ ਨੂੰ ਇੱਕ ਫਰਜ਼ੀ ਏਪੀਕੇ ਲਿੰਕ ਵਾਲਾ ਸੁਨੇਹਾ ਭੇਜਦਾ ਹੈ। ਜਿਵੇਂ ਕਿ ਇਹ ਪੀੜਿਤ ਲਿੰਕ 'ਤੇ ਕਲਿੱਕ ਕਰਦਾ ਹੈ, ਉਸ ਦੇ ਮੋਬਾਈਲ ਫੋਨ ਵਿੱਚ ਇੱਕ ਮਾਲਵੇਅਰ ਮੌਜੂਦ ਹੁੰਦਾ ਹੈ, ਜਿਸ ਦੀ ਉਸ ਦੀ ਜਾਣਕਾਰੀ ਨਹੀਂ ਸੀ। ਧੋਖੇਬਾਜ਼ ਨੂੰ ਇਸ ਮੈਲਵੇਅਰ ਦੇ ਲਿੰਕ ਪੀੜਿਤ ਫੋਨ ਤੱਕ ਪੂਰੀ ਪਹੁੰਚ ਮਿਲ ਜਾਤੀ ਹੈ। ਇਸਦੇ ਬਾਅਦ ਆਮ ਤੌਰ 'ਤੇ ਅਗਲੇ ਕੁਝ ਹੀ ਮਿੰਟਾਂ, ਕਈ ਲੇਨਡੇਨ ਸਨ, ਗਾਹਕਾਂ ਨੂੰ ਆਰਥਿਕ ਨੁਕਸਾਨ ਹੁੰਦਾ ਸੀ। ਪੀੜਿਤ ਤੁਹਾਡੇ ਖਾਤੇ ਦੇ ਪੈਸੇ ਡੇਬਿਟ ਹੋਣ ਦੀ ਬੈਂਕ ਤੋਂ ਸੁਨੇਹਾ ਮਿਲਦੇ ਹਨ ਕਿ ਉਨ੍ਹਾਂ ਦੇ ਨਾਲ ਧੋਖਾਧੜੀ ਹੁੰਦੀ ਹੈ।

**ਕੁਝ ਉਦਾਹਰਣ:**

ਧੋਖੇਬਾਜ਼ ਫ਼ੋਨ ਕਾਲ, ਈਮੇਲ ਜਾਂ ਤੁਹਾਡੇ ਜਵਾਬਦੇਹ ਗਾਹਕਾਂ ਤੋਂ ਹਨ ਅਤੇ ਦਾਅਵਾ ਕਰਦੇ ਹਨ ਕਿ ਵੇ ਬੈਂਕ ਅਤੇ ਨਿਸ਼ਚਤ ਤੌਰ 'ਤੇ ਅੱਪਡੇਟ ਕਰਨ ਲਈ ਸੰਪਰਕ ਹੈ। ਵੇ ਗਾਹਕਾਂ ਵਿੱਚ ਸਥਾਨਬਾਜ਼ੀ ਦੀ ਭਾਵਨਾ ਅਤੇ ਖਾਤਾ ਬਲਾਕ ਹੋਣ ਦਾ ਡਰ ਪੈਦਾ ਹੁੰਦਾ ਹੈ। ਇਸ ਤੋਂ ਬਾਅਦ ਧੋਖੇਬਾਜ਼ ਬੈਂਕ ਦੇ ਲੋਕੋ ਫਰਜ਼ੀ ਏਪੀਕੇ ਲਿੰਕ ਕਰਦੇ ਹਨ ਅਤੇ ਗਾਹਕਾਂ ਨੂੰ ਇਹ ਸ਼ੇਅਰ ਕਰਨ ਲਈ ਕਹਿੰਦੇ ਹਨ। ਅੱਪਡੇਟ ਹੋਣ ਦੇ ਬਾਅਦ, ਐਪ ਉਹਨਾਂ ਵਿਅਕਤੀ ਦਾ ਖਾਤਾ ਨੰਬਰ, ਕ੍ਰੈਡਿਟ/ਡੇਬਿਟ ਕਾਰਡ ਦੀ ਜਾਣਕਾਰੀ ਜਾਂ ਓਟੀਪੀ ਵਰਗੀ ਜਾਣਕਾਰੀ ਦਰਜ ਕਰਨ ਲਈ ਕਹੀ ਜਾਂਦੀ ਹੈ, ਉਲਟਾ ਚੁਰਾ ਲਿਆ ਜਾਂਦਾ ਹੈ ਅਤੇ ਧੋਖਾਧੜੀ ਵਾਲੇ ਲੇਨਦੇਨ ਲਈ ਦੁਰੂਪਯੋਗ ਹੁੰਦਾ ਹੈ। ਧੋਖੇਬਾਜ਼ ਟਰਾਂਸਪੋਰਟ ਅਥਾਰਟੀ (ਆਰਟੀਓ) ਦੇ ਰੂਪ ਵਿੱਚ ਆਮ ਕਰਕੇ ਲੰਬਿਤ ਈ-ਚਲਾਨ ਤੋਂ ਸਬੰਧਤ ਫਰਜ਼ੀ ਸੁਨੇਹਾ ਅਤੇ ਈਮੇਲ ਵੀ ਭੇਜ ਸਕਦੇ ਹਨ। ਇਨ ਕਲਿਕ ਕਰਨ ਵਿੱਚ ਦੁਰਭਾਵਨਾਪੂਰਣ ਏਪੀਕੇ ਲਿੰਕ ਹੁੰਦੇ ਹਨ ਅਤੇ ਪੀੜਿਤ ਦੇ ਫੋਨ ਤੋਂ ਛੇੜਛਾੜ ਦੀ ਜਾ ਸਕਦੀ ਹੈ।

**ਏਪੀਕੇ ਧੋਖਾਧੜੀ ਤੋਂ ਖੁਦ ਨੂੰ ਬਚਾ ਕੇ ਸੁਝਾਅ -**

ਸੋਸ਼ਲ ਮੀਡੀਆ, SMS ਜਾਂ ਈਮੇਲ ਦੇ ਲਿੰਕ ਨੂੰ ਪ੍ਰਾਪਤ ਕਰੋ ਸੰਦਿਗਧ ਲਿੰਕ 'ਤੇ ਕਲਿੱਕ ਕਰੋ, ਨਾ ਕਿ ਇਸ ਤਰ੍ਹਾਂ/ ਫ਼ਾਈਲੇਂਸ ਸਥਾਪਤ ਕੀਤੇ ਗਏ ਨਹੀਂ ਜੋ ਆਰਟੀਓ, ਆਈਕਰ ਵਿਭਾਗ ਜਾਂ ਬੈਂਕ ਕੰਪਨੀਆਂ ਵਰਗੀਆਂ ਸੰਸਥਾਵਾਂ ਦਾ ਦਾਅਵਾ ਹੈ। ਯਕੀਨੀ ਬਣਾਓ ਕਿ ਤੁਹਾਡੀ ਡਿਵਾਈਸ 'ਤੇ ਭਰੋਸੇਯੋਗ ਐਂਟੀਵਾਇਰਸ ਜਾਂ ਐਂਟੀ-ਮੇਲਵੇਅਰ ਸੌਫਟਵੇਅਰ ਹੋ ਸਕਦਾ ਹੈ ਜੋ ਕਿ ਪ੍ਰਦੂਸ਼ਣ ਦਾ ਪਤਾ ਲਗਾ ਸਕਦਾ ਹੈ ਅਤੇ ਉਹਨਾਂ ਨੂੰ ਬਲਾਕ ਕਰ ਸਕਦਾ ਹੈ। ਕਿਸੇ ਅਨਜਾਨ ਵਿਅਕਤੀ ਦੇ ਕਾਲ ਰਿਕਵੇਸਟ 'ਤੇ ਥਰਡ-ਪਾਰਟੀ ਨੂੰ ਡਾਊਨਲੋਡ ਕਰੋ। ਸਿਰਫ਼ ਭਰੋਸੇਯੋਗ ਸਰੋਤਾਂ ਜਾਂ ਵੈੱਬਸਾਈਟਾਂ ਤੋਂ ਹੀ ਡਾਊਨਲੋਡ ਕਰੋ। ਸਬੰਧਤ ਅਧਿਕਾਰੀ ਵੈੱਬਸਾਈਟ ਦੇ ਮਾਧਿਅਮ ਤੋਂ ਸੁਨੇਹਾ/ ਈਮੇਲ ਦੀ ਵੈਧਤਾ ਦੀ ਪੁਸ਼ਟੀ ਕਰੋ। ਧੋਖਾਧੜੀ ਸੰਦਿਗ ?ਧ ਕਾਲ, ਚਿੰਤਾ ਦੀ ਰਿਪੋਰਟ ਚਖੂਠੀ https://sancharsaa.gov.in/ 'ਤੇ ਇਸ ਸੰਚਾਰ ਮਾਧਿਅਮ ਨਾਲ ਮੋਬਾਈਲ ਐਪ ਕੇਕ ਕਰੋ।

# ਡੇਰਾਬੱਸੀ ਪੁਲਿਸ ਵੱਲੋਂ ਗੋਲੀਬਾਰੀ ਮਗਰੋਂ ਲਾਰੈਂਸ ਬਿਸ਼ਨੋਈ ਗਰੋਹ ਦੇ ਦੋ ਗੈਂਗਸਟਰ ਕਾਬੂ



**ਡੇਰਾਬੱਸੀ, 9 ਅਗਸਤ**
**-ਨਿਊਜ਼ਲਾਈਨ ਐਕਸਪ੍ਰੈਸ-**

ਡੇਰਾਬੱਸੀ ਪੁਲੀਸ ਨੇ ਇਥੋਂ ਦੀ ਗੁਲਾਬਗੜ੍ਹ ਰੋਡ 'ਤੇ ਸਥਿਤ ਇਕ ਪੀਜੀ ਵਿੱਚ ਲੁਕ ਕੇ ਰਹਿ ਰਹੇ ਲਾਰੈਂਸ ਬਿਸ਼ਨੋਈ ਗੈਂਗ (Lawrence Bishnoi gang) ਦੇ ਦੋ ਗੈਂਗਸਟਰਾਂ ਨੂੰ ਕਾਬੂ ਕੀਤਾ ਹੈ। ਜਦੋਂ ਪੁਲੀਸ ਗੈਂਗਸਟਰਾਂ ਨੂੰ ਕਾਬੂ ਕਰਨ ਲੱਗੀ ਤਾਂ ਉਨ੍ਹਾਂ ਨੇ ਪੁਲੀਸ ਪਾਰਟੀ ਉਤੇ ਫਾਇਰ ਕਰ ਦਿੱਤਾ। ਇਸ ਦੌਰਾਨ ਜਵਾਬੀ ਕਾਰਵਾਈ ਤਹਿਤ ਪੁਲੀਸ ਦੀ ਫਾਇਰਿੰਗ ਵਿਚ ਇਕ ਗੈਂਗਸਟਰ ਜ਼ਖ਼ਮੀ ਹੋ ਗਿਆ, ਜਿਸ ਦੀ ਪਛਾਣ ਸੁਮੀਤ ਬਿਸ਼ਨੋਈ ਵਾਸੀ ਰਾਜਸਥਾਨ ਵਜੋਂ ਹੋਈ ਹੈ। ਦੂਜੇ ਗੈਂਗਸਟਰ ਦੀ ਸ਼ਨਾਖ਼ਤ ਪੰਕਜ, ਵਾਸੀ ਸੋਨੀਪਤ ਹਰਿਆਣਾ ਦੇ ਰੂਪ ਵਿੱਚ ਹੋਈ ਹੈ। ਮਾਮਲੇ ਦੀ ਜਾਣਕਾਰੀ ਦਿੰਦਿਆਂ ਐੱਸਪੀ (ਡੀ) ਸੌਰਵ ਜਿੰਦਲ ਅਤੇ ਡੀਐਸਪੀ ਬਿਕਰਮਜੀਤ ਸਿੰਘ ਬਰਾੜ ਨੇ ਦੱਸਿਆ ਕਿ ਸੂਚਨਾ ਮਿਲੀ ਸੀ ਕਿ ਗੁਲਾਬਗੜ੍ਹ ਰੋਡ 'ਤੇ ਸਥਿਤ ਇਕ ਪੀਜੀ ਵਿੱਚ ਕੁਝ ਗੈਂਗਸਟਰ ਲੁਕੇ ਹੋਏ ਹਨ। ਜਦ ਉਨ੍ਹਾਂ ਨੇ ਪੀਜੀ ਦੀ ਪਹਿਲੀ ਮੰਜ਼ਿਲ 'ਤੇ ਸਥਿਤ ਕਮਰੇ ਦਾ ਦਰਵਾਜ਼ਾ ਖੜਕਾਇਆ ਤਾਂ ਅੰਦਰ ਲੁਕੇ ਗੈਂਗਸਟਰ ਨੇ ਪੁਲੀਸ ਪਾਰਟੀ ਨੂੰ ਦੇਖ ਕੇ ਫਾਇਰ ਕਰ ਦਿੱਤਾ। ਇਸ ਦੌਰਾਨ ਪੁਲੀਸ ਨੇ ਜਵਾਬੀ ਕਾਰਵਾਈ ਕੀਤੀ ਤਾਂ ਫਾਇਰ ਕਰਨ ਵਾਲਾ ਸੁਮੀਤ ਬਿਸ਼ਨੋਈ ਜ਼ਖ਼ਮੀ ਹੋ ਗਿਆ। ਇਸ ਮਗਰੋਂ ਪੁਲੀਸ ਨੇ ਦੋਵਾਂ ਨੂੰ ਕਾਬੂ ਕਰ ਲਿਆ। ਦੋਸ਼ੀਆਂ ਤੋਂ ਪੁਲੀਸ ਨੇ ਇਕ ਦੇਸੀ ਪਿਸਤੌਲ ਅਤੇ ਚਾਰ ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ।

ਪੁਲੀਸ ਨੇ ਦੱਸਿਆ ਕਿ ਮੁਲਜ਼ਮ ਸੁਮੀਤ ਬਿਸ਼ਨੋਈ ਨੇ ਆਪਣੇ ਦੋ ਹੋਰ ਸਾਥੀਆਂ ਨਾਲ ਰਾਜਸਥਾਨ ਦੇ ਹਨੂੰਮਾਨਗੜ੍ਹ ਵਿੱਚ ਮਹਾਂਵੀਰ ਨਾਂਅ ਦੇ ਇਕ 35 ਸਾਲਾ ਨੌਜਵਾਨ ਦਾ ਕਤਲ ਕਰ ਦਿੱਤਾ ਸੀ। ਰਾਜਸਥਾਨ ਪੁਲੀਸ ਨੇ ਬਾਕੀ ਦੋ ਕਾਤਲਾਂ ਨੂੰ ਕਾਬੂ ਕਰ ਲਿਆ ਸੀ ਜਦਕਿ ਸੁਮੀਤ ਫ਼ਰਾਰ ਚਲ ਰਿਹਾ ਸੀ। ਉਹ 22 ਜੁਲਾਈ ਤੋਂ ਇਥੇ ਪੰਕਜ ਨਾਲ ਲੁਕਿਆ ਹੋਇਆ ਸੀ।

ਉਨ੍ਹਾਂ ਨੇ ਕਿਹਾ ਕਿ ਪੁਲੀਸ ਜਾਂਚ ਕਰ ਰਹੀ ਹੈ ਕਿ ਇਹ ਇਥੇ ਕਿਵੇਂ ਆਏ ਅਤੇ ਇੱਥੇ ਕਿਹੜੀ ਵਾਰਦਾਤ ਨੂੰ ਅੰਜਾਮ ਦੇਣਾ ਚਾਹੁੰਦੇ ਸਨ।

# ਜਨਮ ਦਿਨ 'ਤੇ ਵਿਸ਼ੇਸ਼ ਝਾਤ : ਸ੍ਰੀ ਠਾਕੁਰ ਦਲੀਪ ਸਿੰਘ ਦੁਆਰਾ ਮਹਾਨ ਕ੍ਰਾਂਤੀਕਾਰੀ ਕਾਰਜਾਂ ਦੀ ਪਹਿਲ

ਆਪ ਸਭ ਭਲੀ ਭਾਂਤ ਜਾਣਦੇ ਹੋਵੋਗੇ ਕਿ ਮਹਾਨ ਰਾਸ਼ਟਰਵਾਦੀ ਸੋਚ ਦੇ ਮਾਲਿਕ, ਨਾਮਧਾਰੀ ਪੰਥ ਦੇ ਬਾਨੀ ਸਤਿਗੁਰੂ ਰਾਮ ਸਿੰਘ ਨੇ ਆਜ਼ਾਦੀ ਸੰਗਰਾਮ ਲਈ ਨਾਮਿਲਵਰਤਨ ਲਹਿਰ ਚਲਾ ਕੇ, ਇਸਤਰੀਆਂ ਨੂੰ ਪਹਿਲੀ ਵਾਰ ਅੰਮ੍ਰਿਤ ਦੀ ਦਾਤ ਬਖਸ਼ ਕੇ ਅਤੇ ਸਮਾਜਿਕ ਸੁਧਾਰ ਲਿਆ ਕੇ ਮਹਾਨ ਕ੍ਰਾਂਤੀਕਾਰੀ ਉਪਰਾਲੇ ਕੀਤੇ। ਉਪਰੰਤ ਪੰਥਕ ਏਕਤਾ ਅਤੇ ਗੁਰੂ ਨਾਨਕ ਨਾਮ ਲੇਵਾ ਜਿਹੇ ਉਪਰਾਲੇ ਦੇਸ਼ ਨੂੰ ਅਜਾਦ ਕਰਾਉਣ ਵਿੱਚ ਸਹਾਇਕ ਸਿੱਧ ਹੋਏ। ਅੱਜ ਉਸੇ ਲੜੀ ਅਨੁਸਾਰ ਸਤਿਗੁਰੂ ਰਾਮ ਦੇ ਹੀ ਵੰਸ਼ਜ ਮੌਜੂਦਾ ਨਾਮਧਾਰੀ ਮੁੱਖੀ ਸ੍ਰੀ ਠਾਕੁਰ ਦਲੀਪ ਸਿੰਘ ਭਾਰਤੀ ਸੰਸਕ੍ਰਿਤੀ ਦੇ ਰੱਖਿਅਕ, ਏਕਤਾ ਦੇ ਬਾਨੀ, ਤਿਆਗ ਦੀ ਮੂਰਤ, ਅਤੇ ਬਹੁਪੱਖੀ ਪ੍ਰਤਿਭਾਵਾਂ ਦੇ ਮਾਲਕ ਹਨ। ਉਨ੍ਹਾਂ ਨੇ ਸਮਾਜ ਅਤੇ ਦੇਸ਼ ਦੀ ਭਲਾਈ ਲਈ ਬਹੁਤ ਸਾਰੇ ਮਹਾਨ ਕ੍ਰਾਂਤੀਕਾਰੀ ਕਾਰਜ ਕਰਨ ਦੀ ਪਹਿਲ ਕੀਤੀ ਹੈ। ਜਿਨ੍ਹਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ:

* ਪੰਥਕ ਏਕਤਾ ਦੀ ਖ਼ਾਤਰ, ਉਨ੍ਹਾਂ ਨੇ 2012 ਵਿੱਚ ਗੁਰੂ ਗੱਦੀ ਦਾ ਤਿਆਗ ਕਰਕੇ ਗੁਰੂ ਮਾਤਾ ਚੰਦ ਕੌਰ ਜੀ ਨੂੰ ਗੁਰਗੱਦੀ ਸੌਂਪ ਦਿੱਤੀ, ਜਿਸ ਨਾਲ ਸਿੱਖ ਪੰਥ ਵਿੱਚ ਪਹਿਲੀ ਵਾਰ ਇੱਕ ਇਸਤਰੀ ਨੂੰ ਗੁਰੂ ਹੋਣ ਦਾ ਮਾਣ ਪ੍ਰਾਪਤ ਹੋਇਆ।

ਉਨ੍ਹਾਂ ਨੇ ਪਹਿਲੀ ਵਾਰ 2017 ਵਿੱਚ ਆਪਣੇ ਦੇਸ਼ ਉੱਤੇ ਮਾਣ ਕਰਦੇ ਹੋਏ ਇਸਦਾ ਅਸਲ ਨਾਮ ਭਾਰਤ ਅਪਣਾਉਣ ਅਤੇ ਇੰਡੀਆ ਗੇਟ ਦੀ ਥਾਂ 'ਤੇ ਆਪਣੇ ਦੇਸ਼ ਦਾ ਗੌਰਵ ਚਿੰਨ੍ਹ ਭਾਰਤੀ ਸੁਤੰਤਰਤਾ ਸਮਾਰਕ ਬਣਾਉਣ ਲਈ ਅਵਾਜ ਬੁਲੰਦ ਕੀਤੀ।

ਸਿੱਖ ਧਰਮ ਦੀ ਏਕਤਾ ਅਤੇ ਉੱਨਤੀ ਲਈ, ਆਪ ਜੀ ਨੇ 21 ਅਪ੍ਰੈਲ 2014 ਨੂੰ ਦਿੱਲੀ ਵਿੱਚ ਗੁਰੂ ਨਾਨਕ ਨਾਮ ਲੇਵਾ ਕਾਨਫਰੰਸ ਦਾ ਆਯੋਜਨ ਕੀਤਾ ਅਤੇ ਆਪਸੀ ਸਾਂਝ, ਸਮਾਜ ਅਤੇ ਰਾਸ਼ਟਰ ਦੀ ਤਰੱਕੀ ਲਈ, ਉਨ੍ਹਾਂ ਨੇ 19 ਅਗਸਤ 2016 ਨੂੰ ਚੰਡੀਗੜ੍ਹ ਵਿੱਚ ਹਿੰਦੂ-ਸਿੱਖ ਏਕਤਾ ਕਾਨਫਰੰਸ ਦਾ ਆਯੋਜਨ ਕੀਤਾ। ਇਸ ਤੋਂ ਇਲਾਵਾ, ਉਨ੍ਹਾਂ ਨੇ ਹਿੰਦੂ ਭਰਾਵਾਂ ਨਾਲ ਜਨਮ ਅਸ਼ਟਮੀ, ਰਾਮਨੌਮੀ ਅਤੇ ਸ਼ਿਵਰਾਤਰੀ ਆਦਿ ਤਿਉਹਾਰ ਮਨਾਉਣੇ ਸ਼ੁਰੂ ਕਰਵਾਏ।

ਮਹਾਨ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਵਿਦਵਤਾ ਪੱਖ ਨੂੰ ਉਜਾਗਰ ਕਰਦੇ ਹੋਏ, ਉਨ੍ਹਾਂ ਨੇ ਸਤਿਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ 'ਤੇ ਵਿਦਿਆ ਦਾਤੇ ਦਸ਼ਮੇਸ਼, ਪ੍ਰਗਟੇ ਆਪ ਪਰਮੇਸ਼ ਦਾ ਨਾਅਰਾ ਦਿੱਤਾ ਅਤੇ ਹਰ ਸਾਲ ਪਾਉਂਟਾ ਸਾਹਿਬ ਵਿਖੇ ਕਵੀ ਦਰਬਾਰ ਸ਼ੁਰੂ ਕਰਵਾਇਆ।

ਭਾਰਤੀ ਸੱਭਿਆਚਾਰ ਦੀ ਤਰੱਕੀ ਲਈ, ਆਪ ਜੀ ਨੇ 27 ਮਾਰਚ 2022 ਨੂੰ ਪਹਿਲਾ ਭਾਰਤੀ ਧਰਮ ਏਕਤਾ ਸੰਮੇਲਨ ਦਾ ਆਯੋਜਨ ਕੀਤਾ, ਅਤੇ ਭਾਰਤ ਦੇ ਚਾਰੇ ਮੁੱਖ ਧਰਮਾਂ (ਹਿੰਦੂ, ਸਿੱਖ, ਜੈਨ, ਬੋਧੀ) ਦੇ ਪ੍ਰਤੀਨਿਧੀਆਂ ਨੂੰ ਇੱਕ ਮੰਚ 'ਤੇ ਇਕੱਠਾ ਕੀਤਾ।

26 ਜੂਨ 2022 ਨੂੰ ਬ੍ਰਾਹਮਣਾਂ ਦੀ ਮਹਾਨਤਾ ਦਰਸਾਉਣ ਅਤੇ ਭੁੱਲੇ ਵਿਸਰੇ ਸ਼ਹੀਦਾਂ ਦਾ ਪ੍ਰਚਾਰ ਕਰਨ ਲਈ ਪਹਿਲੇ ਮਹਾਨ ਸਿੱਖ ਯੋਧੇ ਅਤੇ ਸ਼ਹੀਦ ਕੀਰਤ ਭੱਟ ਜੀ ਦੀ ਯਾਦ ਵਿੱਚ 'ਪਹਿਲਾ ਸ਼ਹੀਦੀ ਸਮਾਗਮ' ਦਾ ਆਯੋਜਨ ਕੀਤਾ ਗਿਆ।

ਸਤਿਗੁਰੂ ਦਲੀਪ ਸਿੰਘ ਦੀ ਪ੍ਰੇਰਣਾ ਨਾਲ, ਨਾਮਧਾਰੀ ਸਿੱਖਾਂ ਨੇ ਈਸਾਈ ਧਰਮ ਅਪਣਾ ਚੁੱਕੇ ਹਜ਼ਾਰਾਂ ਪਰਿਵਾਰਾਂ ਨੂੰ ਵਾਪਸ ਲਿਆਂਦਾ ਹੈ ਅਤੇ ਸਤਿਗੁਰੂ ਨਾਨਕ ਦੇਵ ਜੀ ਦੇ ਚਰਨੀਂ ਲਾਇਆ ਹੈ।



ਆਪ ਜੀ ਦੁਆਰਾ ਭਾਰਤ ਦੇ ਕਈ ਰਾਜਾਂ ਵਿੱਚ ਮੁਫਤ ਵਿੱਦਿਆ ਦਾਨ ਕੇਂਦਰਾਂ ਦਾ ਆਯੋਜਨ ਕੀਤਾ ਗਿਆ ਹੈ। ਪੜ੍ਹੇ ਲਿਖੇ ਨਾਮਧਾਰੀ ਸਿੱਖ ਝੁੱਗੀਆਂ-ਝੌਂਪੜੀਆਂ ਵਿੱਚ ਜਾ ਕੇ ਵਿੱਦਿਆ ਦਾਨ ਕਰਨ ਅਤੇ ਲੋੜਵੰਦ ਲੋਕਾਂ ਨੂੰ ਆਤਮ ਨਿਰਭਰ ਬਣਾਉਣ ਲਈ ਤਨਦੇਹੀ ਨਾਲ ਕੰਮ ਕਰ ਰਹੇ ਹਨ।

ਆਪ ਜੀ ਦੀ ਪ੍ਰੇਰਣਾ ਨਾਲ ਨਾਮਧਾਰੀ ਸੰਗਤ ਨੇ ਵਾਤਾਵਰਣ ਨੂੰ ਸਾਫ਼-ਸੁਥਰਾ ਬਣਾਉਣ ਲਈ ਸਰਕਾਰੀ ਹਸਪਤਾਲਾਂ, ਬੱਸ ਸਟੈਂਡਾਂ, ਸਕੂਲਾਂ, ਰੇਲਵੇ ਸਟੇਸ਼ਨਾਂ, ਪਾਰਕਾਂ ਆਦਿ ਜਨਤਕ ਥਾਵਾਂ 'ਤੇ ਰੁੱਖ ਲਗਾਉਣ ਦੇ ਨਾਲ-ਨਾਲ ਸਫਾਈ ਮੁਹਿੰਮਾਂ ਸ਼ੁਰੂ ਕੀਤੀਆਂ ਹਨ ਅਤੇ ਸਤਿਗੁਰੂ ਦਲੀਪ ਸਿੰਘ ਜੀ ਆਪ ਵੀ ਸੰਗਤ ਦੇ ਨਾਲ ਮਿਲ ਕੇ ਸੇਵਾ ਕਰਦੇ ਹਨ।

ਮੌਜੂਦਾ ਸਮੇਂ ਵਿੱਚ ਮਹਿਲਾ ਸਸ਼ਕਤੀਕਰਨ ਲਿਆਉਣ ਲਈ, ਸਤਿਗੁਰੂ ਦਲੀਪ ਸਿੰਘ ਜੀ ਨੇ ਔਰਤਾਂ ਨੂੰ ਧਾਰਮਿਕ ਕੰਮਾਂ ਵਿੱਚ 50% ਰਾਖਵਾਂਕਰਨ ਦੇ ਕੇ ਅਤੇ ਹਰ ਸ਼ੁਭ ਕਾਰਜ ਵਿੱਚ ਭਾਗੀਦਾਰ ਬਣਾ ਕੇ ਉਹਨਾਂ ਦੇ ਸਨਮਾਨ ਵਿੱਚ ਵਾਧਾ ਕੀਤਾ ਹੈ। ਪਹਿਲਾਂ, ਸਾਡੇ ਸਮਾਜ ਵਿੱਚ, ਸਿੱਖ ਧਰਮ ਵਿੱਚ ਅੰਮ੍ਰਿਤ ਤਿਆਰ ਕਰਨਾ, ਲੋਕਾਂ ਨੂੰ ਅੰਮ੍ਰਿਤ ਛਕਾਉਣਾ ਜਿਹੇ ਸ਼ੁਭ ਕੰਮ ਸਿਰਫ਼ ਮਰਦ ਹੀ ਕਰ ਸਕਦੇ ਸਨ। ਸਤਿਗੁਰੂ ਦਲੀਪ ਸਿੰਘ ਜੀ ਦੀ ਆਗਿਆ ਨਾਲ, ਪਹਿਲੀ ਵਾਰ ਦਿੱਲੀ ਵਿੱਚ, 9 ਅਪ੍ਰੈਲ 2017 ਨੂੰ, ਨਾਮਧਾਰੀ ਅੰਮ੍ਰਿਤਧਾਰੀ ਇਸਤਰੀਆਂ ਤੋਂ ਅੰਮ੍ਰਿਤ ਤਿਆਰ ਕਰਵਾ ਕੇ ਉਨ੍ਹਾਂ ਕੋਲੋਂ ਭਾਈਆਂ ਨੂੰ ਵੀ ਅੰਮ੍ਰਿਤ ਛਕਾਉਣ ਦੀ ਇੱਕ ਨਵੀਂ ਕ੍ਰਾਂਤੀਕਾਰੀ ਪਹਿਲ ਕੀਤੀ ਗਈ। ਇਸ ਤੋਂ ਇਲਾਵਾ, ਹਵਨ ਕਰਨ, ਵਿਆਹ ਦੌਰਾਨ ਲਾਵਾਂ ਦਾ ਪਾਠ ਕਰਨ, ਗੁਰਬਾਣੀ ਦੇ ਪਾਠਾਂ ਦੇ ਭੋਗ ਅਤੇ ਵਿਆਹ ਅਤੇ ਅੰਤਿਮ ਸੰਸਕਾਰ ਕਰਨ ਦੀਆਂ ਸਾਰੀਆਂ ਰਸਮਾਂ ਇਸਤਰੀਆਂ ਦੁਆਰਾ ਕਰਵਾਈਆਂ ਗਈਆਂ। ਇੰਨਾ ਹੀ ਨਹੀਂ, ਸਤਿਗੁਰੂ ਦਲੀਪ ਸਿੰਘ ਜੀ ਦੀ ਆਗਿਆ ਨਾਲ, ਨਾਮਧਾਰੀ ਇਸਤਰੀਆਂ ਨੇ ਵੱਡੇ ਸਮਾਗਮਾਂ ਦਾ ਪ੍ਰਬੰਧ ਅਤੇ ਸੰਚਾਲਨ ਕਰਵਾਉਣ ਦੀ ਇੱਕ ਨਵੀਂ ਮਿਸਾਲ ਵੀ ਕਾਇਮ ਕੀਤੀ ਹੈ। 13 ਦਸੰਬਰ 2024 ਨੂੰ, ਰਾਮਲੀਲਾ ਮੈਦਾਨ ਵਿੱਚ, ਨਾਮਧਾਰੀ ਔਰਤਾਂ ਦੁਆਰਾ ਵਿਸ਼ਵ ਸ਼ਾਂਤੀ ਲਈ ਹਵਨ ਕੀਤੇ ਗਏ।

ਪੁਲਿਸ ਕਰਮਚਾਰੀਆਂ ਦੀ ਸ਼ਲਾਘਾ ਕਰਦੇ ਹੋਏ, ਆਪ ਜੀ ਨੇ ਪੁਲਿਸ ਸੇਵਾ ਦੇ ਕੰਮ ਦੀ ਪਹਿਲ ਵੀ ਕੀਤੀ ਹੈ।

ਆਪ ਜੀ ਦੀ ਪ੍ਰੇਰਣਾ ਨਾਲ, ਨਾਮਧਾਰੀ ਸੰਗਤ ਵੱਖ-ਵੱਖ ਥਾਵਾਂ 'ਤੇ ਡਿਊਟੀ 'ਤੇ ਤਾਇਨਾਤ ਪੁਲਿਸ ਕਰਮਚਾਰੀਆਂ ਨੂੰ ਜਲ ਪਾਨ ਛਕਾਉਣ ਦੀ ਸੇਵਾ ਕਰਦੀ ਹੈ।

ਆਪ ਜੀ ਦੀ ਪ੍ਰੇਰਣਾ ਨਾਲ ਸੰਗਤ ਹੁਣ ਆਪਣਾ ਨਵਾਂ ਸਾਲ ਜਨਵਰੀ ਤੋਂ ਨਹੀਂ, ਸਗੋਂ ਵਿਸਾਖੀ ਦੇ ਸ਼ੁਭ ਦਿਹਾੜੇ ਉੱਤੇ ਮਨਾਉਂਦੀ ਹੈ ਅਤੇ ਆਪਣੀ ਭਾਰਤੀ ਸੰਸਕ੍ਰਿਤੀ 'ਤੇ ਮਾਣ ਮਹਿਸੂਸ ਕਰਦੀ ਹੈ।

2015 ਦੇ ਹੋਲ ਮੁਹੱਲੇ ਦੌਰਾਨ, ਆਪ ਜੀ ਨੇ ਸਮਾਜ ਵਿਚੋਂ ਜਾਤ-ਪਾਤ ਨੂੰ ਜੜੋਂ ਮੁਕਾਉਣ ਲਈ ਇੱਕ ਹੋਰ ਨਿਵੇਕਲਾ ਉਪਰਾਲਾ ਕੀਤਾ ਹੈ। ਆਪ ਜੀ ਨੇ ਹਰੀਜਨ ਸਿੱਖਾਂ ਨੂੰ ਸਟੇਜ 'ਤੇ ਬੁਲਾਇਆ ਅਤੇ ਉਨ੍ਹਾਂ ਨੂੰ ਸਨਮਾਨ ਦਿੰਦੇ ਹੋਏ, ਸਾਰਿਆਂ ਨੂੰ ਆਦੇਸ਼ ਦਿੱਤਾ ਕਿ ਅੱਜ ਤੋਂ ਕੋਈ ਵੀ ਉਨ੍ਹਾਂ ਨਾਲ ਵਿਤਕਰਾ ਨਹੀਂ ਕਰੇਗਾ ਅਤੇ ਸਭ ਤੋਂ ਪਹਿਲਾਂ ਆਪ ਜੀ ਨੇ ਆਪ ਉਨ੍ਹਾਂ ਦੇ ਹੱਥੋਂ ਪ੍ਰਸਾਦ ਬਣਵਾ ਕੇ ਛੱਕਿਆ।

ਆਪ ਜੀ ਨੇ ਸਮੁੱਚੀ ਸਿੱਖ ਸੰਗਤ ਨੂੰ ਗੁਰਦੁਆਰਿਆਂ ਉੱਤੇ ਸੋਨਾ, ਪਾਲਕੀ ਉੱਤੇ ਸੋਨਾ, ਮਹਿੰਗੇ ਲੰਗਰਾਂ, ਮਹਿੰਗੇ ਨਗਰ ਕੀਰਤਨ ਦੀ ਥਾਂ ਲੋੜਵੰਦ ਬੱਚੀਆਂ ਨੂੰ ਸਿੱਖਿਆ ਪ੍ਰਦਾਨ ਕਰਨ ਦੀ ਬੇਨਤੀ ਕੀਤੀ ਹੈ। ਆਪ ਜੀ ਨੇ ਸਤਿਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ 'ਤੇ ਸਾਢੇ ਪੰਜ ਲੱਖ ਗਰੀਬ ਕੁੜੀਆਂ ਨੂੰ ਸਿੱਖਿਆ ਦੇਣ ਦਾ ਟੀਚਾ ਰੱਖਿਆ ਹੈ ਜਿਸਨੂੰ ਆਪ ਜੀ ਦੀ ਸੰਗਤ ਦੁਆਰਾ ਬਹੁਤ ਯੋਜਨਾਬੱਧ ਤਰੀਕੇ ਨਾਲ ਅਮਲੀ ਰੂਪ ਦਿੱਤਾ ਜਾ ਰਿਹਾ ਹੈ।

ਆਪ ਜੀ ਦੀ ਕਲਮ ਦਾ ਵੀ ਬਹੁਤ ਕਮਾਲ ਹੈ। ਆਪ ਜੀ ਨੇ ਮਨੁੱਖਤਾ ਦੀ ਭਲਾਈ ਲਈ ਬਹੁਤ ਸਾਰੇ ਲੇਖ ਲਿਖੇ ਹਨ, ਜਿਨ੍ਹਾਂ ਵਿੱਚੋਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਆਏ ਕਾਵਿ ਰਸਾਂ ਦੀ ਵਿਆਖਿਆ, ਨਾਨਕ ਸ਼ਾਇਰ ਏਵ ਕਹਿਤ ਹੈ, ਦਸਮੇਸ਼ ਜੀ ਦੀ ਸਰਵੋਤਮ ਕਾਵਿ ਰਚਨਾ, ਗੁਰਬਾਣੀ ਦਰਸ਼ਨ, ਗੁਰਬਾਣੀ ਅਨੁਸਾਰ ਸਿੱਖ ਕੌਣ ਹੈ, ਸਿੱਖ ਪੰਥ ਨੂੰ ਪ੍ਰਫੁੱਲਤ ਕਰਨ ਦੇ ਉਪਾਅ, ਗੁਰਦੁਆਰਿਆਂ ਅਤੇ ਮੰਦਰਾਂ ਵਿੱਚ ਮੁਫ਼ਤ ਸਿੱਖਿਆ ਕੇਂਦਰ ਖੋਲ੍ਹੇ ਜਾਣੇ ਚਾਹੀਦੇ ਹਨ, ਭਾਰਤੀ ਧਰਮਾਂ, ਭਾਰਤੀ ਭਾਸ਼ਾਵਾਂ ਅਤੇ ਭਾਰਤੀ ਸੱਭਿਆਚਾਰ ਤੋਂ ਬਿਨਾਂ ਭਾਰਤ ਦਾ ਕੋਈ ਵਜੂਦ ਨਹੀਂ ਹੈ, ਭਾਰਤੀ ਧਰਮਾਂ ਨੂੰ ਕਿਵੇਂ ਉੱਚਾ ਚੁੱਕਿਆ ਜਾਵੇ? ਗੁਰਬਾਣੀ ਅਨੁਸਾਰ ਵਾਤਾਵਰਣ ਦੀ ਰੱਖਿਆ, ਗੁਰਬਾਣੀ ਅਨੁਸਾਰ ਰੋਗ ਮੁਕਤ ਕਿਵੇਂ ਹੋਣਾ ਹੈ, ਕਹਿ ਕਬੀਰ ਮੋਹਿ ਬਿਆਹੀ ਚਲੇ ਹੈ ਅਤੇ ਹੋਰ ਬਹੁਤ ਸਾਰੀਆਂ ਰਚਨਾਵਾਂ ਵੀ ਸਮਾਜ ਨੂੰ ਸੇਧ ਦੇ ਰਹੀਆਂ ਹਨ। ਆਪ ਜੀ ਭਾਰਤੀ ਸੱਭਿਆਚਾਰ, ਭਾਰਤੀਅਤਾ, ਭਾਰਤੀ ਭਾਸ਼ਾਵਾਂ ਅਤੇ ਆਯੁਰਵੇਦ ਨੂੰ ਅਪਣਾਉਣ ਅਤੇ ਪ੍ਰਫੁੱਲਤ ਕਰਨ ਲਈ ਯਤਨਸ਼ੀਲ ਹਨ। ਆਪ ਜੀ ਨੇ ਸਮੁੱਚੀ ਕੌਮ ਨੂੰ ਏਕਤਾ ਦੇ ਧਾਗੇ ਵਿੱਚ ਪਿਰੋਣ ਲਈ ਇੱਕ ਵਿਸੇਸ਼ ਨਾਅਰਾ ਦਿੱਤਾ ਹੈ: ਗੁਰੂ ਨਾਨਕ ਦੇ ਸਿੱਖ ਹਾਂ, ਅਸੀਂ ਸਾਰੇ ਇੱਕ ਹਾਂ।

ਪੰਥ ਪਾੜਨਾ ਪਾਪ ਹੈ , ਏਕਤਾ ਵਿੱਚ ਪ੍ਰਤਾਪ ਹੈ।

**ਪ੍ਰਿੰ. ਰਾਜਪਾਲ ਕੌਰ**

# ਤੀਆਂ ਦਾ ਤਿਉਹਾਰ ਮਨਾਇਆ



**ਖਰੜ, 9 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਟੀ.ਡੀ.ਆਈ. ਸਿਟੀ ਵਿਖੇ ਹੋਟਲ 'ਦ ਪਾਰਕ ਗੇਟ' ਵਿੱਚ ਤੀਆਂ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ ਟੀ.ਡੀ.ਆਈ. ਸਿਟੀ ਵਿਖੇ ਸਥਿਤ ਹੋਟਲ 'ਦ ਪਾਰਕ ਗੇਟ' ਵਿੱਚ ਤੀਆਂ ਦਾ ਤਿਉਹਾਰ ਬੜੀ ਉਤਸ਼ਾਹਤਾ, ਰੰਗਾ-ਰੰਗਤਾ ਅਤੇ ਪਰੰਪਰਾਵਾਂ ਨਾਲ ਭਰਪੂਰ ਢੰਗ ਨਾਲ ਮਨਾਇਆ ਗਿਆ। ਇਸ ਵਿਸ਼ੇਸ਼ ਤਿਉਹਾਰਕ ਸਮਾਗਮ ਵਿੱਚ 100 ਤੋਂ ਵੱਧ ਔਰਤਾਂ ਨੇ ਭਾਗ ਲੈ ਕੇ ਤੀਆਂ ਦੀ ਰੌਣਕ ਵਧਾਈ।ਸਮਾਗਮ ਵਿੱਚ ਸਭ ਤੋਂ ਵਧੀਕ ਧਿਆਨ ਖਿੱਚਣ ਵਾਲਾ ਪ੍ਰੋਗਰਾਮ "ਮਿਸ ਤੀਜ 2025"ਮੁਕਾਬਲਾ ਰਿਹਾ।

ਇਸ ਮੁਕਾਬਲੇ ਵਿੱਚ ਖੁਸ਼ੀ ਨੇ 'ਮਿਸ ਤੀਜ' ਦਾ ਤਾਜ ਆਪਣੇ ਨਾਂ ਕੀਤਾ, ਜਦਕਿ ਮਨੀਸ਼ਾ ਰਨਰ-ਅੱਪ ਰਹੀ। ਇਸ ਮੁਕਾਬਲੇ ਦੀ ਨਿਆਇਕ ਮੰਡਲੀ ਵਿੱਚ ਸਾਬਕਾ ਸੌਂਦਰਤਾ ਖਿਤਾਬ ਜੇਤੂਆਂ ਅਤੇ ਪ੍ਰਸਿੱਧ ਹਸਤੀਆਂ ਸ਼ਾਮਲ ਸਨ, ਜਿਨ੍ਹਾਂ ਵਿੱਚ ਮਿਸ ਸ਼ੈਲੀ ਤਨੇਜਾ, ਮਿਸ ਹਰਮਨ ਟਾਂਕ (ਮਿਸ ਨਾਰਥ ਇੰਡੀਆ 2024), ਅਤੇ ਡਾ. ਸ਼ਿਵਾਨੀ ਵਰਮਾ (ਮਿਸ ਪੰਜਾਬ 2017) ਮੌਜੂਦ ਰਹੇ।

# ਪੀਐਮ ਸ਼੍ਰੀ ਜਵਾਹਰ ਨਵੋਦਯ ਵਿਦਿਆਲਯਾ, ਫਲਾਹੀ ਵਿੱਚ 23ਵੀਂ ਖੇਤਰੀ ਐਥਲੈਟਿਕਸ ਮੁਕਾਬਲੇ ਦੀ ਸ਼ੁਰੂਆਤ

**ਹੁਸ਼ਿਆਰਪੁਰ, 9 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

33ਵੀਂ ਖੇਤਰੀ ਪੱਧਰੀ ਐਥਲੈਟਿਕਸ ਮੁਕਾਬਲੇ ਦੀ ਸ਼ਾਨਦਾਰ ਸ਼ੁਰੂਆਤ 5 ਅਗਸਤ 2025 ਨੂੰ ਪੀਐਮ ਸ਼੍ਰੀ ਜਵਾਹਰ ਨਵੋਦਯ ਵਿਦਿਆਲਯਾ, ਫਲਾਹੀ, ਜ਼ਿਲਾ ਹੁਸ਼ਿਆਰਪੁਰ ਵਿੱਚ ਹੋਈ। ਇਹ ਸਮਾਰੋਹ 23ਵੀਂ ਖੇਤਰੀ ਐਥਲੈਟਿਕਸ ਮੁਕਾਬਲੇ ਦੀ ਸ਼ੁਰੂਆਤ ਨੂੰ ਦਰਸਾਉਂਦਾ ਹੈ, ਜਿਸ ਵਿੱਚ ਉੱਤਰ ਖੇਤਰ ਦੇ ਨੌਜਵਾਨ ਖਿਡਾਰੀਆਂ ਨੇ ਖੇਡਾਂ ਦੀ ਸੱਚੀ ਰੂਹ ਤੇ ਸਾਥੀਭਾਵੀ ਹੋਂਦ ਨੂੰ ਉਜਾਗਰ ਕੀਤਾ।

ਇਸ ਸਮਾਗਮ ਦੀ ਮੁੱਖ ਮਹਿਮਾਨ ਸ਼੍ਰੀਮਤੀ ਲਲਿਤਾ ਅਰੋੜਾ, ਜ਼ਿਲਾ ਸਿੱਖਿਆ ਅਧਿਕਾਰੀ, ਹੁਸ਼ਿਆਰਪੁਰ ਸਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਇਮਾਨਦਾਰੀ, ਅਨੁਸ਼ਾਸਨ ਅਤੇ ਟੀਮ ਸਪੀਰਟ ਨਾਲ ਭਾਗ ਲੈਣ ਦੀ ਪ੍ਰੇਰਣਾ ਦਿੱਤੀ ਅਤੇ ਖੇਡਾਂ ਦੇ ਮਹੱਤਵ ਨੂੰ ਰੋਸ਼ਨ ਕੀਤਾ।

ਇਸ ਮੌਕੇ ਮਾਨਯੋਗ ਮਹਿਮਾਨਾਂ ਵਿੱਚ ਸ਼੍ਰੀ ਐਸ. ਕੇ. ਪੌਂਬਰਾ (ਸਾਬਕਾ ਹੈੱਡ CSR, ਸੋਨਾਲੀਕਾ ਇੰਟਰਨੈਸ਼ਨਲ ਟਰੈਕਟਰਜ਼ ਲਿਮਟਿਡ), ਸ਼੍ਰੀਮਤੀ ਮ੍ਰਿਦੁਲਾ ਸ਼ਰਮਾ (ਪ੍ਰਿੰਸਿਪਲ, GSSS ਫਲਾਹੀ) ਅਤੇ ਸ਼੍ਰੀਮਤੀ ਲਖਬੀਰ ਕੌਰ (ਸਰਪੰਚ, ਪਿੰਡ ਫਲਾਹੀ) ਸ਼ਾਮਲ ਸਨ।

ਮੁਕਾਬਲੇ ਦੀ ਮੇਜ਼ਬਾਨ ਸਕੂਲ ਦੀ ਪ੍ਰਿੰਸਿਪਲ ਸ਼੍ਰੀਮਤੀ ਰੰਜੂ ਦੁੱਗਲ ਨੇ ਸਾਰੇ ਮਹਿਮਾਨਾਂ, ਖਿਡਾਰੀਆਂ ਅਤੇ ਅਧਿਕਾਰੀਆਂ ਦਾ ਸਵਾਗਤ ਕੀਤਾ।

ਇਸ ਮੁਕਾਬਲੇ ਵਿੱਚ ਚਾਰ ਕਲਸਟਰਾਂ — PB-A, PB-B (ਪੰਜਾਬ), JK-A, JK-B (ਜੰਮੂ-ਕਸ਼ਮੀਰ), ਅਤੇ 8♦ (ਹਿਮਾਚਲ ਪ੍ਰਦੇਸ਼) ਦੇ ਕੁੱਲ 212 ਖਿਡਾਰੀ (115 ਮੁੰਡੇ ਅਤੇ 97 ਕੁੜੀਆਂ) ਭਾਗ ਲੈ ਰਹੇ ਹਨ।

ਇਸ ਮੌਕੇ ਵਾਈਸ ਪ੍ਰਿੰਸਿਪਲ ਸਰੀਮਤੀ ਸੰਤੋਸ਼ ਨੇਗੀ, ਸਾਰੇ ਅਧਿਆਪਕ, ਸਾਥੀ ਅਧਿਆਪਕ ਅਤੇ ਵਿਦਿਆਰਥੀਆਂ ਦੀ ਭਾਰੀ ਹਾਜ਼ਰੀ ਰਹੀ।

# 1.27 ਕਰੋੜ ਲਾਭਪਾਤਰੀਆਂ ਦੀ ਈ-ਕੇਵਾਈਸੀ ਪ੍ਰਕਿਰਿਆ ਮੁਕੰਮਲ; ਮਾਨਸਾ, ਸ੍ਰੀ ਫਤਿਹਗੜ੍ਹ ਸਾਹਿਬ ਅਤੇ ਪਟਿਆਲਾ 3 ਮੋਹਰੀ ਜ਼ਿਲਿਆਂ ਵਿੱਚ ਸ਼ਾਮਲ

## ਖੁਰਾਕ, ਸਿਵਲ ਸਪਲਾਈ ਅਤੇ ਖ਼ਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਝੋਨੇ ਦੇ ਖ਼ਰੀਦ ਸੀਜ਼ਨ ਸਬੰਧੀ ਤਿਆਰੀਆਂ ਦਾ ਲਿਆ ਜਾਇਜ਼ਾ

**ਚੰਡੀਗੜ੍ਹ, 9 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿੱਚ ਈ-ਕੇਵਾਈਸੀ ਪ੍ਰਕਿਰਿਆ ਵਿੱਚ ਨਿਯਮਿਤ ਤੌਰ ਤੇ ਤੇਜ਼ੀ ਦੇਖਣ ਨੂੰ ਮਿਲ ਰਹੀ ਹੈ ਅਤੇ ਹੁਣ ਤੱਕ 1,27, 84000 (1.27 ਕਰੋੜ) ਲਾਭਪਾਤਰੀਆਂ ਲਈ ਪ੍ਰਕਿਰਿਆ ਮੁਕੰਮਲ ਹੋ ਚੁੱਕੀ ਹੈ। ਇਸ ਸਬੰਧ ਵਿੱਚ ਮਾਨਸਾ, ਸ੍ਰੀ ਫਤਿਹਗੜ੍ਹ ਸਾਹਿਬ ਅਤੇ ਪਟਿਆਲਾ ਜ਼ਿਲ੍ਹੇ ਕ੍ਰਮਵਾਰ ਸਿਖ਼ਰਲੇ 3 ਸਥਾਨਾਂ 'ਤੇ ਹਨ।

ਅੱਜ ਇੱਥੇ ਅਨਾਜ ਭਵਨ ਵਿਖੇ ਹੋਈ ਸਮੀਖਿਆ ਮੀਟਿੰਗ ਵਿੱਚ, ਖੁਰਾਕ, ਸਿਵਲ ਸਪਲਾਈ ਅਤੇ ਖ਼ਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੂੰ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨੇ ਈ-ਕੇਵਾਈਸੀ ਪ੍ਰਕਿਰਿਆ ਸੰਬੰਧੀ ਨਵੀਨਤਮ ਸਥਿਤੀ ਤੋਂ ਜਾਣੂ ਕਰਵਾਇਆ।

ਜ਼ਿਕਰਯੋਗ ਹੈ ਕਿ ਈ-ਕੇਵਾਈਸੀ ਇੱਕ ਡਿਜੀਟਲ ਵਿਧੀ ਹੈ, ਜੋ ਲਾਭਪਾਤਰੀ ਦੀ ਪਛਾਣ ਅਤੇ ਸਿਰਨਾਵੇਂ ਦੀ ਪੁਸ਼ਟੀ ਕਰਦੀ ਹੈ , ਜੋ ਮੁੱਖ ਤੌਰ 'ਤੇ ਆਧਾਰ ਕਾਰਡ ਨੰਬਰ ਅਤੇ ਪ੍ਰਮਾਣਿਕਤਾ ਲਈ ਬਾਇਓਮੈਟ੍ਰਿਕਸ ਦੀ ਵਰਤੋਂ ਕਰਦੀ ਹੈ। ਯੋਗ ਲਾਭਪਾਤਰੀਆਂ ਨੂੰ ਕਣਕ ਜਨਤਕ ਵੰਡ ਪ੍ਰਣਾਲੀ (ਪੀਡੀਐਸ) ਅਧੀਨ 2 ਸ਼ ?ਰੇਣੀਆਂ ਵਿੱਚ ਵੰਡਿਆ ਗਿਆ ਹੈ। ਅੰਤੋਦਿਆ ਅੰਨ ਯੋਜਨਾ (ਏ.ਏ.ਵਾਈ.) ਅਧੀਨ, ਪ੍ਰਤੀ ਪਰਿਵਾਰ ਅਤੇ ਪ੍ਰਤੀ ਮਹੀਨਾ 35 ਕਿਲੋ ਕਣਕ ਦਿੱਤੀ ਜਾਂਦੀ ਹੈ, ਜਦਕਿ ਪ੍ਰਾਇਆਰਿਟੀ ਹਾਊਸਹੋਲਡ (ਪੀ.ਐਚ.ਐਚ.) ਸ਼ ?ਰੇਣੀ ਅਧੀਨ, ਰਾਸ਼ਟਰੀ ਖੁਰਾਕ ਸੁਰੱਖਿਆ ਐਕਟ (ਐਨਐਫਐਸਏ), 2013 ਅਧੀਨ ਪ੍ਰਤੀ ਵਿਅਕਤੀ ਪ੍ਰਤੀ ਮਹੀਨਾ 5 ਕਿਲੋ ਕਣਕ ਮੁਫਤ ਦਿੱਤੀ ਜਾਂਦੀ ਹੈ।



ਝੋਨੇ ਦੇ ਆਗਾਮੀ ਖਰੀਦ ਸੀਜ਼ਨ 2025-26 ਦੀਆਂ ਤਿਆਰੀਆਂ ਸਬੰਧੀ ਤਰਪਾਲਾਂ ਖਰੀਦ ਬਾਰੇ ਮੰਤਰੀ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਪਨਗ੍ਰੇਨ, ਜੋ ਕਿ ਤਰਪਾਲਾਂ ਦੀ ਖਰੀਦ ਲਈ ਨੋਡਲ ਏਜੰਸੀ ਹੈ, ਨੇ ਸਾਰੀਆਂ ਰਾਜ ਖਰੀਦ ਏਜੰਸੀਆਂ ਵੱਲੋਂ 47500 ਐਲਡੀਪੀਈ ਪੌਲੀਥੀਨ ਤਰਪਾਲਾਂ ਦੀ ਖਰੀਦ ਲਈ ਇੱਕ ਈ-ਟੈਂਡਰ ਜਾਰੀ ਕੀਤਾ ਹੈ।

ਇਸ ਤੋਂ ਇਲਾਵਾ ਵਿਭਾਗ ਕੋਲ ਪਹਿਲਾਂ ਹੀ ਪਿਛਲੇ ਸਾਲ ਦੀਆਂ 95000 ਤਰਪਾਲਾਂ ਹਨ।

ਮੰਤਰੀ ਨੇ ਭਾਰਤ ਸਰਕਾਰ ਵੱਲੋਂ ਅਲਾਟ ਕੀਤੇ ਗਏ 46 ਲੱਖ ਮੀਟਰਕ ਟਨ ਕਵਰਡ ਗੋਦਾਮਾਂ ਦੇ ਨਿਰਮਾਣ ਦੀ ਪ੍ਰਗਤੀ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਵਿਭਾਗ ਨੂੰ ਨਿਰਦੇਸ਼ ਦਿੱਤੇ ਕਿ ਉਹ ਬੋਲੀਕਾਰ 'ਤੇ 3.75 ਲੱਖ ਮੀਟਰਕ ਟਨ ਦੇ ਕਵਰਡ ਗੋਦਾਮਾਂ ਦੀ ਉਸਾਰੀ ਨੂੰ ਪੂਰਾ ਕਰਨ ਲਈ ਦਬਾਅ ਪਾਇਆ ਜਾਵੇ, ਜਿਸ ਲਈ ਲੈਟਰ ਆਫ਼ ਐਵਾਰਡ ਪਹਿਲਾਂ ਹੀ ਜਾਰੀ ਕੀਤਾ ਜਾ ਚੁੱਕਾ ਹੈ ਅਤੇ 9.55 ਲੱਖ ਮੀਟਰਕ ਟਨ ਸਮਰੱਥਾ ਵਾਲੇ ਕਵਰਡ ਗੋਦਾਮਾਂ ਨੂੰ ਉਪਲਬਧ ਕਰਨ ਸਬੰਧੀ ਪ੍ਰਕਿਰਿਆਵਾਂ ਨੂੰ ਜਲਦ ਤੋਂ ਜਲਦ ਪੂਰਾ ਕਰਨ ਦੇ ਨਿਰਦੇਸ਼ ਵੀ ਦਿੱਤੇ।

ਉਨ੍ਹਾਂ ਵਿਭਾਗ ਨੂੰ ਇਹ ਵੀ ਹਦਾਇਤ ਕੀਤੀ ਕਿ ਬਾਕੀ ਰਹਿੰਦੇ 32.70 ਲੱਖ ਮੀਟਰਕ ਟਨ ਸਮਰੱਥਾ ਵਾਲੇ ਕਵਰਡ ਗੋਦਾਮਾਂ ਦੀ ਟੈਂਡਰਿੰਗ ਪ੍ਰਕਿਰਿਆ ਜਲਦ ਪੂਰੀ ਕੀਤੀ ਜਾਵੇ ਤਾਂ ਜੋ ਆਗਾਮੀ ਝੋਨਾ ਖਰੀਦ ਸੀਜ਼ਨ 2025-26 ਦੌਰਾਨ ਚੌਲਾਂ ਦੇ ਭੰਡਾਰਨ ਲਈ ਵੱਧ ਤੋਂ ਵੱਧ ਜਗ ?ਹਾ ਉਪਲਬਧ ਕਰਵਾਈ ਜਾ ਸਕੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਦੇ ਪ੍ਰਮੁੱਖ ਸਕੱਤਰ ਰਾਹੁਲ ਤਿਵਾੜੀ, ਡਾਇਰੈਕਟਰ ਵਰਿੰਦਰ ਕੁਮਾਰ ਸ਼ਰਮਾ, ਵਧੀਕ ਸਕੱਤਰ ਪਨਗ੍ਰੇਨ ਕਮਲ ਕੁਮਾਰ ਗਰਗ ਅਤੇ ਵਧੀਕ ਡਾਇਰੈਕਟਰ ਡਾ. ਅੰਜੁਮਨ ਭਾਸਕਰ ਦੇ ਨਾਲ ਜੀਐਮ (ਵਿੱਤ) ਸਰਵੇਸ਼ ਕੁਮਾਰ ਸ਼ਰਮਾ ਵੀ ਮੌਜੂਦ ਸਨ।

# ਨਵਜੰਮੇ ਬੱਚੇ ਦਾ ਕਰਵਾਇਆ ਇਲਾਜ਼



**ਬਠਿੰਡਾ, 9 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਬੀਤੇ ਦਿਨੀਂ ਪਿੰਡ ਜੀਵਨ ਸਿੰਘ ਵਾਲਾ ਤੋਂ ਲਵਾਰਿਸ ਹਾਲਤ ਵਿੱਚ ਮਿਲੇ ਇੱਕ ਨਵਜੰਮੇ ਬੱਚੇ (ਲੜਕਾ) ਨੂੰ ਤੁਰੰਤ ਕਾਰਵਾਈ ਕਰਦੇ ਹੋਏ ਉਕਤ ਬੱਚੇ ਨੂੰ ਮੈਡੀਕਲ ਜਾਂਚ ਲਈ ਸਰਕਾਰੀ ਹਸਪਤਾਲ ਬਠਿੰਡਾ ਦੇ ਚਿਲਡਰਨ ਵਾਰਡ ਵਿੱਚ ਭਰਤੀ ਕਰਵਾਇਆ ਗਿਆ ਸੀ ਅਤੇ ਐਫ.ਆਈ.ਆਰ ਨੰ 0178 ਮਿਤੀ 27 ਜੁਲਾਈ 2025 ਪੀ.ਐਸ ਥਾਣਾ ਤਲਵੰਡੀ ਸਾਬੋ ਵਿਖੇ ਦਰਜ ਕੀਤੀ ਗਈ। ਇਹ ਜਾਣਕਾਰੀ ਜਿਲ੍ਹਾ ਬਾਲ ਸੁਰੱਖਿਆ ਅਫਸਰ ਮੈਡਮ ਰਵਨੀਤ ਕੌਰ ਸਿੱਧੂ ਨੇ ਦਿੱਤੀ।

ਇਸ ਸਬੰਧੀ ਜਿਲ੍ਹਾ ਬਾਲ ਸੁਰੱਖਿਆ ਅਫਸਰ ਮੈਡਮ ਰਵਨੀਤ ਕੌਰ ਸਿੱਧੂ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਸਿਵਲ ਹਸਪਤਾਲ ਬਠਿੰਡਾ ਵਿੱਚ ਜਾਂਚ ਕਰ ਰਹੇ ਡਾਕਟਰਾਂ ਵੱਲੋਂ ਜਾਣੂ ਕਰਵਾਇਆ ਗਿਆ ਕਿ ਬੱਚੇ ਦੀ ਹਾਲਤ ਨਾਜ਼ੁਕ ਹੈ, ਜਿਸ ਤਹਿਤ ਬੱਚੇ ਨੂੰ ਅਗਲੇਰੇ ਇਲਾਜ਼ ਲਈ ਏਮਜ਼ ਵਿਖੇ ਭਰਤੀ ਕਰਵਾਇਆ ਗਿਆ, ਜਿੱਥੇ ਬੱਚੇ ਦਾ ਇਲਾਜ ਚਲਦਾ ਰਿਹਾ। ਬੱਚਾ ਵਿਭਾਗ ਦੇ ਡਾਕਟਰਾਂ ਵੱਲੋਂ ਬਹੁਤ ਹੀ ਸੰਜੀਦਗੀ ਨਾਲ ਕੀਤੇ ਇਲਾਜ ਸਦਕਾ ਬੱਚਾ ਬਿਲਕੁਲ ਠੀਕ ਹੈ ਅਤੇ ਬੱਚੇ ਨੂੰ ਅੱਜ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ।

ਜਿਲ੍ਹਾ ਬਾਲ ਸੁਰੱਖਿਆ ਅਫਸਰ ਵੱਲੋਂ ਏਮਜ਼ ਹਸਪਤਾਲ ਦੇ ਡਾਕਟਰ ਅਤੇ ਮੈਨੇਜਮੈਂਟ ਦਾ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਬੱਚੇ ਨੂੰ ਅਗਲੇ ਹੁਕਮਾਂ ਤੱਕ ਰੈਡ ਕਰਾਸ (ਸਪੈਸ਼ਲਾਈਜ਼ਡ ਅਡਾਪਸ਼ਨ ਏਜੰਸੀ) ਨਥਾਣਾ ਵਿਖੇ ਸ਼ਿਫਟ ਕਰ ਦਿੱਤਾ ਗਿਆ ਅਤੇ ਅਗਲੇਰੀ ਕਾਰਵਾਈ ਜੁਵੇਨਾਇਲ ਜਸਟਿਸ ਐਕਟ ਦੇ ਅਨੁਸਾਰ ਕੀਤੀ ਜਾਵੇਗੀ।

# ਟਰਾਈਡੈਂਟ ਗਰੁੱਪ ਦੁਆਰਾ ਨਿਰਮਿਤ ਮੈਂਬਰ ਮਾਰਕ ਲਗਜ਼ਰੀ ਟਾਵਲ ਨੂੰ ਗੁੱਡ ਹਾਊਸਕੀਪਿੰਗ 2025 ਬਾਥ ਅਵਾਰਡਸ ਵਿੱਚ ਪ੍ਰਤਿਸ਼ਠਾਵਾਨ ਮਾਨਤਾ ਹੋਈ ਪ੍ਰਾਪਤ

**ਬਰਨਾਲਾ, 9 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਟਰਾਈਡੈਂਟ ਗਰੁੱਪ ਦੁਆਰਾ ਅਮਰੀਕਾ ਦੇ ਸੈਮਸ ਕਲੱਬ ਲਈ ਨਿਰਮਿਤ ਮੈਂਬਰਸ ਮਾਰਕ ਹੋਟਲ ਪ੍ਰੀਮੀਅਰ ਲਗਜ਼ਰੀ ਬਾਥ ਟਾਵਲ ਨੂੰ ਵੱਕਾਰੀ ਉਪਭੋਗਤਾ ਮੀਡੀਆ ਬ੍ਰਾਂਡ ਗੁੱਡ ਹਾਊਸਕੀਪਿੰਗ 2025 ਬਾਥ ਅਵਾਰਡ, ਦੁਆਰਾ 2025 ਬਾਥ ਅਵਾਰਡਾਂ ਦਾ ਜੇਤੂ ਨਾਮਜ਼ਦ ਕੀਤਾ ਗਿਆ ਹੈ। ਇਹ ਸਨਮਾਨ ਉਤਪਾਦ ਦੀ ਸ਼ਾਨਦਾਰ ਗੁਣਵੱਤਾ ਅਤੇ ਮੁੱਲ ਦੋਵਾਂ ਲਈ ਦਿੱਤਾ ਗਿਆ ਹੈ।

ਬਾਥ ਟਾਵਲ ਦੀ ਗੁੱਡ ਹਾਊਸਕੀਪਿੰਗ ਦੇ ਮਾਹਰ ਟੈਸਟਿੰਗ ਪੈਨਲ ਦੁਆਰਾ ਪ੍ਰਸ਼ੰਸਾ ਕੀਤੀ ਗਈ, ਵਿਸ਼ੇਸ਼ ਤੌਰ 'ਤੇ ਇਸ ਦੀ ਬੇਮਿਸਾਲ ਕੋਮਲਤਾ, ਤੇਜ਼ ਸੁਕਾਉਣ ਦੀ ਸਮਰੱਥਾ, ਧੋਣਯੋਗਤਾ, ਉੱਚ ਸੋਖਣਯੋਗਤਾ, ਟਿਕਾਊਤਾ ਅਤੇ ਕਿਫਾਇਤੀ ਕੀਮਤ ਲਈ ਇਸ ਨੂੰ ਉਚ ਆਂਕ ?ਯ ਗਯਾ ਹੇ । ਗੁੱਡ ਹਾਊਸਕੀਪਿੰਗ ਖਪਤਕਾਰ ਉਤਪਾਦਾਂ ਦੇ ਭਰੋਸੇਯੋਗ ਸਮੀਖਿਆਵਾਂ ਅਤੇ ਪ੍ਰਯੋਗਸ਼ਾਲਾ ਟੈਸਟਾਂ ਲਈ ਅਮਰੀਕਾ ਵਿੱਚ ਮੋਹਰੀ ਹੈ। ਇਸਦੇ ਸਾਲਾਨਾ ਬਾਥ ਅਵਾਰਡ ਉਦਯੋਗ ਦੇ ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਵਾਲੇ ਉਤਪਾਦਾਂ ਨੂੰ ਮਾਨਤਾ ਦਿੰਦੇ ਹਨ।

ਇਹ ਪ੍ਰਾਪਤੀ ਸੈਮਸ ਕਲੱਬ ਅਤੇ ਟਰਾਈਡੈਂਟ ਗਰੁੱਪ ਵਿਚਕਾਰ ਸਫਲ ਅਤੇ ਲੰਬੇ ਸਮੇਂ ਦੇ ਸਹਿਯੋਗ ਨੂੰ ਦਰਸਾਉਂਦੀ ਹੈ - ਜੋ ਕਿ ਗੁਣਵੱਤਾ, ਨਵੀਨਤਾ ਅਤੇ ਆਪਣੇ ਖਪਤਕਾਰਾਂ ਨੂੰ ਉਚਿਤ ਕੀਮਤ 'ਤੇ ਪ੍ਰੀਮੀਅਮ ਉਤਪਾਦ ਪ੍ਰਦਾਨ ਕਰਨ ਵਰਗੇ ਸਾਂਝੇ ਮੁੱਲਾਂ 'ਤੇ ਅਧਾਰਤ ਹੈ। ਟਰਾਈਡੈਂਟ ਗਰੁੱਪ, ਘਰੇਲੂ ਕੱਪੜਿਆਂ ਦਾ ਇੱਕ ਪ੍ਰਮੁੱਖ ਵਿਸ਼ਵਵਿਆਪੀ ਨਿਰਮਾਤਾ ਹੈ ਜੋ ਦੁਨੀਆ ਭਰ ਦੇ ਪ੍ਰਮੁੱਖ ਪ੍ਰਚੂਨ ਵਿਕਰੇਤਾਵਾਂ ਨੂੰ ਲੰਬਕਾਰੀ ਤੌਰ 'ਤੇ ਏਕੀਕ੍ਰਿਤ, ਸਥਿਰਤਾ-ਕੇਂਦ੍ਰਿਤ ਕਾਰਜਾਂ ਰਾਹੀਂ ਸਮਰਥਨ ਦੇਣਾ ਜਾਰੀ ਰੱਖਦਾ ਹੈ ਜੋ ਨਵੀਨਤਾ, ਕਾਰੀਗਰੀ ਅਤੇ ਜ਼ਿੰਮੇਵਾਰ ਉਤਪਾਦਨ 'ਤੇ ਜ਼ੋਰ ਦਿੰਦੇ ਹਨ। ਇਹ ਪ੍ਰਾਪਤੀ ਦਰਸਾਉਂਦੀ ਹੈ ਕਿ ਉੱਤਮਤਾ ਅਤੇ ਵੱਡੇ ਪੱਧਰ 'ਤੇ ਉਤਪਾਦਨ ਖਪਤਕਾਰਾਂ ਨੂੰ ਵਧੀਆ ਮੁੱਲ ਅਤੇ ਅਨੁਭਵ ਪ੍ਰਦਾਨ ਕਰਨ ਲਈ ਕਿਵੇਂ ਜੋੜ ਸਕਦੇ ਹਨ।

ਟਰਾਈਡੈਂਟ ਲਿਮਿਟੇਡ, ਟ ?ਰਾਈਡੈਂਟ ਗਰੁੱਪ ਦੀ ਪ੍ਰਮੁੱਖ ਕੰਪਨੀ ਹੈਜੋ ਇੱਕ ਭਾਰਤੀ ਬਿਜ਼ਨਸ ਗਰੁੱਪ ਅਤੇ ਗਲੋਬਲ ਕੰਪਨੀ ਹੈ। ਲੁਧਿਆਣਾਪੰਜਾਬ ਦੇ ਮੁੱਖ ਦਫ਼ਤਰ ਵਾਲੀ ਟ ?ਰਾਈਡੈਂਟ ਲਿਮਿਟੇਡ ਇੱਕ ਵਰਟੀਕਲੀ ਇੰਟੀਗ੍ਰੇਟਡ ਟੈਕਸਟਾਈਲ (ਯਾਰਨਬਾਥ ਅਤੇ ਬੈੱਡ ਲਿਨਨ) ਪੇਪਰ (ਕਣਕ ਦੀ ਪਰਾਲੀ ਤੇ ਅਧਾਰਿਤ) ਅਤੇ ਕੈਮੀਕਲ ਨਿਰਮਾਤਾ ਹੈ। ਟ ?ਰਾਈਡੈਂਟ ਦੇ ਯਾਰਨਬਾਥ ਅਤੇ ਬੈੱਡ ਲਿਨਨ ਅਤੇ ਪੇਪਰ ਬਿਜ਼ਨਸ ਨੇ ਗਲੋਬਲ ਮਾਨਤਾ ਪ੍ਰਾਪਤ ਕੀਤੀ ਹੈ ਅਤੇ ਭਾਰਤ ਅਤੇ ਦੁਨੀਆਂ ਭਰ ਵਿੱਚ ਲੱਖਾਂ ਗਾਹਕਾਂ ਨੂੰ ਖੁਸ਼ ਕਰ ਰਹੇ ਹਨ।

ਟਰਾਈਡੈਂਟ ਭਾਰਤ ਵਿੱਚ ਹੋਮ ਟੈਕਸਟਾਈਲ ਦੇ ਸਭ ਤੋਂ ਵੱਡੇ ਨਿਰਮਾਤਾਵਾਂ ਵਿੱਚੋਂ ਇੱਕ ਹੈ। ਨੈਸ਼ਨਲ ਕੈਪੀਟਵ ਅਤੇ ਰਿਟੇਲਰ-ਓੱਡ ਬ੍ਰਾਂਡਸ ਦੀ ਸਪਲਾਈ ਕਰਨ ਵਾਲਾ ਇਹ ਸੰਗਠਨ ਆਪਣੇ ਗਾਹਕਾਂ , ਵਿਕਰੇਤਾਵਾਂ ਅਤੇ ਵੱਖ-ਵੱਖ ਸਰਕਾਰੀ ਸੰਸਥਾਵਾਂ ਤੋਂ ਉਤਪਾਦ ਦੀ ਗੁਣਵੱਤਾ ਸਮਾਜਿਕ ਜ਼ਿੰਮੇਵਾਰੀ ਅਤੇ ਵਾਤਾਵਰਣ ਸੁਰੱਖਿਆ ਵਿੱਚ ਉੱਚੇ ਮਿਆਰਾਂ ਨੂੰ ਅੱਗੇ ਵਧਾਉਣ ਲਈ ਲਗਾਤਾਰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਅਵਾਰਡਜ਼ ਪ੍ਰਾਪਤ ਕਰ ਰਹੀ ਹੈ।

ਕੰਪਨੀ ਤਿੰਨ ਪ੍ਰਮੁੱਖ ਬਿਜ਼ਨਸ ਸੇਗਮੈਂਟਸ ਵਿੱਚ ਕੰਮ ਕਰਦੀ ਹੈ: ਟੈਕਸਟਾਈਲ (ਯਾਰਨ,ਬਾਥ ਅਤੇ ਬੈੱਡ ਲਿਨਨ) ਕਾਗਜ਼ (ਕਣਕ ਦੀ ਪਰਾਲੀ 'ਤੇ ਅਧਾਰਿਤ) ਅਤੇ ਕੈਮੀਕਲ ਜਿਸਦੀ ਮੈਨਿਊਫੈਕਚਰਿੰਗ ਸੁਵਿਧਾਵਾਂ ਪੰਜਾਬ ਅਤੇ ਮੱਧ ਪ੍ਰਦੇਸ਼ ਵਿੱਚ ਹੈ।

# ਸਹਿਕਾਰੀ ਬੈਂਕਾਂ ਨੂੰ ਫਿਨੇਕਲ 10 ਕੋਰ ਵਿੱਚ ਅਪਗ੍ਰੇਡ ਕਰਨ ਵਾਲਾ ਭਾਰਤ ਦਾ ਪਹਿਲਾ ਸੂਬਾ ਬਣਿਆ ਪੰਜਾਬ

**ਚੰਡੀਗੜ੍ਹ, 9 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਹਿਕਾਰੀ ਬੈਂਕਿੰਗ ਖੇਤਰ ਦੀ ਤਕਨੀਕੀ ਤਰੱਕੀ ਵੱਲ ਇੱਕ ਵੱਡਾ ਕਦਮ ਚੁੱਕਦਿਆਂ ਐਸ.ਏ.ਐਸ. ਨਗਰ ਕੇਂਦਰੀ ਸਹਿਕਾਰੀ ਬੈਂਕ ਅਤੇ ਰੋਪੜ ਕੇਂਦਰੀ ਸਹਿਕਾਰੀ ਬੈਂਕ ਨੇ ਆਪਣੇ ਕੋਰ ਬੈਂਕਿੰਗ ਸਲਿਊਸ਼ਨ (ਸੀ.ਬੀ.ਐਸ.) ਨੂੰ ਫਿਨੇਕਲ 7 ਤੋਂ ਫਿਨੇਕਲ 10 ਵਿੱਚ ਸਫਲਤਾਪੂਰਵਕ ਅਪਗ੍ਰੇਡ ਕੀਤਾ ਹੈ। ਨਾਬਾਰਡ ਦੀ ਮੱਦਦ ਨਾਲ ਹਾਸਲ ਕੀਤੀ ਇਸ ਪ੍ਰਾਪਤੀ ਦੇ ਨਾਲ ਪੰਜਾਬ ਆਪਣੇ ਸਹਿਕਾਰੀ ਬੈਂਕਿੰਗ ਨੈੱਟਵਰਕ ਵਿੱਚ ਇਸ ਮਹੱਤਵਪੂਰਨ ਡਿਜੀਟਲ ਤਬਦੀਲੀ ਨੂੰ ਸ਼ੁਰੂ ਕਰਨ ਅਤੇ ਮੁਕੰਮਲ ਕਰਨ ਵਾਲਾ ਭਾਰਤ ਦਾ ਪਹਿਲਾ ਸੂਬਾ ਬਣ ਗਿਆ ਹੈ।

ਇਹ ਮੀਲ ਪੱਥਰ ਸਹਿਕਾਰੀ ਬੈਂਕਾਂ ਦੇ ਆਧੁਨਿਕੀਕਰਨ, ਜ਼ਮੀਨੀ ਪੱਧਰ 'ਤੇ ਤੇਜ਼, ਸੁਰੱਖਿਅਤ ਅਤੇ ਵਧੇਰੇ ਗਾਹਕ-ਅਨੁਕੂਲ ਬੈਂਕਿੰਗ ਸੇਵਾਵਾਂ ਨੂੰ ਯਕੀਨੀ ਬਣਾਉਣ ਪ੍ਰਤੀ ਰਾਜ ਦੀ ਵਧਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਇਹ ਤਰੱਕੀ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਪ੍ਰਾਪਤ ਕੀਤੀ ਗਈ ਹੈ, ਜਿਨ੍ਹਾਂ ਦੇ ਡਿਜੀਟਲ ਪਰਿਵਰਤਨ ਅਤੇ ਪੇਂਡੂ ਸਸ਼ਕਤੀਕਰਨ 'ਤੇ ਧਿਆਨ ਕੇਂਦਰਿਤ ਕਰਨ ਸਦਕਾ ਅਜਿਹੇ ਸੁਧਾਰਾਂ ਲਈ ਲੋੜੀਂਦੀ ਦਿਸ਼ਾ ਅਤੇ ਸਹਾਇਤਾ ਪ੍ਰਾਪਤ ਹੋਈ ।

ਇਹ ਸਫਲ ਤਬਦੀਲੀ ਸਹਿਕਾਰਤਾ ਦੇ ਵਿੱਤ ਕਮਿਸ਼ਨਰ ਅਲੋਕ ਸ਼ੇਖਰ ਦੀ ਰਣਨੀਤਕ ਅਗਵਾਈ ਅਤੇ ਸਮਰਥਨ ਸਦਕਾ ਸੰਭਵ ਹੋਇਆ ਹੈ, ਜਿਨ੍ਹਾਂ ਨੇ ਇਸ ਪਹਿਲਕਦਮੀ ਨੂੰ ਅੱਗੇ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਉਨ੍ਹਾਂ ਦੀ ਅਗਵਾਈ ਇਸ ਪ੍ਰੋਜੈਕਟ ਲਈ ਸੁਚੱਜੀ ਸੇਧ ਦੇਣ ਅਤੇ ਲਾਗੂਕਰਨ ਵਿੱਚ ਬੁਹਤ ਮਹੱਤਵਪੂਰਨ ਸੀ।

ਇਸ ਡਿਜੀਟਲ ਵਿਕਾਸ ਦੇ ਸਬੰਧ 'ਚ ਬੋਲਦਿਆਂ ਵਿੱਤ ਕਮਿਸ਼ਨਰ ਸਹਿਕਾਰਤਾ ਅਲੋਕ ਸ਼ੇਖਰ ਨੇ ਕਿਹਾ ਕਿ ਫਿਨਾਕਲ 10 ਦਾ ਸਫਲ ਅਪਗ੍ਰੇਡੇਸ਼ਨ ਤਕਨਾਲੋਜੀ ਰਾਹੀਂ ਪੇਂਡੂ ਬੈਂਕਿੰਗ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਵੱਲ ਪੰਜਾਬ ਦੀ ਸੁਹਿਰਦ ਵਚਨਬੱਧਤਾ ਨੂੰ ਦਰਸਾਉਂਦਾ ਹੈ। ਇਹ ਤਬਦੀਲੀ ਸਹਿਕਾਰੀ ਨੈੱਟਵਰਕ ਵਿੱਚ ਕੁਸ਼ਲ, ਸੁਰੱਖਿਅਤ ਅਤੇ ਪਾਰਦਰਸ਼ੀ ਬੈਂਕਿੰਗ ਸੇਵਾਵਾਂ ਪ੍ਰਦਾਨ ਕਰਨ ਵੱਲ ਵੱਡੀ ਪੁਲਾਂਘ ਹੈ। ਇਸ ਮੀਲ ਪੱਥਰ ਨੂੰ ਪ੍ਰਾਪਤ ਕਰਨ ਲਈ ਸ਼ਾਮਲ ਸਾਰੀਆਂ ਟੀਮਾਂ ਵਧਾਈ ਦੀਆਂ ਪਾਤਰ ਹਨ।

ਪੰਜਾਬ ਰਾਜ ਸਹਿਕਾਰੀ ਬੈਂਕ ਦੇ ਐਮ.ਡੀ. ਹਰਜੀਤ ਸਿੰਘ ਸੰਧੂ ਨੇ ਇਸ ਗੱਲ 'ਤੇ ਚਾਨਣਾ ਪਾਇਆ ਕਿ ਫਿਨੇਕਲ 10 ਵਿੱਚ ਤਬਦੀਲੀ ਸਹਿਕਾਰੀ ਬੈਂਕਾਂ ਦੀ ਆਈ.ਟੀ. ਦੀ ਰੀੜ੍ਹ ਨੂੰ ਮਜ਼ਬੂਤ ਕਰਨ ਲਈ ਇੱਕ ਲੰਬੇ ਸਮੇਂ ਤੋਂ ਉਡੀਕਿਆ ਜਾ ਰਿਹਾ ਕਦਮ ਸੀ।

## ਰਾਗ ਨਾਦ ਸਬਦਿ ਸੋਹਣੇ 28

ਇਕਵਾਕ ਸਿੰਘ ਪੱਟੀ

ਸਮੁੱਚੀ ਮਾਨਵਤਾ ਦੇ ਸਰਬ ਸਾਂਝੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਜਵੇਂ ਨਾਨਕ ਗੁਰੂ ਅਰਜਨ ਦੇਵ ਜੀ ਵੱਲੋਂ ਭਾਈ ਗੁਰਦਾਸ ਜੀ ਕੋਲੋਂ ਦਰਜ ਕਰਵਾਈ ਗਈ ਬਾਣੀ ਰਾਗਾਂ ਦੇ ਅਧੀਨ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕੁਝ ਬਾਣੀ ਰਾਗ ਮੁਕਤ ਵੀ ਹੈ ਪਰ ਜ਼ਿਆਦਾਤਾਰ ਬਾਣੀ ਰਾਗਾਂ ਦੇ ਅਧੀਨ ਹੈ। ਸਭ ਤੋਂ ਸ੍ਰੇਸ਼ਟ ਰਾਗ ਬਾਰੇ ਗੁਰੂ ਰਾਮਦਾਸ ਜੀ ਫ਼ੁਰਮਾਉਂਦੇ ਹਨ, **'ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ॥'** ਭਾਵ ਉਹੀ ਰਾਗ ਸਫ਼ਲ ਹੈ ਜਿਸ ਨੂੰ ਸੁਣਦਿਆਂ-ਪੜ੍ਹਦਿਆਂ, ਗਾਉਂਦਿਆਂ ਹੋਇਆਂ ਸ੍ਰਿਸ਼ਟੀ ਦਾ ਕਰਤਾ ਪਰਮਾਤਮਾ ਚੇਤੇ ਆ ਜਾਵੇ। ਅੱਜ ਜਾਣਦੇ ਹਾਂ ਗੁਰੂ ਸਾਹਿਬ ਵੱਲੋਂ ਉਚਾਰੇ 31 ਰਾਗਾਂ ਵਿੱਚੋਂ 28ਵੇਂ ਸਥਾਨ 'ਤੇ ਆਉਣ ਵਾਲੇ ਰਾਗ 'ਕਾਨੜਾ' ਬਾਰੇ...



### ਰਾਗ ਕਾਨੜਾ

ਰਾਗ ਕਾਨੜਾ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗ ਤਰਤੀਬ ਵਿਚ ਅਠਾਈਵੇਂ ਸਥਾਨ 'ਤੇ ਮਹੱਤਵਪੂਰਨ ਰਾਗ ਹੈ, ਜੋ ਗੁਰੂ ਗ੍ਰੰਥ ਸਾਹਿਬ ਦੇ ਪੰਨਾ ਨੰਬਰ 1294 ਤੋਂ ਲੈ ਕੇ 1318 ਤਕ ਦਰਜ ਹੈ। ਇਸ ਰਾਗ ਵਿਚ ਸਿਰਫ਼ ਦੋ ਗੁਰੂ ਸਾਹਿਬਾਨ ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੀ ਉਚਾਰਣ ਕੀਤੀ ਹੋਈ ਬਾਣੀ ਸ਼ਾਮਲ ਹੈ। ਭਗਤ ਬਾਣੀ ਵਿੱਚੋਂ ਕੇਵਲ ਭਗਤ ਨਾਮਦੇਵ ਜੀ ਦੀ ਬਾਣੀ ਦੇ ਰੂਪ ਵਿਚ ਇਕ ਸ਼ਬਦ ਦਰਜ ਹੈ। ਇਸ ਤੋਂ ਇਲਾਵਾ ਰਾਗ ਕਾਨੜਾ ਅਧੀਨ 'ਕਾਨੜਾ ਮਹਲਾ 4 ਪੜਤਾਲ ਘਰੁ 5' ਅਤੇ ਕਾਨੜੇ ਕੀ ਵਾਰ ਮਹਲਾ 4 ਮੂਸੇ ਕੀ ਵਾਰ ਕੀ ਧੁਨੀ' ਸਿਰਲੇਖ ਹੇਠ ਬਾਣੀ ਦਰਜ ਹੈ।

ਇਤਿਹਾਸਕ ਅਤੇ ਸੰਗੀਤਕ ਪੱਖ ਤੋਂ ਇਹ ਰਾਗ 'ਦਰਬਾਰੀ ਕਾਨੜੇ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਰਾਗ ਵੀ ਪ੍ਰਾਚੀਨ ਰਾਗਾਂ ਦੀ ਸ਼੍ਰੇਣੀ ਵਿਚ ਆਉਂਦਾ ਹੈ। ਇਸ ਰਾਗ ਨੂੰ ਖ਼ੁਸ਼ੀ ਦੇ ਰਾਗ ਵਜੋਂ ਵੀ ਜਾਣਿਆ ਜਾਂਦਾ ਹੈ। ਗੁਰਮਤਿ ਸੰਗੀਤ ਵਿਚ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਰਾਤ ਨੂੰ ਸਮਾਪਤੀ ਦੀ ਚੌਂਕੀ ਸਮੇਂ ਰਾਗ ਕਾਨੜਾ ਦਾ ਗਾਇਨ ਕਰਨ ਦਾ ਵਿਧਾਨ ਹੈ। ਭਾਈ ਕਾਨ੍ਹ ਸਿੰਘ ਨਾਭਾ 'ਮਹਾਨ ਕੋਸ਼' ਦੇ ਪੰਨਾ ਨੰਬਰ 318 ਉੱਤੇ ਲਿਖਦੇ ਹਨ ਕਿ 'ਇਹ ਇਕ ਰਾਗ ਹੈ, ਜਿਸ ਦੇ 18 ਭੇਦ ਗਾਇਕਾਂ ਵੱਲੋਂ ਕਲਪੇ ਗਏ ਹਨ। ਇਹ ਆਸਾਵਰੀ ਥਾਟ ਦਾ ਸਾੜਵ ਸੰਪੂਰਣ ਰਾਗ ਹੈ, ਭਾਵ ਅਰੋਹ ਅਤੇ ਅਵਰੋਹ ਵਿਚ ਸੱਤ ਸੁਰ ਲੱਗਦੇ ਹਨ। ਅਰੋਹ ਵਿਚ ਗਾਂਧਾਰ ਦਰੁਬਲ ਹੈ। ਰਿਸ਼ਭ ਵਾਦੀ ਅਤੇ ਪੰਚਮ ਸੰਵਾਦੀ ਹੈ। ਪੰਚਮ ਅਤੇ ਰਿਸ਼ਭ ਨਾਲ ਨਿਸ਼ਾਦ ਦੀ ਸੰਗਤ ਰਹਿੰਦੀ ਹੈ। ਗਾਂਧਾਰ ਧੈਵਤ, ਨਿਸ਼ਾਦ ਕੋਮਲ ਅਤੇ ਬਾਕੀ ਸੁਰ ਸ਼ੁੱਧ ਲੱਗਦੇ ਹਨ। ਗਾਉਣ ਦਾ ਵੇਲਾ ਰਾਤ ਦਾ ਦੂਜਾ ਪਹਿਰ ਹੈ।' •

98150-24920

## ਬੋਧ ਕਥਾ



### ਸਭ ਤੋਂ ਵੱਡਾ ਦਾਨ

ਕੁਝ ਦਿਨ ਮਗਧ ਦੀ ਰਾਜਧਾਨੀ ਰਾਜਗ੍ਰਹਿ ਵਿਖੇ ਠਹਿਰਨ ਤੋਂ ਬਾਅਦ ਭਗਵਾਨ ਬੁੱਧ ਜਦ ਉੱਥੋਂ ਜਾਣ ਵਾਲੇ ਸਨ ਤਾਂ ਉਨ੍ਹਾਂ ਦੀ ਰੁਖ਼ਸਤੀ ਬਾਰੇ ਪਤਾ ਲੱਗਣ 'ਤੇ ਲੋਕ ਦਰਸ਼ਨਾਂ ਲਈ ਆਉਣ ਲਗੇ। ਲੋਕ ਬਹੁਤ ਸਾਰੇ ਤੋਹਫ਼ੇ ਲੈ ਕੇ ਆਏ। ਮਹਾਤਮਾ ਬੁੱਧ ਚੇਲਿਆਂ ਨਾਲ ਉਹ ਭੇਟਾ ਸਵੀਕਾਰ ਕਰ ਰਹੇ ਸਨ। ਸਮਰਾਟ ਬਿੰਬਸਾਰ ਨੇ ਉਨ੍ਹਾਂ ਦੇ ਚਰਨਾਂ 'ਚ ਵਸਤਰ, ਸੁਆਦਲੇ ਖਾਣੇ, ਯਾਤਰਾ ਲਈ ਵਾਹਨ ਤੇ ਹੋਰ ਕੀਮਤੀ ਤੋਹਫ਼ੇ ਭੇਟ ਕੀਤੇ। ਸ਼ਹਿਰ ਦੇ ਧਨਵਾਨ ਲੋਕਾਂ ਨੇ ਸੋਨੇ ਦੇ ਗਹਿਣੇ ਤੇ ਧਨ-ਦੌਲਤ ਉਨ੍ਹਾਂ ਦੇ ਚਰਨਾਂ 'ਚ ਭੇਟ ਕੀਤੇ। ਭਗਵਾਨ ਬੁੱਧ ਨੇ ਆਪਣਾ ਹੱਥ ਉਪਰ ਕਰ ਕੇ ਸਾਰਿਆਂ ਨੂੰ ਉਨ੍ਹਾਂ ਦੇ ਤੋਹਫ਼ੇ ਸਵੀਕਾਰ ਕਰਨ ਦਾ ਇਸ਼ਾਰਾ ਕੀਤਾ। ਭੀੜ 'ਚ ਇਕ ਬਜ਼ੁਰਗ ਔਰਤ ਵੀ ਸੀ। ਉਸ ਨੇ ਬੁੱਧ ਨੂੰ ਆਖਿਆ, 'ਭਗਵਾਨ, ਮੈਂ ਬਹੁਤ ਗ਼ਰੀਬ ਹਾਂ। ਮੇਰੇ ਕੋਲ ਤੁਹਾਨੂੰ ਦੇਣ ਲਈ ਕੁਝ ਵੀ ਨਹੀਂ। ਮੈਨੂੰ ਰੁੱਖ ਨਾਲੋਂ ਡਿੱਗਾ ਇਕ ਅੰਬ ਮਿਲਿਆ। ਮੈਂ ਉਸ ਨੂੰ ਖਾ ਰਹੀ ਸਾਂ ਜਦੋਂ ਮੈਨੂੰ ਤੁਹਾਡੇ ਇਥੋਂ ਜਾਣ ਦੀ ਖ਼ਬਰ ਮਿਲੀ। ਉਸ ਸਮੇਂ ਤਕ ਮੈਂ ਅੱਧਾ ਅੰਬ ਖਾ ਚੁੱਕੀ ਸਾਂ। ਮੇਰੇ ਕੋਲ ਇਹ ਅੱਧਾ ਅੰਬ ਹੀ ਬਚਿਆ ਹੈ। ਮੈਂ ਇਹ ਤੁਹਾਨੂੰ ਭੇਟ ਕਰਨਾ ਚਾਹੁੰਦੀ ਹਾਂ। ਇਸ ਅੱਧੇ ਅੰਬ ਤੋਂ ਸਿਵਾਏ ਮੇਰੇ ਕੋਲ ਤੁਹਾਨੂੰ ਦੇਣ ਲਈ ਹੋਰ ਕੁਝ ਵੀ ਨਹੀਂ। ਆਸ ਹੈ ਤੁਸੀਂ ਇਸ ਨੂੰ ਸਵੀਕਾਰ ਕਰੋਗੇ।'

ਭਗਵਾਨ ਬੁੱਧ ਆਪਣੇ ਆਸਣ ਤੋਂ ਉੱਠੇ ਅਤੇ ਉਨ੍ਹਾਂ ਨੇ ਸਤਿਕਾਰ ਨਾਲ ਦੋਵੇਂ ਹੱਥ ਫੈਲਾ ਕੇ ਉਸ ਬਜ਼ੁਰਗ ਔਰਤ ਕੋਲੋਂ ਉਹ ਅੰਬ ਲੈ ਲਿਆ।

ਸਮਰਾਟ ਬਿੰਬਸਾਰ ਇਹ ਵੇਖ ਕੇ ਬੇਹੱਦ ਹੈਰਾਨ ਹੋਇਆ ਤੇ ਪੁੱਛਿਆ, 'ਭਗਵਾਨ, ਇਕ ਤੋਂ ਵੱਧ ਇਕ ਕੀਮਤੀ ਤੋਹਫ਼ੇ ਤੁਸੀਂ ਸਿਰਫ਼ ਹੱਥ ਉਠਾ ਕੇ ਸਵੀਕਾਰ ਕੀਤੇ ਪਰ ਉਸ ਬੁੱਢੀ ਦਾ ਜੂਠਾ ਅੰਬ ਲੈਣ ਲਈ ਤੁਸੀਂ ਆਪ ਆਸਣ ਤੋਂ ਹੇਠਾਂ ਉਤਰ ਕੇ ਆਏ। ਉਸ ਦੀ ਭੇਟਾ 'ਚ ਅਜਿਹੀ ਕੀ ਖ਼ਾਸੀਅਤ ਹੈ?'

ਭਗਵਾਨ ਬੁੱਧ ਮੁਸਕਰਾਏ ਤੇ ਕਹਿਣ ਲੱਗੇ, 'ਉਸ ਬਜ਼ੁਰਗ ਔਰਤ ਨੇ ਮੈਨੂੰ ਆਪਣੀ ਸਾਰੀ ਪੂੰਜੀ ਦੇ ਦਿੱਤੀ ਹੈ। ਤੁਸੀਂ ਮੈਨੂੰ ਜੋ ਕੁਝ ਵੀ ਦਿੱਤਾ, ਉਹ ਤੁਹਾਡੀ ਪੂੰਜੀ ਦਾ ਸਿਰਫ਼ ਕੁਝ ਅੰਸ਼ ਹੈ। ਤੁਸੀਂ ਦਾਨ ਕਰਦੇ ਸਮੇਂ ਉਸ ਦਾਨ ਦਾ ਹੰਕਾਰ ਵੀ ਮਨ 'ਚ ਰੱਖ ਲਿਆ ਪਰ ਉਸ ਔਰਤ ਨੇ ਮੇਰੇ ਪ੍ਰਤੀ ਪੂਰਨ ਆਦਰ-ਭਾਵ ਤੇ ਸ਼ਰਧਾ ਰੱਖਦੇ ਹੋਏ ਆਪਣਾ ਸਾਰਾ ਕੁਝ ਮੈਨੂੰ ਅਰਪਿਤ ਕਰ ਦਿੱਤਾ, ਫਿਰ ਵੀ ਉਸ ਦੇ ਚਿਹਰੇ ਉੱਪਰ ਨਿਮਰਤਾ ਤੇ ਕਰੁਣਾ ਹੈ।'

• ਫੀਚਰ ਡੈਸਕ

## ਪੀਰ ਬੁੱਧੂ ਸ਼ਾਹ





ਡਾ. ਰੂਪ ਸਿੰਘ
98146-37979

**ਪੀਰ ਬੁੱਧੂ ਸ਼ਾਹ ਨੇ ਗੁਰੂ-ਘਰ 'ਤੋਂ ਚਾਰ ਸਪੁੱਤਰਾਂ, ਅਨੇਕਾਂ ਮੁਰੀਦਾਂ ਤੇ ਆਪਣੀ ਕੁਰਬਾਨੀ ਦੇ ਕੇ ਸਿੱਖ ਇਤਿਹਾਸ 'ਚ ਅਦੁੱਤੀ ਤੇ ਅਨੋਖੀ ਮਿਸਾਲ ਪੈਦਾ ਕਰ ਕੇ ਨਵਾਂ ਕੀਰਤੀਮਾਨ ਸਥਾਪਤ ਕੀਤਾ ਅਤੇ ਹਮੇਸ਼ਾ ਵਾਸਤੇ ਸਿੱਖ ਹਿਰਦਿਆਂ ਵਿਚ ਸਥਾਈ, ਸੁਖਦਾਈ ਤੇ ਸਤਿਕਾਰਯੋਗ ਜਗ੍ਹਾ ਬਣਾਈ...**

ਪ੍ਰਸਿੱਧ ਸੂਫ਼ੀ ਫ਼ਕੀਰਾਂ ਵਾਂਗ ਸ਼ਰਾਅ-ਸ਼ਰੀਅਤ ਤੇ ਮਜ਼ਹਬੀ-ਵੰਡੀਆਂ ਤੋਂ ਉੱਪਰ ਉੱਠ ਚੁੱਕੀ ਮਹਾਨ ਸ਼ਖ਼ਸੀਅਤ ਪੀਰ ਬੁੱਧੂ ਸ਼ਾਹ ਦਾ ਜਨਮ 13 ਜੂਨ 1647 ਈਸਵੀ ਨੂੰ ਸਢੌਰਾ ਪਿੰਡ ਵਿਚ ਸੱਯਦ ਗ਼ੁਲਾਮ ਸ਼ਾਹ ਦੇ ਘਰ ਹੋਇਆ। ਸੱਯਦ ਪਰਿਵਾਰ ਨੂੰ ਮੁਗ਼ਲ ਰਾਜ ਦੇ ਦਰਬਾਰ ਵਿਚ ਸਤਿਕਾਰਯੋਗ ਸਥਾਨ ਹਾਸਲ ਸੀ ਤੇ ਇਨ੍ਹਾਂ ਨੂੰ ਜੀਵਨ ਨਿਰਵਾਹ ਲਈ ਇਕ ਵੱਡੀ ਜਗੀਰ ਵੀ ਮਿਲੀ ਹੋਈ ਸੀ। ਪੀਰ ਬੁੱਧੂ ਸ਼ਾਹ ਦਾ ਪਹਿਲਾ ਨਾਂ ਬਦਰ-ਉਦ-ਦੀਨ ਸੀ। ਬਚਪਨ ਤੋਂ ਉਨ੍ਹਾਂ ਦਾ ਝੁਕਾਅ ਦੁਨੀਆਦਾਰੀ ਵੱਲ ਨਾ ਹੋ ਕੇ ਅੱਲ੍ਹਾ ਦੀ ਬੰਦਗੀ ਵੱਲ ਸੀ। ਅੱਲ੍ਹਾ ਨਾਲ ਮਿਲਾਪ ਦੀ ਤੀਬਰ ਇੱਛਾ-ਵੱਸ ਉਹ ਗੰਭੀਰ ਸੁਭਾਅ ਅਤੇ ਘੱਟ ਬੋਲਣ ਦੇ ਆਦੀ ਸਨ। ਸਮਾਜ ਤੋਂ ਨਿਵੇਕਲੀ ਰਹਿਣੀ-ਬਹਿਣੀ ਕਾਰਨ ਲੋਕਾਂ ਨੇ ਉਨ੍ਹਾਂ ਨੂੰ 'ਬੁੱਧੂ' ਕਹਿਣਾ ਸ਼ੁਰੂ ਕਰ ਦਿੱਤਾ। ਜਦ ਉਹ ਉਮਰ ਵਿਚ ਵੱਡੇ ਹੋਏ ਤਾਂ ਸ਼ਾਹੀ ਘਰਾਣੇ ਨਾਲ ਸਬੰਧਤ ਹੋਣ ਕਰਕੇ ਉਨ੍ਹਾਂ ਨੂੰ 'ਬੁੱਧੂ ਸ਼ਾਹ' ਦੇ ਨਾਂ ਨਾਲ ਯਾਦ ਕੀਤਾ ਜਾਂਦਾ ਸੀ। ਉਮਰ ਦਾ ਪੰਧ ਤਹਿ ਕਰਦਿਆਂ 'ਬੁੱਧੂ ਸ਼ਾਹ' ਜੀ ਅਧਿਆਤਮਕਤਾ ਦੀਆਂ ਮੰਜ਼ਿਲਾਂ ਸਰ ਕਰਦੇ ਗਏ। ਇਕ ਸਮਾਂ ਅਜਿਹਾ ਆਇਆ ਜਦ ਉਨ੍ਹਾਂ ਦੀ ਸਿੱਖੀ ਸੇਵਕੀ ਤੇ ਸਤਿਕਾਰ ਵਿਚ ਇਸ ਕਦਰ ਵਾਧਾ ਹੋਇਆ ਕਿ ਉਨ੍ਹਾਂ ਨੂੰ 'ਪੀਰ' ਦੀ ਉਪਾਧੀ ਪ੍ਰਾਪਤ ਹੋਈ। ਪੀਰ ਬੁੱਧੂ ਸ਼ਾਹ ਆਪਣੇ ਸਮੇਂ ਦੇ ਪ੍ਰਸਿੱਧ ਸੂਫ਼ੀ ਫ਼ਕੀਰ ਸੱਯਦ ਭੀਖਨ ਸ਼ਾਹ ਦੇ ਸੇਵਕ ਸਨ। ਸੱਯਦ ਭੀਖਨ ਸ਼ਾਹ ਨੇ ਦਸਮੇਸ਼ ਪਿਤਾ ਗੋਬਿੰਦ ਰਾਏ ਦੇ ਪਟਨੇ ਪਹੁੰਚ ਕੇ ਦਰਸ਼ਨ ਕਰ, ਮਨ ਦੇ ਸ਼ੰਕੇ ਨਵਿਰਤ ਕੀਤੇ ਸਨ। ਭੀਖਨ ਸ਼ਾਹ ਨੇ ਹੀ ਪੀਰ ਬੁੱਧੂ ਸ਼ਾਹ ਦਾ ਮਿਲਾਪ ਗੋਬਿੰਦ ਰਾਏ ਨਾਲ ਲਖਨੌਰ ਵਿਖੇ ਕਰਵਾਇਆ ਸੀ। ਪੀਰ ਜੀ ਬਾਲ-ਗੁਰੂ ਦੇ ਦਰਸ਼ਨ ਕਰ ਕੇ ਬਹੁਤ ਪ੍ਰਭਾਵਿਤ ਹੋਏ। ਪੀਰ ਬੁੱਧੂ ਸ਼ਾਹ ਦੀ ਹਰ ਸਮੇਂ ਧਾਰਮਿਕ ਗ੍ਰੰਥਾਂ ਦੇ ਅਧਿਐਨ ਤੇ ਰੱਬ ਦੀ ਬੰਦਗੀ ਦੀ ਸੰਗਤ ਕਰਨ ਦੀ ਚੇਸ਼ਟਾ ਰੱਖਦੇ ਸਨ।

ਪੀਰ ਬੁੱਧੂ ਸ਼ਾਹ ਦਾ ਵਿਆਹ 17 ਸਾਲ ਦੀ ਉਮਰ ਵਿਚ 1664 ਈਸਵੀ ਨੂੰ ਸੈਦ ਖ਼ਾਂ ਦੀ ਭੈਣ ਨਸੀਰਾਂ ਨਾਲ ਹੋਇਆ। ਸੈਦ ਖ਼ਾਂ ਔਰੰਗਜ਼ੇਬ ਬਾਦਸ਼ਾਹ ਦੇ ਦਰਬਾਰ ਵਿਚ ਪ੍ਰਮੁੱਖ ਜਰਨੈਲ ਸੀ। ਪੀਰ ਬੁੱਧੂ ਸ਼ਾਰ ਦੇ ਘਰ ਚਾਰ ਪੁੱਤਰ ਹੋਏ, ਜਿਨ੍ਹਾਂ ਵਿੱਚੋਂ ਸਮਾਂ ਪਾ ਕੇ ਤਿੰਨਾਂ ਨੇ ਗੁਰੂ-ਘਰ ਲਈ ਸ਼ਹਾਦਤ ਪ੍ਰਾਪਤ ਕੀਤੀ।

ਗੁਰੂ ਤੇਗ਼ ਬਹਾਦਰ ਜੀ ਦੀ ਸਹਾਦਤ ਤੋਂ ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਨੇ ਕੁਝ ਸਮਾਂ ਪਾਉਂਟਾ ਸਾਹਿਬ ਨਿਵਾਸ ਕੀਤਾ। ਇਥੇ ਹੀ ਪੀਰ ਬੁੱਧੂ ਸ਼ਾਹ ਨੇ ਗੁਰੂ ਜੀ ਦੇ ਦੂਸਰੀ ਵਾਰ ਦਰਸ਼ਨ ਕਰ ਕੇ ਮਾਨਸਿਕ ਸ਼ੰਕਿਆਂ ਦੀ ਨਵਿਰਤੀ ਕੀਤੀ।

ਪੀਰ ਬੁੱਧੂ ਸ਼ਾਹ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ 'ਮੇਰੀ ਪਿਆਸ ਬੁਝਾਉ।' ਗੁਰੂ ਜੀ ਨੇ ਫ਼ੁਰਮਾਇਆ : 'ਭਟਕਣ ਦੀ ਲੋੜ ਨਹੀਂ, ਟਿਕ ਜਾਓ।' ਪੀਰ ਜੀ ਨੇ ਗੁਰੂ ਜੀ ਤੋਂ ਪੁਛਿਆ, 'ਖ਼ੁਦਾ ਨੂੰ ਮਿਲਣ ਵਿਚ ਕੀ ਰੁਕਾਵਟਾਂ ਹਨ?' ਤਾਂ ਗੁਰੂ ਜੀ ਨੇ ਕਿਹਾ ਕਿ : 'ਖ਼ੁਦਾ ਦੇ ਦੀਦਾਰ ਵਿਚ ਅਗਿਆਨਤਾ ਤੇ ਤੰਗਦਿਲੀ ਸਭ ਤੋਂ ਮੁੱਖ ਰੁਕਾਵਟਾਂ ਹਨ।'

ਪੀਰ ਬੁੱਧੂ ਸ਼ਾਹ ਨੇ ਗੁਰੂ ਜੀ ਨੂੰ ਅਧਿਆਤਮਿਕ ਆਗੂ ਸਵੀਕਾਰ ਕਰ ਲਿਆ। ਪੀਰ ਜੀ ਗੁਰੂ-ਸੰਗਤ ਤੋਂ ਏਨੇਂ ਪ੍ਰਭਾਵਿਤ ਹੋਏ ਕਿ ਉਹ ਹਮੇਸ਼ਾ ਲਈ ਗੁਰੂ ਜੀ ਪਾਸ ਰਹਿਣਾ ਚਾਹੁੰਦੇ ਸਨ ਪਰ ਮੁਰੀਦਾਂ ਦੀ ਇੱਛਾ ਹਿਤ ਗੁਰੂ ਜੀ ਤੋਂ ਆਗਿਆ ਪ੍ਰਾਪਤ ਕਰ ਕੇ ਸਾਢੌਰੇ ਪਰਤ ਆਏ।

ਸਾਢੌਰੇ ਪਹੁੰਚਣ ਤੋਂ ਕੁਝ ਸਮਾਂ ਪਿੱਛੋਂ ਔਰੰਗਜ਼ੇਬ ਵੱਲੋਂ ਨੌਕਰੀਓਂ ਕੱਢੇ ਹੋਏ ਪਠਾਣ ਰੋਜ਼ੀ-ਰੋਟੀ ਦੀ ਭਾਲ ਵਿਚ ਪੀਰ ਬੁੱਧੂ ਸ਼ਾਹ ਦੀ ਸ਼ਰਨ ਆਏ। ਪੀਰ ਬੁੱਧੂ ਸ਼ਾਹ ਨੇ ਆਪਣੇ ਵਿਸ਼ਵਾਸ 'ਤੇ ਇਨ੍ਹਾਂ ਪਠਾਣਾਂ ਨੂੰ ਗੁਰੂ ਜੀ ਪਾਸ ਨੌਕਰ ਕਰਵਾ ਦਿੱਤਾ। ਭੰਗਾਣੀ ਦੇ ਯੁੱਧ ਸਮੇਂ ਇਹ ਪਠਾਣ ਭਗੌੜੇ ਹੋ ਗਏ। ਜਦ ਪੀਰ ਬੁੱਧੂ ਸ਼ਾਹ ਨੂੰ ਪਠਾਣਾਂ ਦੀ ਇਸ ਘਿਨਾਉਣੀ ਕਾਰਵਾਈ ਦਾ ਪਤਾ ਲੱਗਾ ਤਾਂ ਉਨ੍ਹਾਂ ਨੂੰ ਭਾਰੀ ਸਦਮਾ ਪਹੁੰਚਿਆ। ਪੀਰ ਜੀ ਨੇ ਦਗੇਬਾਜ਼ਾਂ ਵੱਲੋਂ ਲਾਏ ਦਾਗ਼ ਨੂੰ ਧੋਣ ਲਈ ਆਪਣੇ ਪਰਿਵਾਰ ਦੇ ਮੈਂਬਰਾਂ ਤੇ ਮੁਰੀਦਾਂ ਸਮੇਤ ਗੁਰੂ ਜੀ ਦੀ ਤਰਫ਼ੋਂ ਲੜਨ ਦਾ ਫ਼ੈਸਲਾ ਕੀਤਾ। ਇਸ ਨਾਜ਼ੁਕ ਸਮੇਂ ਗੁਰੂ ਜੀ ਨੂੰ ਫ਼ੌਜੀ ਮਦਦ ਮਿਲਣੀ ਬਹੁਤ ਲਾਹੇਵੰਦ ਸਾਬਤ ਹੋਈ। ਪੀਰ ਜੀ ਦੇ ਸਪੁੱਤਰਾਂ ਅਤੇ ਮੁਰੀਦਾਂ ਨੇ ਰਣਭੂਮੀ ਵਿਚ ਲਹੂ-ਡੋਲ੍ਹਵੀਂ ਲੜਾਈ ਲੜੀ। ਇਸ ਲੜਾਈ ਵਿਚ ਪੀਰ ਜੀ ਦੇ ਦੋ ਸਪੁੱਤਰ ਤੇ ਅਨੇਕਾਂ ਪਿਆਰੇ ਮੁਰੀਦ ਸ਼ਹੀਦ ਹੋ ਗਏ।

ਯੁੱਧ ਵਿਚ ਕੁਰਬਾਨ ਹੋਏ ਆਪਣੇ ਪੁੱਤਰਾਂ ਤੇ ਮੁਰੀਦਾਂ ਦਾ ਪੀਰ ਜੀ ਦੇ ਮਨ 'ਤੇ ਰੱਤੀ ਭਰ ਵੀ ਦੁੱਖ ਨਹੀਂ ਸੀ ਸਗੋਂ ਉਹ ਖ਼ੁਸ਼ ਸਨ ਕਿ ਉਹ ਪਵਿੱਤਰ ਖ਼ੂਨ ਨਾਲ ਬੇਮੁਖਾਂ ਵੱਲੋਂ ਲਾਏ ਗਏ ਦਾਗ਼ ਨੂੰ ਧੋਣ ਵਿਚ ਸਫਲ ਹੋਏ ਹਨ। ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਪੀਰ ਬੁੱਧੂ ਸ਼ਾਹ ਨੇ ਵਿਸ਼ਵਾਸ ਤੇ ਵਫ਼ਾਦਾਰੀ ਦੀ ਅਨੋਖੀ ਮਿਸਾਲ ਕਾਇਮ ਕਰਦਿਆਂ ਸਮੇਂ ਸਿਰ ਆਪਣੇ ਅਧਿਆਤਮਕ ਆਗੂ ਦੀ ਮਦਦ ਕਰ ਕੇ ਲੜਾਈ ਦਾ ਪਾਸਾ ਹੀ ਬਦਲ ਦਿੱਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੀਰ ਬੁੱਧੂ ਸ਼ਾਹ ਦੀ ਵਫ਼ਾਦਾਰੀ ਤੇ ਕੁਰਬਾਨੀ ਦੀ ਭਰੇ ਦਰਬਾਰ ਵਿਚ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ ਤੇ ਪੀਰ ਜੀ ਦੇ ਮੁਰੀਦਾਂ ਨੂੰ ਬਖ਼ਸ਼ਿਸ਼ਾਂ ਨਾਲ ਨਿਵਾਜਿਆ। ਗੁਰੂ ਜੀ, ਗੁਰੂ-ਘਰ ਦੇ ਅਤੁੱਟ ਵਿਸ਼ਵਾਸੀ ਤੇ ਨਿਸ਼ਕਾਮ ਸੇਵਕ ਪੀਰ ਬੁੱਧੂ ਸ਼ਾਹ ਨੂੰ ਵੀ ਅਮੋਲਕ ਵਸਤਾਂ ਨਾਲ ਮਾਲਾ-ਮਾਲ ਕਰਨਾ ਚਾਹੁੰਦੇ ਸਨ। ਪੀਰ ਜੀ ਨੇ ਕੀਮਤੀ ਭੇਟਾਵਾਂ ਲੈਣ ਤੋਂ ਇਨਕਾਰ ਕਰਦਿਆਂ ਹੋਇਆਂ, ਗੁਰੂ ਬਖ਼ਸ਼ਿਸ਼ ਵਜੋਂ 'ਕੇਸਾਂ ਸਮੇਤ ਕੰਘੇ' ਦੀ ਮੰਗ ਕੀਤੀ। ਗੁਰੂ ਜੀ ਉਸ ਸਮੇਂ ਕੰਘਾ ਕਰ ਰਹੇ ਸਨ। ਗੁਰੂ ਜੀ ਨੇ ਪੀਰ ਜੀ ਨੂੰ ਕੇਸਾਂ ਸਮੇਤ ਕੰਘਾ ਤੇ ਛੋਟੀ ਦਸਤਾਰ ਗੁਰੂ ਬਖ਼ਸ਼ਿਸ ਵਜੋਂ ਦਿੱਤੀ, ਜੋ ਅੱਜ ਵੀ ਸੰਗਤਾਂ ਦੇ ਦਰਸ਼ਨਾਂ ਲਈ ਸੁਰੱਖਿਅਤ ਹਨ।

ਪੀਰ ਬੁੱਧੂ ਸ਼ਾਹ ਜੀ ਬਖ਼ਸ਼ਿਸ਼ ਪ੍ਰਾਪਤ ਕਰ ਕੇ ਸਾਢੌਰੇ ਵਾਪਸ ਆ ਗਏ। ਯੁੱਧ ਖੇਤਰ ਵਿੱਚੋਂ ਹਾਰ ਜਾਣ ਪਿੱਛੋਂ ਪਹਾੜੀ ਰਾਜਿਆਂ ਨੇ ਬਾਦਸ਼ਾਹ ਔਰੰਗਜ਼ੇਬ ਪਾਸ ਆਪਣੀ ਹਾਰ ਦਾ ਮੁੱਖ ਕਾਰਨ ਪੀਰ ਬੁੱਧੂ ਸ਼ਾਹ ਦਾ ਗੁਰੂ ਜੀ ਦੀ ਤਰਫ਼ੋਂ ਲੜਨਾ ਦੱਸਿਆ। ਪਹਾੜੀ ਰਾਜੇ ਪੀਰ ਜੀ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿਵਾਉਣੀ ਚਾਹੁੰਦੇ ਸਨ ਪਰ ਸੈਦ ਖ਼ਾਂ ਦੇ ਰਾਜ ਦਰਬਾਰ ਵਿਚ ਪ੍ਰਮੁੱਖ ਅਧਿਕਾਰੀ ਹੋਣ ਕਰਕੇ ਪੀਰ ਜੀ ਬਾਦਸ਼ਾਹੀ ਕਹਿਰ ਤੋਂ ਬਚ ਗਏ।

ਪੀਰ ਜੀ ਅੱਲ੍ਹਾ ਦੀ ਇਬਾਦਤ ਵਿਚ ਹਰ ਪਲ ਗੁਜ਼ਾਰ, ਜੀਵਨ ਬਸਰ ਕਰ ਰਹੇ ਸਨ। ਗੁਰੂ ਜੀ ਕਈ ਵਾਰ ਪੀਰ ਜੀ ਨੂੰ ਮਿਲਣ ਲਈ ਸਾਢੌਰੇ ਗਏ। ਪੀਰ ਬੁੱਧੂ ਸ਼ਾਹ ਨੇ ਕੇਵਲ ਇਕ ਵਾਰ ਹੀ ਗੁਰੂ ਜੀ ਪ੍ਰਤੀ ਰਿਣ ਪੂਰਤੀ ਨਹੀਂ ਕੀਤੀ ਸਗੋਂ ਜਿਸ ਸਮੇਂ ਔਰੰਗਜ਼ੇਬ ਵੱਲੋਂ ਸੈਦ ਖ਼ਾਂ ਨੂੰ ਗੁਰੂ ਜੀ ਦੀ ਵਧਦੀ ਹੋਈ ਸ਼ਕਤੀ ਨੂੰ ਕੁਚਲਣ ਲਈ ਭੇਜਿਆ ਗਿਆ ਤਾਂ ਉਸ ਸਮੇਂ ਵੀ ਪੀਰ ਜੀ ਨੇ ਸੈਦ ਖ਼ਾਂ ਨੂੰ ਅਜਿਹਾ ਕਰਨ ਤੋਂ ਵਰਜਿਆ। ਸੈਦ ਖ਼ਾਂ ਦੀ ਭੈਣ ਨਸੀਰਾਂ ਨੇ ਵੀ ਉਸ ਨੂੰ 'ਗੁਰੂ' ਉੱਪਰ ਚੜ੍ਹਾਈ ਨਾ ਕਰਨ ਲਈ ਕਿਹਾ ਪਰ ਸੈਦ ਖ਼ਾਂ ਨਾ ਮੰਨਿਆ। ਜਿਸ ਸਮੇਂ ਸੈਦ ਖ਼ਾਂ ਲੜਾਈ ਦੇ ਮੈਦਾਨ ਵਿਚ ਗੁਰੂ ਜੀ ਦੇ ਸਨਮੁਖ ਹੋਇਆ ਤਾਂ ਉਸ ਨੂੰ ਪੀਰ ਬੁੱਧੂ ਸ਼ਾਹ ਅਤੇ ਨਸੀਰਾਂ ਭੈਣ ਦੀ ਨਸੀਹਤ ਵੀ ਯਾਦ ਆ ਗਈ। ਸੈਦ ਖ਼ਾਂ ਗੁਰੂ ਜੀ ਦਾ ਪ੍ਰਤਾਪ ਤੱਕ ਦਰਸ਼ਨ ਕਰ ਪੁਕਾਰ ਉੱਠਿਆ :

**ਖ਼ੁਦਾ ਆਇਦ ਖ਼ੁਦਾ ਆਇਦ**
**ਮੈਂ ਆਇਦ ਖ਼ੁਦਾ ਬੰਦਾ॥**
**ਹਕੀਕਤ ਦਰ ਮਿਜ਼ਾਜ ਆਇਦ।**
**ਕਿ ਮੁਰਦਾ ਰਾ ਕੁਨਦ ਜ਼ਿੰਦਾ॥**

ਸੈਦ ਖ਼ਾਂ ਗੁਰੂ ਜੀ ਦੇ ਤੇਜ-ਪ੍ਰਤਾਪ ਅੱਗੇ ਟਿਕ ਨਾ ਸਕਿਆ ਤੇ ਆਤਮ ਸਮਰਪਣ ਕਰ ਕੇ ਹਮੇਸ਼ਾ ਲਈ ਗੁਰੂ ਜੀ ਦਾ ਹੋ ਨਿਬੜਿਆ। ਜਦੋਂ ਬਾਦਸ਼ਾਹ ਔਰੰਗਜ਼ੇਬ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਨੇ ਉਸਮਾਨ ਖ਼ਾਂ ਨੂੰ ਗੁਰੂ ਜੀ ਨੂੰ ਕਿਸੇ ਵੀ ਹਾਲਤ ਵਿਚ ਪੇਸ਼ ਕਰਨ ਦਾ ਹੁਕਮ ਦਿੱਤਾ। ਉਸਮਾਨ ਖ਼ਾਂ ਸਾਢੌਰੇ ਦਾ ਅਹਿਲਕਾਰ ਸੀ। ਇਤਫ਼ਾਕ ਵੱਸ ਉਸ ਸਮੇਂ ਗੁਰੂ ਜੀ ਪੀਰ ਬੁੱਧੂ ਸ਼ਾਹ ਨੂੰ ਮਿਲਣ ਲਈ ਸਾਢੌਰੇ ਆਏ ਹੋਏ ਸਨ। ਜਦ ਪੀਰ ਬੁੱਧੂ ਸ਼ਾਹ ਤੋਂ ਉਸਮਾਨ ਖ਼ਾਂ ਨੇ ਗੁਰੂ ਜੀ ਦੀ ਮੰਗ ਕੀਤੀ ਤਾਂ ਪੀਰ ਜੀ ਨੇ ਸਾਫ਼ ਇਨਕਾਰ ਕਰ ਦਿੱਤਾ। ਪੀਰ ਬੁੱਧੂ ਸ਼ਾਹ ਨੇ ਉਸਮਾਨ ਖ਼ਾਂ ਨੂੰ ਇਸ ਗੱਲ 'ਤੇ ਸਹਿਮਤ ਕਰ ਲਿਆ ਕਿ ਉਹ ਗੁਰੂ ਜੀ ਦਾ ਖ਼ੂਨ ਸਬੂਤ ਲਈ ਖੜ ਸਕਦਾ ਹੈ। ਪੀਰ ਬੁੱਧੂ ਸ਼ਾਹ ਨੇ ਇਸ ਸਮੇਂ ਤਕ ਗੁਰੂ ਜੀ ਨੂੰ ਸੁਰੱਖਿਅਤ ਬਾਹਰ ਭੇਜ ਦਿੱਤਾ ਸੀ। ਪੀਰ ਜੀ ਨੇ ਬਾਦਸ਼ਾਹ ਦੀ ਤਸੱਲੀ ਲਈ ਆਪਣੇ ਪੁੱਤਰ ਦੇ ਖ਼ੂਨ ਦੀ ਬੋਤਲ ਤਿਆਰ ਕੀਤੀ। ਜਦ ਉਸਮਾਨ ਖ਼ਾਂ ਨੇ ਗੁਰੂ ਜੀ ਦੇ ਖ਼ੂਨ ਦੀ ਬੋਤਲ ਸਬੂਤ ਵਜੋਂ ਦਰਬਾਰ ਵਿਚ ਪੇਸ਼ ਕੀਤੀ ਤਾਂ ਸ਼ਾਹੀ ਹਕੀਮ ਨੇ ਇਸ ਨੂੰ ਗੁਰੂ ਜੀ ਦਾ ਖ਼ੂਨ ਹੋਣ ਤੋਂ ਇਨਕਾਰ ਕਰ ਦਿੱਤਾ। ਉਸਮਾਨ ਖ਼ਾਂ ਇਸ ਤੋਂ ਬਹੁਤ ਸ਼ਰਮਸਾਰ ਹੋਇਆ। ਉਸ ਨੇ ਪੀਰ ਬੁੱਧੂ ਸ਼ਾਹ ਦੇ ਪਰਿਵਾਰ ਦਾ ਮਲੀਆ ਮੇਟ ਕਰਨ ਲਈ ਸਾਢੌਰੇ 'ਤੇ ਚੜ੍ਹਾਈ ਕਰ ਦਿੱਤੀ।

ਪੀਰ ਬੁੱਧੂ ਸ਼ਾਹ ਨੇ ਸਮੇਂ ਦੀ ਨਬਜ਼ ਨੂੰ ਪਛਾਣਦਿਆਂ ਹੋਇਆਂ ਆਪਣੀ ਸੁਪੱਤਨੀ ਤੇ ਪੋਤਰਿਆਂ ਨੂੰ ਸਮਾਣੇ ਭੇਜ ਦਿੱਤਾ ਸੀ ਤੇ ਇਕੱਲੇ ਹੀ ਸਾਢੌਰੇ ਰਹਿ ਰਹੇ ਸਨ। ਉਸਮਾਨ ਖ਼ਾਂ ਨੇ ਪੀਰ ਬੁੱਧੂ ਸ਼ਾਹ ਨੂੰ ਪਕੜ ਕੇ ਬੜੀ ਬੇਦਰਦੀ ਤੇ ਬੇਰਹਿਮੀ ਨਾਲ 21 ਮਾਰਚ 1704 ਈਸਵੀ ਨੂੰ ਟੁਕੜੇ-ਟੁਕੜੇ ਕਰ ਕੇ ਸ਼ਹੀਦ ਕਰ ਦਿੱਤਾ ਤੇ ਉਨ੍ਹਾਂ ਦੇ ਨਿਵਾਸ ਸਥਾਨ ਨੂੰ ਵੀ ਮਿੱਟੀ 'ਚ ਮਿਲਾ ਦਿੱਤਾ। ਇਕ ਹੋਰ ਵਿਚਾਰ ਅਨੁਸਾਰ ਪੀਰ ਜੀ ਨੂੰ ਉਸਮਾਨ ਖ਼ਾਂ ਨੇ ਜ਼ਿੰਦਾ ਹੀ ਜਲਾ ਦਿੱਤਾ ਸੀ।

ਇਸ ਤਰ੍ਹਾਂ ਪੀਰ ਬੁੱਧੂ ਸ਼ਾਹ ਨੇ ਗੁਰੂ-ਘਰ ਤੋਂ ਚਾਰੇ ਸਪੁੱਤਰਾਂ, ਅਨੇਕਾਂ ਮੁਰੀਦਾਂ ਤੇ ਆਪਣੀ ਕੁਰਬਾਨੀ ਦੇ ਕੇ ਸਿੱਖ ਇਤਿਹਾਸ 'ਚ ਅਦੁੱਤੀ ਤੇ ਅਨੋਖੀ ਮਿਸਾਲ ਪੈਦਾ ਕਰ ਕੇ ਨਵਾਂ ਕੀਰਤੀਮਾਨ ਸਥਾਪਤ ਕੀਤਾ ਤੇ ਹਮੇਸ਼ਾ ਵਾਸਤੇ ਸਿੱਖ ਹਿਰਦਿਆਂ ਵਿਚ ਸਥਾਈ, ਸੁਖਦਾਈ ਤੇ ਸਤਿਕਾਰਯੋਗ ਜਗ੍ਹਾ ਬਣਾਈ। •

## ਸਖੀ ਸਰਵਰ

ਪ੍ਰਿੰ. ਗੁਰਚਰਨ ਸਿੰਘ ਤਲਵਾੜਾ



ਸਖੀ ਸਰਵਰ ਮੁਸਲਮਾਨ ਫ਼ਕੀਰ ਸੀ, ਜਿਨ੍ਹਾਂ ਨੂੰ 'ਸਖੀ ਸੁਲਤਾਨ' ਵੀ ਆਖਦੇ ਹਨ। ਉਨ੍ਹਾਂ ਦੇ ਹੋਰ ਕਈ ਨਾਂ ਪ੍ਰਚਲਿਤ ਹਨ, ਜਿਵੇਂ ਲਾਲਾਂ ਵਾਲਾ ਪੀਰ, ਲੱਖਦਾਤਾ, ਪੀਰ ਨਿਗਾਹਾ ਆਦਿ।

ਭਾਰਤੀ ਪੰਜਾਬ 'ਚ ਉਨ੍ਹਾਂ ਦੀ ਕਾਫ਼ੀ ਜ਼ਿਆਦਾ ਮਾਨਤਾ ਹੈ। ਪਿੰਡਾਂ ਵਿਚ ਇਸ ਫ਼ਕੀਰ ਦੇ ਨਾਂ 'ਤੇ ਬਣੇ ਪੀਰਖ਼ਾਨੇ ਆਮ ਵੇਖਣ ਨੂੰ ਮਿਲ ਜਾਂਦੇ ਹਨ। ਸਖੀ ਸਰਵਰ ਦਾ ਅਸਲੀ ਨਾਂ ਸੱਯਦ ਅਹਿਮਦ ਸੀ। ਉਨ੍ਹਾਂ ਦੇ ਪਿਤਾ ਦਾ ਨਾਂ ਸੱਯਦ ਜ਼ੈਨ-ਉਲ-ਆਬਦੀਨ ਸੀ, ਜੋ ਬਾਹਰੋਂ ਆ ਕੇ ਮੁਲਤਾਨ ਨੇੜੇ ਕਸਬਾ ਕੁਰਸੀਕੋਟ ਵਿਖੇ ਆਬਾਦ ਹੋ ਗਏ ਸਨ। ਸਖੀ ਸਰਵਰ ਇਸੇ ਕਸਬੇ 'ਚ ਪੈਦਾ ਹੋਏ। ਮਾਨਤਾ ਹੈ ਕਿ ਸੁਲਤਾਨ ਸਖੀ ਸਰਵਰ ਨੂੰ ਹਜ਼ਰਤ ਸ਼ੇਖ ਅਬਦੁਲ ਕਾਦਿਰ ਜੀਲਾਨੀ, ਸ਼ੇਖ਼ ਸ਼ਿਹਾਬੁੱਦੀਨ ਸੁਹਰਵਰਦੀ ਤੇ ਹਜ਼ਰਤ ਸ਼ਾਹ ਮੌਦੂਦ ਚਿਸ਼ਤੀ ਵਰਗੇ ਕਾਮਿਲ ਸੂਫ਼ੀ ਦਰਵੇਸ਼ਾਂ ਦੀ ਸੁਹਬਤ ਪ੍ਰਾਪਤ ਹੋਈ, ਜਿਨ੍ਹਾਂ ਪਾਸੋਂ ਉਨ੍ਹਾਂ ਨੂੰ ਰੂਹਾਨੀ ਫ਼ੈਜ਼ ਹਾਸਲ ਹੋਇਆ।

ਸੁਲਤਾਨ ਸਖੀ ਸਰਵਰ ਖੇਤੀ ਕਰ ਕੇ ਗੁਜ਼ਾਰਾ ਕਰਦੇ ਸਨ। ਜੋ ਵੀ ਮਾਲੋ-ਦੌਲਤ ਸ਼ਰਧਾਲੂ ਲੈ ਕੇ ਆਉਂਦੇ, ਉਸ ਨੂੰ ਗ਼ਰੀਬਾਂ, ਮਸਕੀਨਾਂ, ਲੋੜਵੰਦਾਂ 'ਚ ਵੰਡ ਦਿੰਦੇ ਤੇ ਜੀਅ ਖੋਲ੍ਹ ਕੇ ਦਾਨ ਦਿੰਦੇ। ਇਸ ਕਰਕੇ ਲੋਕ ਉਨ੍ਹਾਂ ਨੂੰ 'ਲੱਖਦਾਤਾ ਪੀਰ' ਕਹਿਣ ਲੱਗੇ ਪਏ। ਮੁਲਤਾਨ ਦੇ ਸ਼ਾਸਕ ਦੀ ਬੇਟੀ ਨਾਲ ਉਨ੍ਹਾਂ ਦਾ ਨਿਕਾਹ ਹੋਇਆ।

ਸੁਲਤਾਨ ਸਖੀ ਸਰਵਰ ਦੀ ਦਿਆਲਤਾ, ਉਦਾਰਤਾ ਤੇ ਪ੍ਰਹੇਜ਼ਗਾਰੀ ਵਾਲੇ ਜੀਵਨ ਕਰਕੇ ਉਨ੍ਹਾਂ ਦੀ ਸ਼ੋਹਰਤ ਦੂਰ-ਦੂਰ ਤਕ ਫ਼ੈਲ ਗਈ। ਕਈ ਲੋਕ, ਜਿਨ੍ਹਾਂ 'ਚ ਨਜ਼ਦੀਕੀ ਰਿਸ਼ਤੇਦਾਰ ਵੀ ਸ਼ਾਮਲ ਸਨ, ਉਨ੍ਹਾਂ ਨਾਲ ਈਰਖਾ ਕਰਨ ਲੱਗੇ। ਵਧਦੀ ਹੋਈ ਦੁਸ਼ਮਣੀ ਕਾਰਨ ਉਨ੍ਹਾਂ ਨੇ ਆਪਣਾ ਟਿਕਾਣਾ ਕੁਰਸੀਕੋਟ ਤੋਂ ਬਦਲ ਕੇ ਪਹਾੜਾਂ 'ਚ ਬਣਾ ਲਿਆ ਲੇਕਿਨ ਵਿਰੋਧੀਆਂ ਨੇ ਸੰਨ 1181 ਵਿਚ ਉਨ੍ਹਾਂ ਨੂੰ ਪਰਿਵਾਰ ਸਮੇਤ ਸ਼ਹੀਦ ਕਰ ਦਿੱਤਾ।

ਸੁਲਤਾਨ ਸਖੀ ਸਰਵਰ ਤੇ ਉਨ੍ਹਾਂ ਦੀ ਪਤਨੀ ਬੀਬੀ ਬਾਈ ਨੂੰ ਪਿੰਡ ਨਗਾਹਾ, ਜ਼ਿਲ੍ਹਾ ਡੇਰਾ ਗਾਜ਼ੀ ਖ਼ਾਂ (ਪਾਕਿਸਤਾਨ) 'ਚ ਦਫ਼ਨਾਇਆ ਗਿਆ। ਇਥੇ ਹੀ ਤੇਰ੍ਹਵੀਂ ਸਦੀ 'ਚ ਉਨ੍ਹਾਂ ਦਾ ਮਜ਼ਾਰ ਬਣਵਾਇਆ ਗਿਆ। ਇਸ ਤੋਂ ਇਲਾਵਾ ਸਖੀ ਸਰਵਰ ਦੇ ਨਾਂ 'ਤੇ ਇਕ ਪੀਰਖ਼ਾਨਾ ਪਿੰਡ ਧੌਂਕਲ, ਨੇੜੇ ਵਜ਼ੀਰਾਬਾਦ (ਪਾਕਿਸਤਾਨ) 'ਚ ਹੈ। ਉਨ੍ਹਾਂ ਦੇ ਨਾਂ 'ਤੇ ਇਕ ਪੀਰਖ਼ਾਨਾ ਊਨਾ (ਹਿਮਾਚਲ ਪ੍ਰਦੇਸ਼) ਨੇੜੇ ਵੀ ਹੈ, ਜਿਸ ਨੂੰ ਭਾਰਤੀ ਪੰਜਾਬ ਦੇ ਲੋਕ 'ਪੀਰ ਨਿਗਾਹਾ' ਕਹਿੰਦੇ ਹਨ। ਸੁਲਤਾਨ ਸਖੀ ਸਰਵਰ ਨੂੰ ਮੰਨਣ ਵਾਲਿਆਂ ਨੂੰ ਭਾਰਤੀ ਪੰਜਾਬ ਵਿਚ 'ਸੁਲਤਾਨੀਏ' ਕਿਹਾ ਜਾਂਦਾ ਹੈ। ਪਿੰਡਾਂ ਵਿਚ ਬਣੇ 'ਸੁਲਤਾਨ ਸਖੀ ਸਰਵਰ' ਦੇ ਪੀਰਖ਼ਾਨਿਆਂ ਉੱਤੇ ਹਰ ਵੀਰਵਾਰ ਨੂੰ ਚੜ੍ਹਾਵੇ ਚੜ੍ਹਦੇ ਹਨ, ਮੰਨਤਾਂ ਮੰਨੀਆਂ ਜਾਂਦੀਆਂ ਹਨ। ਮੁੱਖ ਭੇਟਾ 'ਰੋਟ' ਹੁੰਦੀ ਹੈ, ਜੋ ਇਕ ਬਹੁਤ ਵੱਡੀ ਮਿੱਠੀ ਰੋਟੀ ਹੁੰਦੀ ਹੈ। ਪੀਰਖ਼ਾਨੇ ਉੱਤੇ ਢੋਲ ਵਜਾਉਣ ਵਾਲੇ ਨੂੰ 'ਭਿਰਾਈ' ਕਿਹਾ ਜਾਂਦਾ ਹੈ, ਜੋ ਇਕ ਤਰ੍ਹਾਂ ਨਾਲ ਪੀਰ ਦਾ ਪੁਜਾਰੀ ਅਤੇ ਅਕੀਦਤਮੰਦ ਕਹਾਉਂਦਾ ਹੈ। •

94634-63193



## ਤੂੰ ਹੀ ਤੂੰ

ਸੰਜੀਵ ਧਰਮਾਣੀ

ਮੈਂ ਸ਼ਬਦ ਹਉਮੈ ਦਾ ਪ੍ਰਤੀਕ ਹੈ। ਜਦੋਂ ਮਨੁੱਖ ਪਰਮਾਤਮਾ ਦੇ ਭਾਣੇਂ ਨੂੰ ਭੁੱਲ ਕੇ ਕੰਮਾਂ ਤੇ ਪ੍ਰਾਪਤੀਆਂ ਦਾ ਸਿਹਰਾ ਆਪਣੇ ਸਿਰ ਬੰਨ੍ਹਣਾ ਸ਼ੁਰੂ ਕਰ ਦੇਵੇ ਤਾਂ ਉਸ ਅੰਦਰ ਹਉਮੈ ਵੱਸ 'ਮੈਂ' ਪੈਦਾ ਹੁੰਦੀ ਹੈ। ਇਹ 'ਮੈਂ' ਕਈ ਵਾਰ ਬੰਦੇ ਦੀਆਂ ਸਾਰੀਆਂ ਪ੍ਰਾਪਤੀਆਂ ਨੂੰ ਮਿੱਟੀ 'ਚ ਮਿਲਾ ਦਿੰਦੀ ਹੈ। ਅਸੀਂ ਸਭ ਨੇ ਪੜ੍ਹਿਆ-ਸੁਣਿਆ ਹੈ ਕਿ ਜੋ ਵੀ ਵਾਪਰਦਾ ਹੈ ਉਸ ਪਰਮਾਤਮਾ ਦੇ 'ਹੁਕਮ' 'ਚ ਹੁੰਦਾ ਹੈ। ਪਰਮਾਤਮਾ ਦੇ ਹੁਕਮ ਤੋਂ ਬਿਨਾਂ ਪੱਤਾ ਵੀ ਨਹੀਂ ਹਿੱਲਦਾ ਪਰ ਫਿਰ ਵੀ ਸਾਨੂੰ ਆਦਤ ਪੈ ਚੁੱਕੀ ਹੈ ਹੈ ਕਿ ਹਰ ਪ੍ਰਾਪਤੀ ਤੇ ਚੰਗੇ ਕੰਮ ਲਈ ਅਸੀਂ ਆਪਣੇ ਆਪ ਨੂੰ ਵਡਿਆਈ ਦੇਣੋਂ ਨਹੀਂ ਅੱਕਦੇ-ਥੱਕਦੇ। ਹਰ ਅਸਫਲਤਾ ਜਾਂ ਬੁਰਾਈ ਲਈ ਅਸੀਂ ਦੂਸਰਿਆਂ ਨੂੰ ਤੇ ਕਈ ਵਾਰ ਤਾਂ ਰੱਬ ਨੂੰ ਕੋਸਦੇ ਹਾਂ। ਸਫਲਤਾ ਤੇ ਪ੍ਰਾਪਤੀਆਂ 'ਤੇ ਬੰਦਾ ਕਈ ਵਾਰ ਗਿਆਨ ਵੱਲੋਂ ਮੂੰਹ ਫੇਰ ਕੇ ਅਗਿਆਨਤਾ ਦੇ ਵੱਸ ਪੈ ਜਾਂਦਾ ਹੈ। ਉਸ ਨੂੰ ਇਸ ਰਾਹ ਤੋਰਨ 'ਚ 'ਮੈਂ' ਵੱਡੀ ਭੂਮਿਕਾ ਨਿਭਾਉਂਦੀ ਹੈ। ਇਹ 'ਮੈਂ' ਮਨੁੱਖ ਨੂੰ ਦੁਨੀਆ ਦੇ ਝੂਠੇ ਮਾਣ-ਤਾਣ 'ਚ ਉਲਝਾ ਦਿੰਦੀ ਹੈ।

ਸਿਆਣੇ ਆਖਦੇ ਹਨ ਕਿ 'ਮੈਂ' ਤਾਂ ਬੱਕਰੀ ਕਰਦੀ ਹੁੰਦੀ ਹੈ ਤੇ ਇਸੇ ਲਈ ਉਹ ਇਕ ਦਿਨ ਕਿਸੇ ਦੇ ਭੋਜਨ ਦਾ ਨਿਵਾਲਾ ਬਣ ਜਾਂਦੀ ਹੈ। ਜੇ ਬੰਦਾ 'ਮੈਂ' ਨੂੰ ਤਿਆਗ ਦੇਵੇ ਤੇ 'ਤੂੰ ਹੀ ਤੂੰ' ਨੂੰ ਅਪਣਾ ਲਵੇ ਤਾਂ ਉਸ ਨੂੰ ਪਰਮੇਸ਼ਰ ਦੇ ਭਾਣੇ ਜਾਂ 'ਹੁਕਮ' ਦੀ ਸੋਝੀ ਆਉਣੀ ਸ਼ੁਰੂ ਹੋ ਜਾਂਦੀ ਹੈ। ਹਉਮੈ ਦੀ ਥਾਂ ਉਸ ਅੰਦਰ ਨਿਮਰਤਾ, ਮਿੱਠਤ, ਪ੍ਰੇਮ, ਬਖ਼ਸ਼ਿਸ਼, ਸ਼ਾਂਤੀ, ਸਕੂਨ ਤੇ ਧਾਰਮਿਕਤਾ ਦੀ ਭਾਵਨਾ ਪੈਦਾ ਹੋਣ ਲਗਦੀ ਹੈ। ਜਦੋਂ ਮਨੁੱਖ ਅੰਦਰ ਮਿੱਠਤ ਤੇ ਨਿਮਰਤਾ ਵਰਗੇ ਗੁਣ ਆ ਜਾਂਦੇ ਹਨ ਤਾਂ ਇਹ ਗੁਣ ਉਸ ਨੂੰ ਆਮ ਮਨੁੱਖ ਤੋਂ 'ਮਹਾਂਪੁਰਸ਼' ਬਣਾ ਦਿੰਦੇ ਹਨ। ਉਹ ਆਪ ਤਾਂ ਦੁਨਿਆਵੀ ਹਲਚਲ ਤੋਂ ਉੱਪਰ ਉੱਠਦਾ ਹੀ ਹੈ, ਬਾਕੀਆਂ ਨੂੰ ਵੀ ਮਿੱਠਤ ਤੇ ਨਿਮਰਤਾ ਦਾ ਪਾਠ ਪੜ੍ਹਾ ਕੇ ਨਵੀਂ ਜੀਵਨ-ਜਾਂਚ ਦੇ ਦਿੰਦਾ ਹੈ।

**ਜੇ ਬੰਦਾ 'ਮੈਂ' ਨੂੰ ਤਿਆਗ ਕੇ 'ਤੂੰ ਹੀ ਤੂੰ' ਨੂੰ ਅਪਣਾ ਲਵੇ ਤਾਂ ਉਸ ਨੂੰ ਪਰਮੇਸ਼ਰ ਦੇ 'ਹੁਕਮ' ਦੀ ਸੋਝੀ ਆਉਣੀ ਸ਼ੁਰੂ ਹੋ ਜਾਂਦੀ ਹੈ...**

ਜੋ ਆਨੰਦ 'ਤੂੰ ਹੀ ਤੂੰ' ਵਿਚ ਹੈ, ਉਹ 'ਮੈਂ' ਵਿਚ ਨਹੀਂ ਹੁੰਦਾ। ਸਾਨੂੰ ਖ਼ੁਸ਼ੀ-ਖ਼ੁਸ਼ੀ ਉਸ ਪਰਮਾਤਮਾ ਦਾ 'ਹੁਕਮ' ਮੰਨਦੇ ਹੋਏ 'ਤੂੰ ਹੀ ਤੂੰ' ਵਿਚ ਮਨ ਲਗਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ 'ਮੈਂ' ਦੀ ਭਾਵਨਾ ਤੇ ਆਪਹੁਦਰੇਪਨ ਦਾ ਤਿਆਗ ਕਰਨਾ ਚਾਹੀਦਾ ਹੈ।

'ਮੈਂ' ਇਕ ਦਿਨ ਬੰਦੇ ਦਾ ਖੁਰਾ-ਖੋਜ ਮਿਟਾ ਕੇ ਉਸ ਨੂੰ ਨੀਵਾਂ ਕਰ ਦਿੰਦੀ ਹੈ ਤੇ ਪਰਮਾਤਮਾ ਦੇ 'ਹੁਕਮ' ਨੂੰ ਮੰਨਣ ਵਾਲੇ ਨੂੰ ਦੁਨੀਆ ਵਿਚ ਵੀ ਅਤੇ ਪਰਮਾਤਮਾ ਦੇ ਦੁਆਰੇ 'ਤੇ ਵੀ ਵਡਿਆਈ ਹੀ ਮਿਲਦੀ ਹੈ। ਚੰਗੀ-ਮਾੜੀ ਗੱਲ ਨੂੰ ਉਸ ਦਾ 'ਹੁਕਮ' ਸਮਝ ਕੇ ਖਿੜੇ ਮੱਥੇ ਸਵੀਕਾਰ ਕਰਨਾ ਬਹੁਤ ਵੱਡੀ ਵਿਸ਼ੇਸ਼ਤਾ ਤੇ ਬੁਲੰਦ ਮਾਨਸਿਕ-ਸਥਿਤੀ ਹੈ।

'ਮੈਂ' ਸਾਨੂੰ ਸਰਵਨਾਸ਼, ਅਸ਼ਾਂਤੀ, ਪਤਨ ਤੇ ਘ੍ਰਿਣਾ ਵੱਲ ਲੈ ਜਾਂਦੀ ਹੈ ਜਦਕਿ 'ਤੂੰ ਹੀ ਤੂੰ', ਪਰਮਾਤਮਾ, ਹੁਕਮ ਅਤੇ ਉਸ ਦੀ ਰਜ਼ਾ ਦੀ ਭਾਵਨਾ ਮਨੁੱਖ ਨੂੰ ਨਿਮਾਣਾ ਬਣਾ ਕੇ ਉਸ ਦੀਆਂ ਝੋਲੀਆਂ ਭਰ ਦਿੰਦੀ ਹੈ। ਗੁਰਬਾਣੀ ਵੀ ਸਾਨੂੰ ਇਸੇ ਗੱਲ ਦੀ ਸਿੱਖਿਆ ਦਿੰਦੀ ਹੈ ਕਿ ਜੋ ਕੁਝ ਹੁੰਦਾ ਹੈ ਉਹ ਪਰਮਾਤਮਾ ਦੇ 'ਹੁਕਮ' ਵਿਚ ਹੀ ਹੋ ਰਿਹਾ ਹੈ, ਉਸ ਦੇ 'ਹੁਕਮ' ਤੋਂ ਬਾਹਰ ਕੁਝ ਵੀ ਨਹੀਂ ਹੈ। ਮੈਂ ਨਾਲ ਭਰਿਆ ਮਨ ਉਸ ਦੇ 'ਹੁਕਮ' ਨੂੰ ਨਹੀਂ ਸਮਝ ਸਕਦਾ। 'ਮੈਂ' ਦੀ ਭਾਵਨਾ ਆਪੇ ਦੀ ਪਛਾਣ ਗੁਆ ਦਿੰਦੀ ਹੈ ਜਦਕਿ 'ਤੂੰ ਹੀ ਤੂੰ' ਵਿਚ ਪਰਮਾਤਮਾ ਦੀ ਪਛਾਣ ਦਾ ਭੇਦ ਲੁਕਿਆ ਹੈ। •

94785-61356

## ਰਮਲੀਕ ਪਹਾੜੀਆਂ 'ਚ ਸੁਸ਼ੋਭਿਤ ਗੁਰਦੁਆਰਾ ਸ੍ਰੀ ਰੀਠਾ ਸਾਹਿਬ

ਰਮੇਸ਼ ਬੱਗਾ ਚੋਹਲਾ



ਸਿੱਖ ਇਤਤਹਾਸ 'ਚ ਗੁਰਦੁਆਰਿਆਂ ਦਾ ਬੜਾ ਮਹੱਤਵਪੂਰਨ ਤੇ ਅਹਿਮ ਸਥਾਨ ਹੈ। ਰੂਹਾਨੀਅਤ ਦਾ ਕੇਂਦਰ ਹੋਣ ਦੇ ਨਾਲ-ਨਾਲ ਇਹ ਗੁਰਦੁਆਰੇ ਸਦੀਆਂ ਤੋਂ ਭਾਈਚਾਰਕ ਸਾਂਝ ਦੀ ਵੀ ਹਾਮੀ ਭਰਦੇ ਆ ਰਹੇ ਹਨ। ਗੁਰੂ ਸਾਹਿਬਾਨ ਨੇ ਗੁਰਦੁਆਰਿਆਂ ਦੀ ਉਸਾਰੀ ਕਰਵਾ ਕੇ ਤੇ ਇਨ੍ਹਾਂ ਦੇ ਚਾਰ ਦਰਵਾਜ਼ੇ ਬਣਵਾ ਕੇ ਚਹੁੰ ਵਰਣਾਂ ਨੂੰ ਸਾਂਝੇ ਅਧਿਆਤਮਕ ਉਪਦੇਸ਼ ਨਾਲ ਜੋੜਨ ਦਾ ਮਹਾਨ ਉਪਰਾਲਾ ਕੀਤਾ ਹੈ। ਗੁਰੂ ਸਾਹਿਬ ਦੇ ਇਸ ਪਰਉਪਕਾਰੀ ਉਪਰਾਲੇ ਦੀ ਗਵਾਹੀ ਦਿੰਦਾ ਹੈ ਹਿੰਦੁਸਤਾਨ ਦੇ ਨਵ-ਨਿਰਮਤ ਸੂਬੇ ਉਤਰਾਖੰਡ ਦੀ ਰਮਣੀਕ ਵਾਦੀ 'ਚ ਸੁਭਾਇਮਾਨ ਗੁਰਦੁਆਰਾ ਸ੍ਰੀ ਰੀਠਾ ਸਾਹਿਬ।

ਗੁਰੂ ਨਾਨਕ ਦੇਵ ਤੇ ਉਨ੍ਹਾਂ ਦੇ ਪੱਕੇ ਸਾਥੀ ਭਾਈ ਮਰਦਾਨਾ ਜੀ ਦੀ ਇਤਿਹਾਸਕ ਯਾਦ ਨਾਲ ਜੁੜਿਆ ਗੁਰਦੁਆਰਾ ਰੀਠਾ ਸਾਹਿਬ ਸਮੁੰਦਰ ਤਲ ਤੋਂ 7 ਹਜ਼ਾਰ ਫੁੱਟ ਦੀ ਉਚਾਈ 'ਤੇ ਵੱਸੇ ਜ਼ਿਲ੍ਹਾ ਚੰਪਾਵਤ 'ਚ ਸਥਿਤ ਹੈ। ਇਸ ਜ਼ਿਲ੍ਹੇ ਦੀਆਂ ਹੱਦਾਂ ਸ਼ਹੀਦ ਊਧਮ ਸਿੰਘ ਨਗਰ ਤੇ ਨੈਨੀਤਾਲ ਜ਼ਿਲ੍ਹੇ ਨਾਲ ਲਗਦੀਆਂ ਹਨ। ਇਹ ਉਹ ਪਵਿੱਤਰ ਅਸਥਾਨ ਹੈ, ਜਿੱਥੇ ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਜੀ ਜਗਤ-ਜਲੰਦੇ ਨੂੰ ਠਾਰਦੇ ਹੋਏ ਸਿੱਧਾਂ ਨੂੰ ਜੋਗ ਦੇ ਅਸਲੀ ਅਰਥ ਸਮਝਾਉਣ ਲਈ ਆਏ ਸਨ। ਇਸ ਸਥਾਨ 'ਤੇ ਉਸ ਵਕਤ ਗੋਰਖ ਨਾਥ ਦਾ ਚੇਲਾ ਢੇਰ ਨਾਥ ਰਿਹਾ ਕਰਦਾ ਸੀ। ਜਦੋਂ ਗੁਰੂ ਨਾਨਕ ਦੇਵ ਜੀ ਢੇਰ ਨਾਥ ਨਾਲ ਜ਼ਿੰਦਗੀ ਦੇ ਅਸਲ ਤੇ ਸਾਰਥਕ ਉਦੇਸ਼ ਸਬੰਧੀ ਗੋਸ਼ਟੀ ਕਰ ਰਹੇ ਸਨ ਤਾਂ ਉਸ ਸਮੇਂ ਇਕ ਆਚੰਭਿਤ ਕਰਨ ਵਾਲਾ ਕੌਤਕ ਵਾਪਰਿਆ। ਇਸ ਕੌਤਕ ਨਾਲ ਜਿੱਥੇ ਕੌੜੇ ਰੀਠਿਆਂ 'ਚ ਮਿਠਾਸ ਭਰ ਗਈ, ਉੱਥੇ ਹੰਕਾਰੀ ਹੋਏ ਨਾਥਾਂ ਦਾ ਹੰਕਾਰ ਵੀ ਦੂਰ ਹੋਇਆ। ਹੰਕਾਰ ਦੂਰ ਹੋਣ ਕਰਕੇ ਹੀ ਨਾਥਾਂ-ਜੋਗੀਆਂ ਨੂੰ ਗੁਰੂ ਨਾਨਕ ਸਾਹਿਬ ਦੀ ਕਮਾਈ ਤੇ ਵਡਿਆਈ ਨੂੰ ਧੰਨ ਕਹਿਣਾ ਪਿਆ।

ਗੁਰੂ ਨਾਨਕ ਦੇਵ ਜੀ ਆਪਣੇ ਸਾਥੀਆਂ ਸਮੇਤ ਜਦੋਂ ਇਸ ਸਥਾਨ 'ਤੇ ਆਏ ਤਾਂ ਉਸ ਵਕਤ ਰੀਠੇ ਦੇ ਭਰੇ ਹੋਏ ਇਕ ਦਰੱਖ਼ਤ ਹੇਠ ਢੇਰ ਨਾਥ ਡੇਰਾ ਲਾਈ ਬੈਠਾ ਸੀ। ਦਰੱਖ਼ਤ ਦੇ ਦੂਜੇ ਪਾਸੇ ਬਾਬੇਕਿਆਂ ਨੇ ਆਸਣ ਲਾ ਲਏ। ਗੁਰੂ ਜੀ ਦੀ ਆਮਦ ਨੂੰ ਦੇਖ ਕੇ ਸਿੱਧ ਹੈਰਾਨ ਹੋ ਗਏ ਤੇ ਉਨ੍ਹਾਂ ਤੋਂ ਇਥੇ ਆਉਣ ਦਾ ਕਾਰਨ ਪੁੱਛਣ ਲੱਗੇ। ਗੁਰੂ ਸਾਹਿਬ ਨੇ ਦੱਸਿਆ ਕਿ ਆਪਣੀਆਂ ਪਰਿਵਾਰਕ ਤੇ ਸਮਾਜਿਕ ਜ਼ਿਮੇਵਾਰੀਆਂ ਨੂੰ ਨਿਭਾਉਂਦਿਆਂ ਹੋਇਆਂ ਉਸ ਨਿਰੰਕਾਰ ਨਾਲ ਜੁੜੇ ਰਹਿਣਾ ਹੀ ਸੱਚਾ ਜੋਗ ਹੈ। ਬਾਹਰੀ ਦਿਖਾਵੇ, ਕਰਮ-ਕਾਂਡ ਤੇ ਪਾਖੰਡਬਾਜ਼ੀ ਨਾਲ ਕਰਤਾਰ ਦੀਆਂ ਖ਼ੁਸ਼ੀਆਂ ਦਾ ਪਾਤਰ ਨਹੀਂ ਬਣਿਆ ਜਾ ਸਕਦਾ। ਅਜੇ ਵਿਚਾਰ ਗੋਸ਼ਟੀ ਚੱਲ ਹੀ ਰਹੀ ਸੀ ਕਿ ਭਾਈ ਮਰਦਾਨਾ ਜੀ ਨੂੰ ਭੁੱਖ ਲੱਗ ਆਈ। ਜਦੋਂ ਉਨ੍ਹਾਂ ਨੇ ਗੁਰੂ ਸਾਹਿਬ ਕੋਲ ਕੁਝ ਖਾਣ ਦੀ ਤਲਬ ਜ਼ਾਹਿਰ ਕੀਤੀ ਤਾਂ ਗੁਰੂ ਜੀ ਕਹਿਣ ਲੱਗੇ, 'ਮਰਦਾਨਿਆਂ, ਅਸੀਂ ਤਾਂ ਬਾਹਰੋਂ ਆਏ ਪ੍ਰਦੇਸੀ ਬੰਦੇ ਹਾਂ ਤੇ ਸਿੱਧਾਂ ਦੇ ਮਹਿਮਾਨ ਹਾਂ, ਤੁਸੀਂ ਇਨ੍ਹਾਂ ਕੋਲੋਂ ਕੋਈ ਪਦਾਰਥ ਖਾਣ ਨੂੰ ਮੰਗ ਲਵੋ।'

ਗੁਰੂ ਸਾਹਿਬ ਦਾ ਹੁਕਮ ਪਾ ਕੇ ਭਾਈ ਮਰਦਾਨਾ ਜੀ ਨੇ ਨਿਮਰਤਾ ਪੂਰਵਕ ਸਿੱਧਾਂ ਕੋਲੋਂ ਭੋਜਨ ਦੀ ਮੰਗ ਕੀਤੀ ਤਾਂ ਹੰਕਾਰ ਨਾਲ ਭਰੇ ਸਿੱਧਾਂ ਨੇ ਕਿਹਾ :

**ਬੈਠੇ ਰਹੋ ਨਾ ਕਿਤਹੂੰ ਜਾਈ॥**
**ਦੇਖਹਿ ਸ਼ਕਤਿ ਜੇ ਦੇਹਿ ਖਵਾਹੀ॥**

ਭਾਵ, ਜੇ ਤੇਰਾ ਗੁਰੂ ਸਰਬ ਕਲਾ ਸਮਰੱਥ ਹੈ ਤਾਂ ਉਹ ਬਿਨਾਂ ਕਿਤੇ ਜਾਏ ਭੋਜਨ ਦਾ ਵਸੀਲਾ ਕਿਉਂ ਨਹੀਂ ਕਰ ਦਿੰਦਾ? ਇਸ ਤਰ੍ਹਾਂ ਅਸੀਂ ਵੀ ਉਸ ਦੀ ਸ਼ਕਤੀ ਦੇਖ ਲਵਾਂਗੇ। ਸਿੱਧਾਂ ਦਾ ਕਠੋਰ ਅਤੇ ਹੰਕਾਰ ਭਰਿਆ ਵਿਹਾਰ ਦੇਖ ਕੇ ਗੁਰੂ ਨਾਨਕ ਪਾਤਸ਼ਾਹ ਨੇ ਰੀਠੇ ਦੇ ਫਲਾਂ ਵੱਲ ਇਸ਼ਾਰਾ ਕਰ ਕੇ ਭਾਈ ਮਰਦਾਨਾ ਜੀ ਨੂੰ ਕਿਹਾ, 'ਭਾਈ ਇਹ ਫਲ ਤੋੜ ਕੇ ਛਕ ਲਉ ਕਰਤਾਰ ਭਲੀ ਕਰੇਗਾ।' ਗੁਰੂ ਬਾਬੇ ਦਾ ਬਚਨ ਸੁਣ ਕੇ ਮਰਦਾਨਾ ਜੀ ਸੋਚਾਂ 'ਚ ਪੈ ਗਏ ਤੇ ਕਹਿਣ ਲੱਗੇ, 'ਗੁਰੂ ਜੀ ਮੈਨੂੰ ਕਿਉਂ ਮਾਰਨਾ ਚਾਹੁੰਦੇ ਹੋ, ਮੈਂ ਅਜੇ ਜਿਊਂਣਾ ਚਾਹੁੰਦਾ ਹਾਂ। ਇਹ ਰੀਠੇ ਤਾਂ ਜ਼ਹਿਰ ਵਰਗੇ ਕੌੜੇ ਹਨ ਤੇ ਲੋਕਾਂ ਦੇ ਵਸਤਰ ਧੋਣ ਦੇ ਕੰਮ ਆਉਂਦੇ ਹਨ।'

ਗੁਰੂ ਨਾਨਕ ਪਾਤਸ਼ਾਹ ਨੇ ਆਪਣੇ ਵਾਲੇ ਪਾਸੇ ਦੀਆਂ ਰੀਠੇ ਦੀਆਂ ਟਹਿਣੀਆਂ ਵੱਲ ਮਿਹਰ ਦੀ ਨਦਰ ਕਰਦਿਆਂ ਹੱਸ ਕੇ ਕਿਹਾ, 'ਭਾਈ ਮਰਦਾਨਾ ਜੀ, ਸਤਿ ਕਰਤਾਰ ਕਹਿ ਕੇ ਦਰਖ਼ਤ 'ਤੇ ਚੜ੍ਹ ਜਾਉ, ਆਪ ਫਲ ਛਕੋ ਤੇ ਸਿੱਧਾਂ ਨੂੰ ਵੀ ਤੋੜ ਕੇ ਛਕਾਉ।'

ਸਤਿ ਬਚਨ ਕਹਿ ਕੇ ਭਾਈ ਮਰਦਾਨਾ ਜੀ ਗੁਰੂ ਵਾਲੇ ਪਾਸੇ ਦੇ ਇਕ ਟਾਹਣੇ 'ਤੇ ਚੜ੍ਹ ਗਏ ਤੇ ਰੀਠੇ ਤੋੜ ਕੇ ਖਾਣ ਲੱਗੇ। ਮਰਦਾਨਾ ਜੀ ਦੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਬਾਬੇ ਦੀ ਕ੍ਰਿਪਾ ਨਾਲ ਜ਼ਹਿਰ ਵਰਗੇ ਰੀਠੇ ਸ਼ਹਿਦ ਵਰਗੇ ਮਿੱਠੇ ਹੋ ਗਏ। ਪਹਿਲਾਂ ਮਰਦਾਨਾ ਜੀ ਨੇ ਆਪ ਰੱਜ ਕੇ ਰੀਠੇ ਛਕੇ ਤੇ ਫਿਰ ਸਿੱਧਾਂ ਨੂੰ ਵੀ ਛਕਣ ਲਈ ਦਿੱਤੇ। ਛੁਹਾਰਿਆਂ ਵਰਗਾ ਆਨੰਦ ਦੇਣ ਵਾਲੇ ਰੀਠੇ ਜਦੋਂ ਨਾਥਾਂ ਦੀ ਜੀਭ ਨੂੰ ਲੱਗੇ ਤਾਂ ਉਹ ਵੀ ਹੈਰਾਨ ਹੋਣੋਂ ਨਾ ਰਹਿ ਸਕੇ। ਇਸ ਤਰ੍ਹਾਂ ਸਿੱਧਾਂ ਵੱਲੋਂ ਵੀ ਆਪਣੀਆਂ ਤਾਂਤ੍ਰਿਕ ਸ਼ਕਤੀਆਂ ਨਾਲ ਆਪਣੇ ਵਾਲੇ ਪਾਸੇ ਦੇ ਰੀਠੇ ਮਿੱਠੇ ਕਰਨ ਦੇ ਯਤਨ ਕੀਤੇ ਗਏ ਪਰ ਗੁਰੂ ਨਾਨਕ ਸਾਹਿਬ ਅੱਗੇ ਉਨ੍ਹਾਂ ਦੀ ਕੋਈ ਪੇਸ਼ ਨਾ ਗਈ।

ਦਰਖ਼ੱਤ ਤਾਂ ਦੁਨੀਆ 'ਚ ਹੋਰ ਵੀ ਬਹੁਤ ਹਨ, ਸੁੰਦਰ ਵੀ ਤੇ ਸਜੀਲੇ ਵੀ ਪਰ ਜਿਹੜੇ ਦਰੱਖ਼ਤ ਉੱਪਰ ਬਾਬੇ ਨਾਨਕ ਦੀ ਕ੍ਰਿਪਾ-ਦ੍ਰਿਸ਼ਟੀ ਹੋ ਗਈ ਉਸ ਦਾ ਫਲ ਨਾ ਕੌੜੇ ਤੋਂ ਮਿੱਠਾ ਹੀ ਨਹੀਂ ਹੋਇਆ ਸਗੋਂ ਸੰਗਤਾਂ ਦੇ ਸਤਿਕਾਰ ਦਾ ਪਾਤਰ ਵੀ ਬਣ ਗਿਆ। ਇਸ ਪਾਤਰਤਾ ਕਾਰਨ ਹੀ ਸੰਗਤਾਂ ਇਸ ਰੀਠੇ ਨੂੰ 'ਰੀਠਾ ਸਾਹਿਬ' ਆਖ ਕੇ ਪਿਆਰਦੀਆਂ ਤੇ ਸਤਿਕਾਰਦੀਆਂ ਹਨ। •

94631-32719

*ਪੰਜਾਬ ਵਿਚ ਫਲਦਾਰ ਬੂਟੇ ਲਗਾਉਣ ਦੇ ਦੋ ਮੌਸਮ ਹਨ ਫਰਵਰੀ-ਮਾਰਚ ਤੇ ਅਗਸਤ-ਸਤੰਬਰ। ਮੌਜੂਦਾ ਸਮੇਂ ਪੰਜਾਬ ਵਿਚ ਸਿਰਫ਼ 76,600 ਹੈਕਟੇਅਰ ਰਕਬੇ 'ਚ ਫਲਾਂ ਦੇ ਰੁੱਖ ਹਨ। ਸਾਡੀਆਂ ਰੋਜ਼ਾਨਾ ਖ਼ੁਰਾਕੀ ਲੋੜਾਂ ਅਤੇ ਸਰੀਰ ਲਈ ਲੋੜੀਂਦੇ ਤੱਤਾਂ ਦੀ ਪੂਰਤੀ ਲਈ ਫਲਦਾਰ ਬੂਟਿਆਂ ਹੇਠ ਰਕਬੇ ਨੂੰ ਵਧਾਏ ਜਾਣ ਦੀ ਲੋੜ ਹੈ। ਆਜ਼ਾਦੀ ਤੋਂ ਬਾਅਦ ਤਤਕਾਲੀ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਬਾਗ਼ਬਾਨੀ ਦੇ ਵਿਕਾਸ ਲਈ ਵਿਸ਼ੇਸ਼ ਮੁਹਿੰਮ ਚਲਾਈ। ਪੰਜਾਬ ਵਿਚ ਬਾਗ਼ਾਂ ਅਧੀਨ ਰਕਬੇ 'ਚ ਵਾਧਾ ਹੋਇਆ ਤੇ ਲੋਕਾਂ ਨੂੰ ਕਈ ਤਰ੍ਹਾਂ ਦੇ ਫਲ ਸੂਬੇ ਵਿੱਚੋਂ ਹੀ ਪ੍ਰਾਪਤ ਹੋਣ ਲੱਗੇ। ਅੱਜ ਜਾਣਦੇ ਹਾਂ ਪੰਜਾਬ ਦੇ ਮੁੱਖ ਫਲਾਂ ਵਿੱਚੋਂ 'ਬੇਰ' ਬਾਰੇ ...*




## ਬੇਰੀਆਂ ਤੋਂ ਬੇਰ ਲਿਆਂਦਾ

ਬੇਰ ਪੰਜਾਬ ਦਾ ਰਵਾਇਤੀ ਫਲ ਹੈ। ਕਿਸੇ ਸਮੇਂ ਪੰਜਾਬ ਵਿਚ ਬੇਰੀਆਂ ਦੇ ਬੂਟੇ ਆਮ ਹੁੰਦੇ ਸਨ ਤੇ ਕੋਈ ਵੀ ਤੋੜ ਕੇ ਇਨ੍ਹਾਂ ਨੂੰ ਖਾ ਸਕਦਾ ਸੀ। ਇਸੇ ਕਰਕੇ ਬੇਰ ਨੂੰ ਆਮ ਲੋਕਾਂ ਦਾ ਫਲ ਵੀ ਆਖਿਆ ਜਾਂਦਾ ਹੈ ਪਰ ਹੁਣ ਬੇਰ ਵੀ ਬਾਕੀ ਫਲਾਂ ਵਾਂਗ ਕਾਫ਼ੀ ਮਹਿੰਗੇ ਮਿਲਦੇ ਹਨ। ਬੇਰ ਦੋ ਕਿਸਮਾਂ ਦੇ ਹੁੰਦੇ ਹਨ-ਦੇਸੀ ਤੇ ਪਿਓਂਦੀ ਬੇਰ। ਦੇਸੀ ਬੇਰ ਗੋਲ, ਪੀਲੇ ਰੰਗ ਦੇ ਅਤੇ ਥੋੜ੍ਹੇ ਖਟਾਸ ਵਾਲੇ ਹੁੰਦੇ ਹਨ। ਪਿਉਂਦੀ ਬੇਰ ਆਕਾਰ ਵਿਚ ਵੱਡੇ ਤੇ ਮਿੱਠੇ ਹੁੰਦੇ ਹਨ। ਰਕਬੇ ਦੇ ਹਿਸਾਬ ਨਾਲ ਪੰਜਾਬ ਵਿਚ ਇਨ੍ਹਾਂ ਦਾ ਛੇਵਾਂ ਨੰਬਰ ਹੈ।

### ਪੰਜਾਬੀ ਸੱਭਿਆਚਾਰ ਤੇ ਬੇਰ

ਪੰਜਾਬ ਦੇ ਲੋਕ ਗੀਤਾਂ ਵਿਚ ਵੀ ਕੀ ਥਾਈਂ ਬੇਰਾਂ ਦਾ ਚੋਖਾ ਜ਼ਿਕਰ ਆਇਆ ਹੈ, ਜਿਵੇਂ 'ਅਸਾਂ ਬੇਰੀਆਂ ਤੋਂ ਬੇਰ ਲਿਆਂਦਾ ਭਾਬੀ ਤੇਰੀ ਗੱਲ੍ਹ ਵਰਗਾ', 'ਬੇਰਾਂ ਦੇ ਬਹਾਨੇ ਪਿੰਡਾਂ ਵਿਚ ਮੇਲ ਹੋ ਜਾਂਦਾ ਸੀ', 'ਦਸ ਕਿਹੜੇ ਮੈਂ ਬਹਾਨੇ ਆਵਾਂ ਵੇ ਬੇਰੀਆਂ ਦੇ ਬੇਰ ਮੁੱਕ ਗਏ।' ਬੇਰੀਆਂ ਨੂੰ ਕੰਡੇ ਹੁੰਦੇ ਹਨ ਤੇ ਬੇਰ ਤੋੜਨ ਸਮੇਂ ਇਹ ਚੁੱਭਦੇ ਵੀ ਹਨ। ਇਸ ਦਾ ਜ਼ਿਕਰ ਵੀ ਇਕ ਲੋਕ-ਗੀਤ ਵਿਚ ਆਇਆ ਹੈ, 'ਗੋਰੇ ਰੰਗ ਤੇ ਝਰੀਟਾਂ ਆਈਆਂ ਬੇਰੀਆਂ ਦੇ ਬੇਰ ਖਾਣੀਏ।'

### ਪੌਸ਼ਟਿਕ ਤੱਤ

ਬੇਰਾਂ ਵਿਚ ਕੈਲਰੀਜ਼, ਵਿਟਾਮਿਨ-ਏ ਅਤੇ ਵਿਟਾਮਿਨ-ਸੀ, ਕੈਲਸ਼ੀਅਮ, ਫਾਸਫੋਰਸ ਤੇ ਲੋਹਾ ਆਦਿ ਮੁੱਖ ਤੱਤ ਹੁੰਦੇ ਹਨ।।ਬੇਰ ਮਾਰਚ-ਅਪ੍ਰੈਲ ਵਿਚ ਪੱਕ ਜਾਂਦੇ ਹਨ।।ਬੇਰੀ ਦੇ ਇਕ ਬੂਟੇ ਤੋਂ ਇਕ ਕੁਇੰਟਲ ਤੋਂ ਵੀ ਵੱਧ ਬੇਰ ਪ੍ਰਾਪਤ ਹੋ ਸਕਦੇ ਹਨ। ਬੇਰ ਇਕ ਸਦਾਬਹਾਰ ਰੁੱਖ ਹੈ ਇਸ ਕਰਕੇ ਬੇਰ ਦੇ ਬੂਟੇ ਉਕਤ ਦੋਵਾਂ ਮੌਸਮਾਂ ਵਿਚ ਲਗਾਏ ਜਾ ਸਕਦੇ ਹਨ। ਬੇਰਾਂ ਦੀ ਚਟਨੀ, ਮੁਰੱਬਾ, ਅਚਾਰ ਤੇ ਕੈਂਡੀ ਵੀ ਬਣਾਏ ਜਾਂਦੇ ਹਨ।

### ਉੱਨਤ ਕਿਸਮਾਂ

'ਉਮਰਾਨ', 'ਸਨੌਰ-2' ਅਤੇ 'ਵਲੈਤੀ' ਕੁਝ ਉੱਨਤ ਕਿਸਮਾਂ ਹਨ। ਬੇਰ ਦਾ ਬੂਟਾ ਕਾਫ਼ੀ ਸਖ਼ਤ ਹੁੰਦਾ ਹੈ ਇਸ ਕਰਕੇ ਇਸ ਦੀ ਕਾਸ਼ਤ ਸਾਰੇ ਸੂਬੇ ਵਿਚ ਕੀਤੀ ਜਾ ਸਕਦੀ ਹੈ। ਖ਼ੁਸ਼ਕ ਗਰਮ ਮੌਸਮ ਇਸ ਨੂੰ ਵਧੇਰੇ ਢੁੱਕਦਾ ਹੈ। ਮਈ-ਜੂਨ ਮਹੀਨਿਆਂ ਦੌਰਾਨ ਇਹ ਆਪਣੇ ਪੱਤੇ ਝਾੜ ਦਿੰਦਾ ਹੈ ਤਾਂ ਜੋ ਗਰਮੀ ਨੂੰ ਝਲ ਸਕੇ। ਬੇਰੀ ਦੇ ਰੁੱਖ ਕਲਰਾਂ ਵਿਚ ਵੀ ਉਗਾਏ ਜਾ ਸਕਦੇ ਹਨ। ਇਸ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਜਾਂਦੀਆਂ ਹਨ। ਉਮਰਾਨ ਕਿਸਮ ਦੋ ਕੁਇੰਟਲ ਪ੍ਰਤੀ ਰੁੱਖ ਬੇਰ ਦਿੰਦੀ ਹੈ। ਵਧੀਆ ਕਿਸਮ ਦੇ ਬੂਟੇ ਪਿਓਂਦ ਰਾਹੀਂ ਤਿਆਰ ਕੀਤੇ ਜਾਂਦੇ ਹਨ।। ਕਾਠੇ ਬੇਰਾਂ ਦੇ ਬੂਟਿਆਂ ਉੱਤੇ ਪਿਓਂਦ ਕਰ ਕੇ ਨਵੇਂ ਬੂਟੇ ਤਿਆਰ ਕੀਤੇ ਜਾਂਦੇ ਹਨ। ਬੇਰ ਦੇ ਬਗੀਚੇ ਵਿਚ ਪਹਿਲੇ ਦੋ-ਤਿੰਨ ਸਾਲ ਦਾਲਾਂ ਦੀ ਬਿਜਾਈ ਕੀਤੀ ਜਾ ਸਕਦੀ ਹੈ। ਤੀਜੇ ਸਾਲ ਬੇਰ ਦਾ ਬੂਟਾ ਫਲ ਦੇਣ ਲਗ ਪੈਂਦਾ ਹੈ। •






# ਚਾਰੇ ਦੇ ਅਚਾਰ 'ਚ ਲੁਕੇ ਤੰਦਰੁਸਤੀ ਦੇ ਰਾਜ਼

• ਡਾ. ਬਲਵਿੰਦਰ ਸਿੰਘ ਢਿੱਲੋਂ,
ਡਾ. ਅਜੀਤਪਾਲ ਸਿੰਘ ਧਾਲੀਵਾਲ
94654-20097

ਡੇਅਰੀ ਧੰਦਾ ਬਹੁਤ ਪੁਰਾਤਨ ਤੇ ਮਹੱਤਵਪੂਰਨ ਧੰਦਾ ਹੈ। ਆਧੁਨਿਕ ਸਿਖਲਾਈ, ਨਵੀਆਂ ਤਕਨੀਕਾਂ ਤੇ ਖੋਜ-ਕਾਰਜ ਇਸ ਧੰਦੇ ਨੂੰ ਵਧੀਆ ਢੰਗ ਨਾਲ ਚਲਾਉਣ 'ਚ ਸਹਾਈ ਹੁੰਦੇ ਹਨ। ਪੰਜਾਬ 'ਚ ਇਸ ਸਮੇਂ ਲਗਪਗ 81.18 ਲੱਖ ਪਸ਼ੂ ਹਨ, ਜਿਨ੍ਹਾਂ ਵਿੱਚੋਂ 75 ਲੱਖ ਵੱਡੇ ਪਸ਼ੂ ਹਨ। ਪਸ਼ੂਆਂ ਨੂੰ ਪੂਰਾ ਤੇ ਮਿਆਰੀ ਚਾਰਾ ਦੇਣ ਲਈ ਹਰੇ ਚਾਰੇ ਦੀ ਮੌਜੂਦਾ ਉਪਜ 'ਚ ਵਾਧੇ ਦੀ ਲੋੜ ਹੈ। ਇਕ ਪਸ਼ੂ ਨੂੰ ਰੋਜ਼ਾਨ ਸਿਰਫ਼ 10-12 ਕਿੱਲੋ ਚਾਰਾ ਮਿਲਦਾ ਹੈ, ਜੋ ਬਹੁਤ ਘੱਟ ਹੈ। ਜੇ ਇਕ ਵੱਡੇ ਪਸ਼ੂ ਨੂੰ 40 ਕਿੱਲੋ ਹਰਾ ਚਾਰਾ ਰੋਜ਼ ਪਾਇਆ ਜਾਵੇ ਤਾਂ ਸਾਲਾਨਾ 911 ਲੱਖ ਟਨ ਹਰੇ ਚਾਰੇ ਦੀ ਲੋੜ ਹੈ। ਸਪਸ਼ਟ ਹੈ ਕਿ ਹਰੇ ਚਾਰੇ ਦੀ ਕਿੱਲਤ ਡੇਅਰੀ ਦੇ ਵਿਕਾਸ ਨੂੰ ਪ੍ਰਭਾਵਿਤ ਕਰਦੀ ਹੈ। ਇਸ ਦੀ ਪੂਰਤੀ ਲਈ ਹਰੇ ਚਾਰੇ ਹੇਠ ਰਕਬਾ ਵਧਾਇਆ ਜਾਵੇ ਜਾਂ ਵੱਧ ਝਾੜ ਦੇਣ ਵਾਲੇ ਹਰੇ ਚਾਰੇ ਦੀ ਕਾਸ਼ਤ ਕੀਤੀ ਜਾਵੇ ਤੇ ਵਾਧੂ ਹਰੇ ਚਾਰੇ ਤੋਂ ਅਚਾਰ (ਸਾਈਲੇਜ) ਬਣਾ ਲਿਆ ਜਾਵੇ, ਜਿਸ ਦੀ ਵਰਤੋਂ ਚਾਰੇ ਦੀ ਕਿੱਲਤ ਵੇਲੇ ਕੀਤੀ ਜਾਵੇ।

### ਕੀ ਹੈ ਹਰੇ ਚਾਰੇ ਦਾ ਅਚਾਰ?

ਨਮੀ ਦੀ ਹਾਲਤ 'ਚ ਰੱਖੇ ਗਏ ਹਰੇ ਚਾਰੇ ਨੂੰ ਅਚਾਰ ਆਖਦੇ ਹਨ। ਅਚਾਰ ਬਣਾਉਣ ਲਈ ਸਾਉਣੀ ਦੇ ਚਾਰਿਆਂ ਦੀਆਂ ਗ਼ੈਰ-ਫਲੀਦਾਰ ਫ਼ਸਲਾਂ ਮੱਕੀ, ਚਰ੍ਹੀ (ਜਵਾਰ), ਬਾਜਰਾ, ਨੇਪੀਅਰ ਬਾਜਰਾ ਤੇ ਗਿੰਨੀ ਘਾਹ ਢੁੱਕਵੀਆਂ ਹਨ ਕਿਉਂਕਿ ਇਨ੍ਹਾਂ ਫ਼ਸਲਾਂ 'ਚ ਕਾਰਬੋਹਾਈਡਰੇਟਸ ਜ਼ਿਆਦਾ ਤੇ ਪ੍ਰੋਟੀਨ ਦੀ ਮਾਤਰਾ ਘੱਟ ਹੁੰਦੀ ਹੈ। ਜੁਲਾਈ ਤੋਂ ਸਤਬੰਰ ਤੇ ਮਾਰਚ-ਅਪ੍ਰੈਲ 'ਚ ਵਾਧੂ ਹਰਾ ਚਾਰਾ ਹੁੰਦਾ ਹੈ। ਨਵੰਬਰ-ਦਸੰਬਰ ਤੇ ਮਈ-ਜੂਨ 'ਚ ਚਾਰੇ ਦੀ ਘਾਟ ਆ ਜਾਂਦੀ ਹੈ। ਇਸ ਸਮੇਂ ਸਾਈਲੇਜ ਦੀ ਚਾਰੇ ਦੇ ਤੌਰ 'ਤੇ ਵਰਤੋਂ ਕੀਤੀ ਜਾ ਸਕਦੀ ਹੈ।

### ਅਚਾਰ ਬਣਾਉਣ ਲਈ ਸਹੀ ਸਮਾਂ

ਅਚਾਰ ਬਣਾਉਣ ਲਈ ਚਾਰੇ ਵਾਲੀ ਫ਼ਸਲ ਜ਼ਿਆਦਾ ਤੋਂ ਜ਼ਿਆਦਾ ਖ਼ੁਰਾਕੀ ਤੱਤਾਂ ਵੇਲੇ ਕੱਟੀ ਜਾਣੀ ਚਾਹੀਦੀ ਹੈ। ਇਹ ਖ਼ੁਰਾਕੀ ਤੱਤ ਅਚਾਰ ਨੂੰ ਪੌਸ਼ਟਿਕ ਬਣਾਉਣਗੇ। ਕਟਾਈ ਸਮੇ ਫ਼ਸਲ 'ਚ ਸੁੱਕਾ ਮਾਦਾ ਜਿਆਦਾ ਹੋਵੇ। ਚਾਰੇ 'ਚ ਸੁੱਕੇ ਮਾਦੇ ਦੀ ਮਾਤਰਾ 30-35 ਫ਼ੀਸਦੀ ਹੋਣੀ ਚਾਹੀਦੀ ਹੈ।

### ਚਾਰੇ ਕੱਟਣ ਦਾ ਸਮਾਂ

ਹਰੇ ਚਾਰੇ ਦਾ ਅਚਾਰ ਬਣਾਉਣ ਲਈ ਫ਼ਸਲ ਨੂੰ ਸਹੀ ਸਮੇਂ 'ਤੇ ਕੱਟਣਾ ਲਾਜ਼ਮੀ ਹੈ। ਅਚਾਰ ਲਈ ਵਰਤੀ ਜਾਣ ਵਾਲੀ ਮੱਕੀ ਦੀ ਫ਼ਸਲ ਨੂੰ ਛੱਲੀਆਂ 'ਚ ਸੂਤ ਪੈਣ ਤੋਂ ਦੋਧੇ ਬਣਨ ਤਕ, ਭਾਵ ਬਿਜਾਈ ਤੋਂ 50-60 ਦਿਨ ਬਾਅਦ ਕੱਟ ਲਵੋ। ਚਰ੍ਹੀ ਦੀ ਫ਼ਸਲ ਗੋਭ ਵਿਚ ਸਿੱਟੇ ਪੈਣ ਤੋਂ ਦੁੱਧ ਬਣਨ ਤਕ (60-80 ਦਿਨ ਦੀ ਫ਼ਸਲ) ਕੱਟੋ। ਬਾਜਰੇ ਦੀ ਕਟਾਈ ਸਿੱਟੇ ਨਿਕਲਣ ਤੋਂ ਪਹਿਲਾਂ (45-55 ਦਿਨ) ਕਰ ਲਵੋ। ਜਵੀਂ ਦੀ ਫ਼ਸਲ ਦੀ ਕਟਾਈ ਗੋਭ 'ਚ ਸਿੱਟੇ ਪੈਣ ਤੋਂ ਦੁੱਧ-ਦਾਣਿਆਂ ਤਕ (110-120 ਦਿਨ) ਕੱਟ ਲਵੋ। ਨੇਪੀਅਰ ਬਾਜ਼ਰੇ ਨੂੰ ਇਕ ਮੀਟਰ ਉੱਚਾ (50-55 ਦਿਨ ਦੀ ਫ਼ਸਲ) ਹੋਣ 'ਤੇ ਕੱਟੋ। ਅਚਾਰ ਬਣਾਉਣ ਲਈ ਚਾਰੇ 'ਚ 65 ਤੋਂ 70 ਫ਼ੀਸਦੀ ਨਮੀ ਹੋਣੀ ਚਾਹੀਦੀ ਹੈ। ਜੇ ਨਮੀ ਜ਼ਿਆਦਾ ਹੋਵੇ ਤਾਂ ਚਾਰੇ ਨੂੰ ਕੱਟਣ ਤੋਂ ਬਾਅਦ ਇਕ ਦਿਨ ਲਈ ਖੇਤ ਵਿਚ ਹੀ ਸੁਕਾ ਲਵੋ।

### ਟੋਏ ਦੀ ਵਿਓਂਤਬੰਦੀ

ਟੋਏ ਦਾ ਆਕਾਰ ਪਸ਼ੂਆਂ ਦੀ ਗਿਣਤੀ, ਹਰੇ ਚਾਰੇ ਦੀ ਮਾਤਰਾ ਅਤੇ ਜਿੰਨੇ ਸਮੇਂ ਲਈ ਚਾਰਨਾ ਹੈ, ਉੱਪਰ ਨਿਰਭਰ ਕਰਦਾ ਹੈ। ਟੋਏ ਕਈ ਪ੍ਰਕਾਰ ਦੇ ਹੁੰਦੇ ਹਨ, ਜਿਵੇਂ ਕਿ ਟਰੈਂਚ-ਸਾਈਲੋ, ਟਾਵਰ ਸਾਈਲੋ, ਥਿਜਲੀਘਰ-ਸਾਈਲੋ ਤੇ ਸਾਈਲੋਪਿਟ ਆਦਿ। ਸਭ ਤੋਂ ਵਧੀਆ ਤੇ ਸਸਤਾ ਟੋਆ ਖਾਈ ਦੇ ਆਕਾਰ ਦਾ ਹੁੰਦਾ ਹੈ। ਇਕ ਕਿਊਬਿਕ (ਘਣ) ਮੀਟਰ ਦੇ ਟੋਏ ਵਿਚ 5 ਤੋਂ 6 ਕੁਇੰਟਲ ਚਾਰਾ ਪਾਇਆ ਜਾ ਸਕਦਾ ਹੈ। 10 ਮੀਟਰ ਲੰਬਾਈ, 3 ਮੀਟਰ ਚੌੜਾਈ ਤੇ 2 ਮੀਟਰ ਡੂੰਘਾਈ ਵਾਲੇ ਟੋਏ ਵਿਚ 325 ਤੋਂ 360 ਕੁਇੰਟਲ ਕੁਤਰਿਆ ਹੋਇਆ ਚਾਰਾ ਪੈ ਸਕਦਾ ਹੈ, ਜੋ 10 ਮੱਝਾਂ/ਗਾਵਾਂ ਨੂੰ ਚਾਰੇ ਦੀ ਘਾਟ ਸਮੇਂ 20-30 ਕਿੱਲੋ ਪ੍ਰਤੀ ਦਿਨ ਪਾਉਣ ਲਈ ਕਾਫ਼ੀ ਹੈ। ਟੋਏ ਦੀ ਡੂੰਘਾਈ ਹਮੇਸ਼ਾ 1.5 ਤੋਂ 2 ਮੀਟਰ ਹੋਣੀ ਚਾਹੀਦੀ ਹੈ। ਅਚਾਰ ਬਣਾਉਣ ਲਈ ਟੋਆ ਪਸ਼ੂਆਂ ਦੇ ਸੈਡ ਦੇ ਨੇੜੇ ਉੱਚੀ ਤੇ ਢਲਾਣ ਵਾਲੀ ਥਾਂ 'ਤੇ ਬਣਾਉਣਾ ਚਾਹੀਦਾ ਹੈ, ਜਿਥੇ ਮੀਂਹ ਜਾਂ ਹੋਰ ਪਾਣੀ ਨਾ ਆਵੇ। ਪਾਣੀ ਨਾਲ ਅਚਾਰ ਦੇ ਖ਼ਰਾਬ ਹੋਣ ਦਾ ਡਰ ਰਹਿੰਦਾ ਹੈ।

#### ਅਚਾਰ ਬਣਾਉਣ ਦੇ ਲਾਭ

ਦੁਧਾਰੂ ਪਸ਼ੂਆਂ ਨੂੰ ਹਰੇ ਚਾਰੇ ਦੀ ਘਾਟ ਵਾਲੇ ਮਹੀਨਿਆਂ ਦੌਰਾਨ ਪੌਸ਼ਟਿਕ ਚਾਰੇ ਦੀ ਘਾਟ ਨਹੀਂ ਆਉਂਦੀ। ਮਹਿੰਗੇ ਦਾਣੇ ਤੇ ਖਲ-ਖ਼ੁਰਾਕ ਦੀ ਬੱਚਤ ਹੁੰਦੀ ਹੈ। ਹਰ ਰੋਜ ਹਰੇ ਚਾਰੇ ਦੀ ਵਢਾਈ ਤੇ ਕੁਤਰਾਈ ਦੀ ਮਜ਼ਦੂਰੀ ਦਾ ਖ਼ਰਚ ਤੇ ਸਮਾਂ ਬਚੇਗਾ।



### ਅਚਾਰ ਬਣਾਉਣ ਦੇ ਢੰਗ

ਕੱਟੇ ਹੋਏ ਚਾਰੇ ਦਾ 3 ਤੋਂ 5 ਸੈਂਟੀਮੀਟਰ ਦੇ ਹਿਸਾਬ ਨਾਲ ਕੁਤਰਾ ਕਰ ਕੇ ਇਸ ਨੂੰ ਟੋਏ ਵਿਚ ਭਰ ਦਿਉ। ਟੋਏ ਨੂੰ ਵੱਧ ਤੋਂ ਵੱਧ ਦੋ ਦਿਨਾਂ ਵਿਚ ਭਰ ਦੇਣਾ ਚਾਹੀਦਾ ਹੈ। ਅਚਾਰ ਹਮੇਸ਼ਾ ਖ਼ੁਸ਼ਕ ਦਿਨਾਂ ਵਿਚ ਬਣਾਉ। ਕੁਤਰੇ ਹੋਏ ਚਾਰੇ ਨੂੰ ਟੋਏ ਵਿਚ ਪਾਉਣ ਤੋਂ ਬਾਅਦ ਟ੍ਰੈਕਟਰ ਨਾਲ ਚੰਗੀ ਤਰ੍ਹਾਂ ਦੱਬਾ ਦਿਉ ਤੇ ਹਰ ਅੱਧੇ ਮੀਟਰ ਦੀ ਚਾਰੇ ਦੀ ਤਹਿ ਨੂੰ ਚੰਗੀ ਤਰ੍ਹਾਂ ਦਬਾਇਆ ਜਾਵੇ। ਇਸ ਨੂੰ ਜ਼ਮੀਨ ਦੇ ਪੱਧਰ ਤੋਂ ਇਕ ਮੀਟਰ ਉੱਚਾ ਰੱਖੋ। ਟੋਏ ਨੂੰ ਪੋਲੀਥੀਨ ਦੀ ਸ਼ੀਟ ਨਾਲ ਚੰਗੀ ਤਰ੍ਹਾਂ ਢਕ ਦਿਉ। ਇਸ ਨੂੰ ਚੰਗੀ ਤਰ੍ਹਾਂ ਲਤਾੜਨ ਤੋਂ ਬਾਅਦ ਉੱਪਰ 2-3 ਇੰਚ ਮੋਟੀ ਮਿੱਟੀ ਦੀ ਤਹਿ ਪਾਉ। ਇਸ ਤੋਂ ਬਾਅਦ ਉੱਪਰੋਂ ਤੂੜੀ ਜਾਂ ਪਰਾਲੀ ਦੀ 10-15 ਸੈਂਟੀਮੀਟਰ ਮੋਟੀ ਤਹਿ ਨਾਲ ਢਕ ਦਿਉ ਤੇ ਮਿੱਟੀ ਨਾਲ ਲਿਪ ਦਿਉ। ਚਾਰੇ ਦੇ ਲੇਪ ਉੱਪਰ ਕੋਈ ਤਰੇੜ ਜਾਂ ਖੁੱਡ ਨਹੀਂ ਹੋਣੀ ਚਾਹੀਦੀ ਹੈ। 42-45 ਦਿਨਾਂ ਵਿਚ ਅਚਾਰ ਤਿਆਰ ਹੋ ਜਾਵੇਗਾ।

### ਵਧੀਆ ਅਚਾਰ ਦੀ ਪਛਾਣ

ਵਧੀਆ ਕਿਸਮ ਦੇ ਅਚਾਰ ਦਾ ਰੰਗ ਚਮਕਦਾਰ ਹਰਾ-ਪੀਲਾ ਹੋਵੇਗਾ। ਜੇ ਕਿਸੇ ਤਰ੍ਹਾਂ ਦੀ ਅਣਗਹਿਲੀ ਜਾਵੇ ਤਾਂ ਇਸ ਦਾ ਰੰਗ ਭੂਰਾ ਹੋਵੇਗਾ। ਵਧੀਆ ਅਚਾਰ ਵਿੱਚੋਂ ਸਿਰਕੇ ਵਰਗੀ ਖ਼ੁਸ਼ਬੂ ਆਉਂਦੀ ਹੈ। ਚੰਗੇ ਅਚਾਰ ਦਾ ਪੀਐੱਚ (ਤੇਜ਼ਾਬੀਪਣ) 4.2 ਹੁੰਦਾ ਹੈ ਅਤੇ ਇਸ ਵਿਚ ਨਾਈਟ੍ਰੋਜਨ ਤੱਤ ਦਾ ਨੁਕਸਾਨ ਵੀ ਘੱਟ ਹੁੰਦਾ ਹੈ। ਚੰਗੇ ਚਾਰੇ ਦੇ ਆਚਾਰ ਵਿਚ ਖ਼ੁਰਾਕੀ ਤੱਤ ਹਰੇ ਚਾਰੇ ਵਾਲੇ ਹੀ ਹੁੰਦੇ ਹਨ ਪਰ ਇਸ ਵਿਚ ਲੈਕਟਿਕ ਐਸਿਡ (ਤੇਜ਼ਾਬ) ਜ਼ਿਆਦਾ ਤੇ ਬਿਊਟੇਰਿਕ ਐਸਿਡ ਘੱਟ ਹੁੰਦਾ ਹੈ।

### ਪਸ਼ੂ ਖ਼ੁਰਾਕ 'ਚ ਅਚਾਰ ਦੀ ਵਰਤੋਂ

ਪਹਿਲੇ ਕੁਝ ਦਿਨ ਪਸ਼ੂ ਅਚਾਰ ਪਸੰਦ ਨਹੀਂ ਕਰਦੇ। ਇਸ ਲਈ ਪਹਿਲੇ 5-6 ਦਿਨ 5-10 ਕਿੱਲੋ ਅਚਾਰ ਹਰੇ ਚਾਰੇ 'ਚ ਰਲਾ ਕੇ ਪਸ਼ੂਆਂ ਨੂੰ ਪਾਓ। ਬਾਅਦ ਵਿਚ ਹਰ ਪਸ਼ੂ ਨੂੰ 20-30 ਕਿੱਲੋ ਅਚਾਰ ਪ੍ਰਤੀ ਦਿਨ ਦੂਸਰੇ ਚਾਰਿਆਂ ਨਾਲ ਮਿਲਾ ਕੇ ਦਿੱਤਾ ਜਾ ਸਕਦਾ ਹੈ। ਦੁੱਧ ਚੋਣ ਸਮੇਂ ਅਚਾਰ ਨਾ ਪਾਓ, ਨਹੀਂ ਤਾਂ ਇਸ ਦੀ ਮਹਿਕ ਦੁੱਧ ਵਿਚ ਆ ਜਾਵੇਗੀ। ਅਚਾਰ ਹਮੇਸ਼ਾ ਦੁੱਧ ਚੋਣ ਤੋਂ ਬਾਅਦ ਜਾਂ 5-6 ਘੰਟੇ ਪਹਿਲਾਂ ਪਾਉਣਾ ਚਾਹੀਦਾ ਹੈ। ਅਚਾਰ ਵਰਤਣ ਸਮੇਂ ਚੌੜਾਈ ਵਾਲੇ ਪਾਸੇ ਤੋਂ ਟੋਏ ਨੂੰ ਇਸ ਤਰ੍ਹਾਂ ਖੋਲੋ ਕਿ ਹਵਾ ਘੱਟ ਤੋਂ ਘੱਟ ਲੱਗੇ। ਅਚਾਰ ਉੱਪਰੋਂ ਹੇਠਾਂ ਵੱਲ ਨੂੰ ਕੱਢੋ। ਰੋਜ਼ਾਨਾ ਲੋੜ ਅਨੁਸਾਰ ਅਚਾਰ ਕੱਢਣ ਤੋਂ ਬਾਕੀ ਅਚਾਰ ਨੂੰ ਚੰਗੀ ਤਰ੍ਹਾਂ ਢਕ ਦਿਉ। ਇਸ ਤਰ੍ਹਾਂ ਇਹ ਜ਼ਿਆਦਾ ਸਮੇਂ ਤਕ ਠੀਕ ਰਹੇਗਾ।

### ਅਚਾਰ ਦੀ ਮਾਤਰਾ

ਵਹਿੜੀਆਂ ਜਾਂ ਝੋਟੀਆਂ ਨੂੰ 10-12 ਕਿੱਲੋ ਅਚਾਰ ਪ੍ਰਤੀ ਦਿਨ, ਦੁਧਾਰੂ ਗਾਵਾਂ ਨੂੰ 20-25 ਕਿੱਲੋ, ਦੁਧਾਰੂ ਮੱਝਾਂ ਨੂੰ 25 ਤੋਂ 30 ਕਿੱਲੋ ਅਤੇ ਗਰਭਵਤੀ ਪਸ਼ੂ ਨੂੰ 15 ਤੋਂ 20 ਕਿੱਲੋ ਅਚਾਰ ਪ੍ਰਤੀ ਦਿਨ ਚਾਰੋ। •

*ਪ੍ਰੋਸੈਸਿੰਗ ਤਕਨੀਕ ਲਸਣ ਤੇ ਦੂਸਰੀਆਂ ਸਬਜ਼ੀਆਂ 'ਚ ਖ਼ੁਰਾਕੀ ਤੱਤਾਂ ਵਿਚ ਵਾਧਾ ਕਰਦੀ ਹੈ। ਭਾਰਤ 'ਚ ਪ੍ਰੋਸੈਸ ਕੀਤੇ ਲਸਣ ਦੇ ਪਦਾਰਥਾਂ ਦੀ ਜਾਪਾਨ, ਇਟਲੀ, ਇੰਗਲੈਂਡ, ਤੁਰਕੀ, ਜਰਮਨੀ ਤੇ ਫਰਾਂਸ ਆਦਿ ਮੁਲਕਾਂ 'ਚ ਕਾਫ਼ੀ ਮੰਗ ਹੈ...*

# ਮੁਨਾਫ਼ੇ ਵਾਲੀ ਤਕਨੀਕ ਲਸਣ ਦੀ ਪ੍ਰੋਸੈਸਿੰਗ

• ਬਿੰਦੂ ਮਰਵਾਹਾ
98142-45666

ਲਸਣ ਪੰਜਾਬੀਆਂ ਦੀ ਖ਼ੁਰਾਕ ਦਾ ਅਨਿੱਖੜਵਾਂ ਅੰਗ ਹੈ। ਭੋਜਨ ਨੂੰ ਸੁਆਦਲਾ ਬਣਾਉਣ ਲਈ ਆਮ ਤੌਰ 'ਤੇ ਇਸ ਦੀ ਵਰਤੋਂ ਤਾਜ਼ੀਆਂ ਗੰਢੀਆਂ ਦੇ ਰੂਪ 'ਚ ਕੀਤੀ ਜਾਂਦੀ ਹੈ। ਸਬਜ਼ੀਆਂ ਤੋ ਇਲਾਵਾ ਲਸਣ ਦੀ ਵਰਤੋਂ ਟਮਾਟਰਾਂ ਦੀ ਚਟਨੀ, ਸਲਾਦ, ਮੀਟ, ਅਚਾਰ ਆਦਿ ਪਦਾਰਥਾਂ ਦਾ ਸਵਾਦ ਵਧਾਉਣ ਲਈ ਵੀ ਹੁੰਦੀ ਹੈ। ਲਸਣ 'ਚ ਬੈਕਟੀਰੀਆ, ਵਿਸ਼ਾਣੂ ਤੇ ਉੱਲੀ ਖ਼ਿਲਾਫ਼ ਲੜਨ ਦੀ ਸਮਰਥਾ ਹੋਣ ਕਾਰਨ ਇਸ ਦੀ ਵਰਤੋ ਦਵਾਈਆਂ ਬਣਾਉਣ ਲਈ ਵੀ ਕੀਤੀ ਜਾਂਦੀ ਹੈ। ਲਸਣ ਨੂੰ ਚੰਗੀ ਤਰ੍ਹਾਂ ਸੰਭਾਲ ਕੇ ਹਵਾਦਾਰ ਕਮਰੇ 'ਚ 5-6 ਮਹੀਨੇ ਤਕ ਸਟੋਰ ਕੀਤਾ ਜਾ ਸਕਦਾ ਹੈ ਪਰ ਜੇ ਇਸ ਨੂੰ ਪ੍ਰੋਸੈਸ ਕਰ ਲਿਆ ਜਾਵੇ ਤਾਂ ਸਾਰਾ ਸਾਲ ਲਸਣ ਦੀ ਵਰਤੋਂ ਆਸਾਨੀ ਨਾਲ ਕੀਤੀ ਜਾ ਸਕਦੀ ਹੈ। ਇਸ ਸਮੇਂ ਭਾਰਤ 'ਚ ਸਬਜ਼ੀਆਂ ਦੀ ਕੁੱਲ ਪੈਦਾਵਾਰ ਦਾ ਸਿਰਫ਼ ਦੋ ਫ਼ੀਸਦੀ ਹਿੱਸਾ ਪ੍ਰੋਸੈਸ ਕੀਤਾ ਜਾਂਦਾ ਹੈ ਜਦਕਿ ਅੱਜ ਇਸ ਤਕਨੀਕ ਨੂੰ ਵੱਡੇ ਪੱਧਰ 'ਤੇ ਅਪਣਾਏ ਜਾਣ ਦੀ ਲੋੜ ਹੈ। ਪ੍ਰੋਸੈਸਿੰਗ ਦੀ ਤਕਨੀਕ ਲਸਣ ਤੇ ਦੂਸਰੀਆਂ ਸਬਜ਼ੀਆਂ 'ਚ ਖ਼ੁਰਾਕੀ ਤੱਤਾਂ ਦੀ ਗੁਣਵੱਤਾ 'ਚ ਵਾਧਾ ਕਰਨ ਦੇ ਨਾਲ-ਨਾਲ ਆਰਥਿਕਤਾ ਨੂੰ ਵੀ ਮਜ਼ਬੂਤ ਕਰਦੀ ਹੈ। ਭਾਰਤ 'ਚ ਪ੍ਰੋਸੈਸ ਕੀਤੇ ਗਏ ਲਸਣ ਦੇ ਪਦਾਰਥਾਂ ਦੀ ਜਾਪਾਨ, ਇਟਲੀ, ਇੰਗਲੈਂਡ, ਤੁਰਕੀ, ਜਰਮਨੀ ਤੇ ਫਰਾਂਸ ਆਦਿ ਮੁਲਕਾਂ ਵਿਚ ਕਾਫ਼ੀ ਮੰਗ ਹੈ।

### ਪ੍ਰੋਸੈਸਿੰਗ ਕਰਨ ਦੇ ਲਾਭ

ਪ੍ਰੋਸੈਸਿੰਗ ਸਮੇਂ ਲਸਣ ਵਿਚਲੀ ਵਾਧੂ ਨਮੀ ਤੇ ਅਣਚਾਹੇ ਪਦਾਰਥ, ਛਿਲਕਾ ਆਦਿ ਘਟਣ ਨਾਲ ਇਸ ਦਾ ਭਾਰ ਘਟ ਜਾਂਦਾ ਹੈ ਤੇ ਇਸ ਨੂੰ ਆਸਾਨੀ ਨਾਲ ਦੂਰ-ਦੁਰਾਡੇ ਦੀਆਂ ਮੰਡੀਆਂ 'ਚ ਭੇਜਿਆ ਜਾ ਸਕਦਾ ਹੈ। ਪ੍ਰੋਸੈਸ ਕੀਤੇ ਲਸਣ ਨੂੰ ਕੱਟਣ-ਛਿੱਲਣ ਦੀ ਲੋੜ ਨਹੀਂ ਪੈਂਦੀ। ਇਸ ਲਈ ਇਹ ਪਦਾਰਥ ਕਾਮਕਾਜੀ ਔਰਤਾਂ ਦੀ ਪਹਿਲੀ ਪਸੰਦ ਹਨ। ਪ੍ਰੋਸੈਸ ਕੀਤਾ ਲਸਣ ਲੰਬੇ ਸਮੇਂ ਤਕ ਸਟੋਰ ਕੀਤਾ ਜਾ ਸਕਦਾ ਹੈ। ਪ੍ਰੋਸੈਸ ਕੀਤਾ ਗਿਆ ਲਸਣ ਬਾਜ਼ਾਰ 'ਚ ਆਮ ਲਸਣ ਨਾਲੋਂ ਚੰਗੀ ਕੀਮਤ 'ਤੇ ਵਿਕਦਾ ਹੈ।

### ਪ੍ਰੋਸੈਸ ਕੀਤੇ ਲਸਣ ਦੇ ਵੱਖ-ਵੱਖ ਰੂਪ

**ਗਰੈਨਿਊਲਜ਼ ਤੇ ਫਲੇਕਸ** : ਲਸਣ ਦੇ ਗਰੈਨਿਊਲਜ਼ ਬਣਾਉਣ ਲਈ ਇਸ ਨੂੰ ਫੂਡ ਪ੍ਰੋਸੈਸਰ 'ਚ ਮੋਟੇ ਬਲੇਡ ਨਾਲ ਕੱਟ ਕੇ ਸੁਕਾ ਲਿਆ ਜਾਂਦਾ ਹੈ ਤੇ ਫਲੇਕਸ ਬਣਾਉਣ ਲਈ ਤੁਰੀਆਂ ਨੂੰ ਕੱਟਣ ਦੀ ਜ਼ਰੂਰਤ ਨਹੀ ਹੁੰਦੀ। ਤੁਰੀਆਂ ਨੂੰ ਧੁੱਪੇ ਸੁਕਾਉਣ ਤੋਂ ਬਾਅਦ ਕੁਝ ਦੇਰ ਲਈ ਡਰਾਇਰ 'ਚ ਸੁਕਾਇਆ ਜਾਂਦਾ ਹੈ। ਤਾਜ਼ੇ ਲਸਣ ਤੋ ਤਿਆਰ ਫਲੇਕਸ ਸਫ਼ੈਦ ਰੰਗ ਦੇ ਹੁੰਦੇ ਹਨ ਜਦਕਿ ਸਟੋਰ ਕੀਤੇ ਗਏ ਲਸਣ ਤੋਂ ਭੂਰੇ ਰੰਗ ਦੇ ਫਲੇਕਸ ਬਣਦੇ ਹਨ। ਗਰੈਨਿਊਲਜ਼ ਨੂੰ ਪਲਾਸਟਿਕ ਦੇ ਡੱਬਿਆਂ 'ਚ ਭਰ ਕੇ ਰੱਖ ਲਵੋ। ਵਰਤੋਂ ਸਮੇਂ ਫਲੇਕਸ ਨੂੰ 10-15 ਮਿੰਟ ਕੋਸੇ ਪਾਣੀ 'ਚ ਭਿਓਂ ਲਵੋ।

**ਲਸਣ ਦਾ ਪਾਊਡਰ** : ਬਰਾਮਦ ਪੱਖੋਂ ਲਸਣ ਦਾ ਪਾਊਡਰ ਤਿਆਰ ਕਰਨਾ ਜ਼ਿਆਦਾ ਫ਼ਾਇਦੇਮੰਦ ਹੈ। ਪਾਊਡਰ ਬਣਾਉਣ ਲਈ ਛੋਟੀ ਪ੍ਰੋਸੈਸਿੰਗ ਯੂਨਿਟ 'ਚ ਪਹਿਲਾਂ ਰਬੜ-ਰੋਲਰ 'ਚ ਲਸਣ ਦੀਆਂ ਤੁਰੀਆਂ ਨੂੰ ਵੱਖ ਕਰ ਲਿਆ ਜਾਂਦਾ ਹੈ। ਕੁਝ ਜ਼ਿਆਦਾ ਪ੍ਰੈਸ਼ਰ ਪਾ ਕੇ ਛਿਲਕਿਆਂ ਨੂੰ ਨਰਮ ਕਰ ਲਿਆ ਜਾਂਦਾ ਹੈ ਤੇ ਪੱਖਾ ਲਗਾ ਕੇ ਤੁਰੀਆਂ ਨਾਲੋਂ ਵੱਖ ਕਰ ਲਿਆ ਜਾਂਦਾ ਹੈ। ਛਿਲੀਆਂ ਹੋਈਆਂ ਤੁਰੀਆਂ ਨੂੰ ਰੋਲਰਾਂ 'ਚੋਂ ਲੰਘਾ ਕੇ ਫਲੇਕਸ ਦੀ ਸ਼ਕਲ ਦੇ ਦਿੱਤੀ ਜਾਂਦੀ ਹੈ ਤੇ ਡਰਾਇਰ 'ਚ ਸੁਕਾ ਲਿਆ ਜਾਂਦਾ ਹੈ। 10-15 ਘੰਟੇ ਸੁਕਾਉਣ ਤੋਂ ਬਾਅਦ ਜਦੋਂ ਇਸ 'ਚ 5-7 ਫ਼ੀਸਦੀ ਨਮੀ ਰਹਿ ਜਾਵੇ ਤਾਂ ਹੈਮਰ ਮਿਲ 'ਚ ਪਾ ਕੇ ਇਸ ਦਾ ਪਾਊਡਰ ਬਣਾ ਲਿਆ ਜਾਂਦਾ ਹੈ। ਨਮੀ ਤੋਂ ਬਚਾਉਣ ਲਈ ਪ੍ਰੋਸੈਸਿੰਗ ਤੋਂ ਬਾਅਦ ਇਸ ਦੀ ਪੈਕਿੰਗ ਕਰ ਦਿੱਤੀ ਜਾਂਦੀ ਹੈ। ਪਾਊਡਰ ਦੀ ਵਰਤੋਂ ਸਬਜ਼ੀਆਂ, ਮੀਟ ਦੇ ਸੂਪ ਨੂੰ ਸੁਆਦਲਾ ਬਣਾਉਣ, ਬਰਗਰ ਆਦਿ ਖਾਣਯੋਗ ਪਦਾਰਥਾਂ ਨੂੰ ਖ਼ਾਸ ਖ਼ੁਸ਼ਬੂ ਦੇਣ ਲਈ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਲਸਣ ਦਾ ਪਾਊਡਰ ਆਰਯੁਵੈਦਿਕ ਦਵਾਈਆਂ ਵਿਚ ਵੀ ਵਰਤਿਆ ਜਾਂਦਾ ਹੈ।





**ਲਸਣ ਦਾ ਤੇਲ** : ਲਸਣ ਦੇ ਤੇਲ 'ਚ ਕਾਫ਼ੀ ਮਾਤਰਾ 'ਚ ਸਲਫਰ ਤੱਤ ਹੁੰਦਾ ਹੈ। ਲਸਣ ਦਾ ਤੇਲ ਸਟੀਮ ਡਿਸਟੀਲੇਸ਼ਨ ਵਿਧੀ ਨਾਲ ਤਿਆਰ ਹੁੰਦਾ ਹੈ। ਲਸਣ ਨੂੰ ਇਕ ਖ਼ਾਸ ਤਰੀਕੇ ਨਾਲ ਉਬਾਲਿਆ ਜਾਂਦਾ ਹੈ ਤੇ ਵਾਸ਼ਪਾਂ ਨੂੰ ਠੰਡਾ ਕਰ ਲਿਆ ਜਾਂਦਾ ਹੈ। ਇਕ ਕਿੱਲੋ ਲਸਣ 'ਚੋਂ 6-10 ਗ੍ਰਾਮ ਤੇਲ ਨਿਕਲਦਾ ਹੈ। ਇਸ ਤੇਲ ਦੀ ਵਰਤੋਂ ਪੇਟ ਦੇ ਰੋਗਾਂ, ਬਲੱਡ ਪ੍ਰੈਸ਼ਰ ਦੀਆਂ ਦਵਾਈਆਂ, ਭੋਜਨ ਨੂੰ ਖ਼ਾਸ ਖ਼ੁਸ਼ਬੂ ਤੇ ਸਵਾਦ ਦੇਣ, ਸੂਪ, ਸੌਸ, ਸਾਬਣ, ਸੁੰਦਰਤਾ ਪਦਾਰਥਾਂ 'ਚ ਕੀਤੀ ਜਾਂਦੀ ਹੈ।

### ਪ੍ਰੋਸੈਸਿੰਗ ਲਈ ਮਸ਼ੀਨਾਂ

ਗਾਰਲਿਕ ਪ੍ਰੋਸੈਸਿੰਗ ਪਲਾਂਟ ਲਗਾਉਣ ਲਈ ਬਲਬ ਬ੍ਰੇਕਰ ਦੀ ਲੋੜ ਹੁੰਦੀ ਹੈ। ਇਹ ਮਸ਼ੀਨ ਲਸਣ ਦੀਆਂ 800 ਕਿੱਲੋ ਗੱਠੀਆਂ ਨੂੰ ਇਕ ਘੰਟੇ ਵਿਚ ਤੁਰੀਆਂ 'ਚ ਤਬਦੀਲ ਕਰ ਸਕਦੀ ਹੈ। ਫਲੇਕਸ ਬਣਾਉਣ ਵਾਲੀ ਮਸ਼ੀਨ 420 ਕਿੱਲੋ ਤੁਰੀਆਂ ਨੂੰ ਇਕ ਘੰਟੇ 'ਚ ਫਲੇਕਸ ਦਾ ਰੂਪ ਦਿੰਦੀ ਹੈ। ਤੁਰੀਆਂ ਛਿੱਲਣ ਲਈ 'ਸਕਿੰਨ ਰਿਮੂਵਰ' ਮਸ਼ੀਨ ਦੀ ਲੋੜ ਹੈ, ਜੋ 50 ਕਿੱਲੋ ਤੁਰੀਆਂ ਨੂੰ ਇਕ ਘੰਟੇ 'ਚ ਛਿੱਲ ਦਿੰਦੀ ਹੈ। ਇਸ ਤੋਂ ਇਲਾਵਾ 'ਪੀਲਰ' ਦੀ ਕਾਰਜ ਸਮਰਥਾ 18 ਤੋਂ 22 ਕਿੱਲੋ ਪ੍ਰਤੀ ਘੰਟਾ ਹੁੰਦੀ ਹੈ।

ਇਹ ਮਸ਼ੀਨਾਂ ਪ੍ਰੋਸੈਸਿੰਗ ਐਂਡ ਫੂਡ ਇੰਜੀਨੀਅਰਿੰਗ ਡਿਪਾਰਟਮੈਂਟ, ਮਹਾਰਾਣਾ ਪ੍ਰਤਾਪ ਯੂਨੀਵਰਸਿਟੀ, ਉਦੈਪੁਰ ਦੁਆਰਾ ਤਿਆਰ ਕੀਤੀਆਂ ਗਈਆਂ ਹਨ।

ਉਹ ਇਲਾਕੇ, ਜਿੱਥੇ ਕਾਫ਼ੀ ਮਾਤਰਾ ਵਿਚ ਲਸਣ ਉਗਾਇਆ ਜਾਂਦਾ ਹੈ, ਉੱਥੇ ਇਹ ਪ੍ਰੋਸੈਸਿੰਗ ਪਲਾਂਟ ਲਗਾ ਕੇ ਪ੍ਰੋਸੈਸਡ ਕੀਤੇ ਪਦਾਰਥਾਂ ਨੂੰ ਆਸਾਨੀ ਨਾਲ ਤਿਆਰ ਕਰਨ ਦੇ ਨਾਲ-ਨਾਲ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾ ਸਕਦੇ ਹਨ। •



# ਕਿਸਾਨਾਂ ਲਈ ਰਾਹ ਦਸੇਰਾ ਜਗਜੀਤ ਸਿੰਘ ਹਾਰਾ



• ਡਾ. ਰਣਜੀਤ ਸਿੰਘ
94170-87328

*ਕਿਸਾਨ ਜਗਜੀਤ ਸਿੰਘ ਹਾਰਾ ਨੇ ਖੇਤੀ ਖੇਤਰ 'ਚ ਵਿਕਾਸ ਲਈ ਵਿਗਿਆਨਕ ਢੰਗਾਂ ਨੂੰ ਅਪਣਾਇਆ। ਉਹ ਖੇਤੀ ਖ਼ਰਚਿਆਂ ਤੇ ਆਮਦਨ ਦਾ ਬਾਕਾਇਦਾ ਹਿਸਾਬ ਰੱਖਦੇ ਹਨ। ਐੱਮਏ ਅਰਥ-ਸ਼ਾਸਤਰ ਕਰਨ ਤੋਂ ਬਾਅਦ ਨੌਕਰੀ ਦੀ ਥਾਂ ਉਨ੍ਹਾਂ ਨੇ ਖੇਤੀਬਾੜੀ ਦੇ ਕਿੱਤੇ ਨੂੰ ਪਹਿਲ ਦਿੱਤੀ। ਖੇਤੀ ਦੇ ਖੇਤਰ 'ਚ ਪ੍ਰਾਪਤੀਆਂ ਕਾਰਨ ਉਹ ਭਾਰਤ ਦੇ ਕਿਸਾਨਾਂ ਲਈ ਖਿੱਚ ਦਾ ਕੇਂਦਰ ਤਾਂ ਬਣੇ ਹੀ, ਨਾਲ ਹੀ ਵਿਦੇਸ਼ਾਂ ਵਿਚ ਵੀ ਦੇਸ਼ ਦਾ ਨਾਂ ਚਮਕਾਇਆ। ਉਨ੍ਹਾਂ ਦੀਆਂ ਖੇਤੀ ਪ੍ਰਾਪਤੀਆਂ ਲਈ ਭਾਰਤ ਸਰਕਾਰ ਵੱਲੋਂ ਉਨ੍ਹਾਂ ਨੂੰ 'ਪਦਮਸ਼੍ਰੀ' ਨਾਲ ਸਨਮਾਨਿਤ ਕੀਤਾ ਗਿਆ...*

ਇਕ ਦਿਨ ਪਿੰਡ ਕੰਗਣਵਾਲ ਤੋਂ ਕਿਸਾਨ ਜਗਜੀਤ ਸਿੰਘ ਹਾਰਾ ਦਾ ਫੋਨ ਆਇਆ ਤੇ ਮਿਲਣ ਦੀ ਇੱਛਾ ਜ਼ਾਹਿਰ ਕੀਤੀ। ਮੈਂ ਕਈ ਸਾਲਾਂ ਤੋਂ ਉਨ੍ਹਾਂ ਦੇ ਫਾਰਮ 'ਤੇ ਨਹੀਂ ਗਿਆ ਸਾਂ। ਲੱਗਾ ਸੀ ਕਿ ਜੁਗਿਆਣਾ-ਕੰਗਣਵਾਲ, ਦੋਵੇਂ ਪਿੰਡ ਵਿਕ ਚੁੱਕੇ ਹਨ ਤੇ ਹੁਣ ਉੱਥੇ ਕਾਰਖ਼ਾਨੇ ਹੀ ਨਜ਼ਰ ਆਉਂਦੇ ਹਨ। ਕੰਗਣਵਾਲ ਪਿੰਡ ਲੁਧਿਆਣਾ ਤੋਂ 15 ਕਿੱਲੋਮੀਟਰ ਦੂਰ ਜੀਟੀ ਰੋਡ 'ਤੇ ਹੈ। ਕਦੇ ਇਹ ਪਿੰਡ ਦੇਸ਼ ਵਿਚ ਅਗਾਂਹਵਧੂ ਪਿੰਡ ਸੀ। ਪਿੰਡ 'ਚ 30 ਕੁ ਘਰ ਸਨ। ਇਹ ਸਾਰੇ ਦੇਸ਼ ਦੀ ਵੰਡ ਪਿੱਛੋਂ ਇੱਥੇ ਆ ਕੇ ਵਸੇ ਸਨ। ਸਾਰੇ ਕਿਸਾਨ ਪੜ੍ਹੇ ਲਿਖੇ ਸਨ। ਪਿੰਡ ਦੀ ਉਸਾਰੀ ਵੀ ਨਵੀਂ ਹੋਈ ਸੀ। ਇੱਕੋ ਆਕਾਰ ਦੇ ਪਲਾਟ, ਇਕ-ਦੂਜੇ ਦੇ ਮੁਕਾਬਲੇ ਵਧੀਆ ਕੋਠੀਆਂ ਸਨ। ਮਸ਼ੀਨੀ ਖੇਤੀ ਵੀ ਸਭ ਤੋਂ ਪਹਿਲਾਂ ਇਸੇ ਪਿੰਡ ਵਿਚ ਸ਼ੁਰੂ ਹੋਈ ਸੀ।

ਮੈਂ ਆਪਣੀ ਨੌਕਰੀ 1962 ਵਿਚ ਇਸੇ ਹਲਕੇ ਤੋਂ ਸ਼ੁਰੂ ਕੀਤੀ ਸੀ। ਉਦੋਂ ਲੁਧਿਆਣਾ ਜ਼ਿਲ੍ਹੇ ਵਿਚ ਘਣੀ ਖੇਤੀ ਜ਼ਿਲ੍ਹਾ ਪ੍ਰੋਗਰਾਮ ਚੱਲ ਰਿਹਾ ਸੀ। ਸਾਰੇ ਦੇਸ਼ ਵਿੱਚੋਂ ਕੁਝ ਚੋਣਵੇਂ ਜ਼ਿਲ੍ਹਿਆਂ 'ਚ ਭਾਰਤ ਸਰਕਾਰ ਦਾ ਇਹ ਪ੍ਰੋਗਰਾਮ ਸੀ, ਜਿਸ ਤਹਿਤ ਵੇਖਣਾ ਸੀ ਕਿ ਜੇ ਕਿਸਾਨਾਂ ਨੂੰ ਸਾਰੀਆਂ ਸਹੂਲਤਾਂ ਦਿੱਤੀਆਂ ਜਾਣ ਤਾਂ ਕੀ ਖੇਤੀ ਪੈਦਾਵਾਰ 'ਚ ਵਾਧਾ ਹੋ ਸਕਦਾ ਹੈ? ਮਾਹਿਰਾਂ ਤੇ ਅਫਸਰਾਂ ਦੀਆਂ ਟੀਮਾਂ ਆਉਂਦੀਆਂ ਰਹਿੰਦੀਆਂ ਸਨ। ਇਨ੍ਹਾਂ ਵਿੱਚੋਂ ਬਹੁਤਿਆਂ ਨੂੰ ਜੁਗਿਆਣਾ ਕੰਗਣਵਾਲ ਦਾ ਦੌਰਾ ਜ਼ਰੂਰ ਕਰਵਾਇਆ ਜਾਂਦਾ ਸੀ। ਇੱਥੋਂ ਦੇ ਕਿਸਾਨਾਂ ਕੋਲ ਟ੍ਰੈਕਟਰ ਸਨ ਤੇ ਪਾਣੀ ਲਈ ਮੋਟਰਾਂ ਲਗੀਆਂ ਸਨ। ਪਿੰਡ ਦਾ ਬਹੁਤਾ ਰਕਬਾ ਰੇਤਲੇ ਟਿੱਬੇ ਸਨ, ਜਿੱਥੇ ਮੂੰਗਫਲੀ ਦੀ ਕਾਸ਼ਤ ਹੁੰਦੀ ਸੀ। ਕਿਸਾਨਾਂ ਨੇ ਮਿਹਨਤ ਨਾਲ ਖੇਤ ਪੱਧਰੇ ਕਰ ਕੇ ਕਣਕ ਦੀ ਖੇਤੀ ਸ਼ੁਰੂ ਕੀਤੀ। ਜਦੋਂ ਕਣਕ ਤੇ ਝੋਨੇ ਦੀਆਂ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਆਈਆਂ, ਉਦੋਂ ਵੀ ਇਸ ਪਿੰਡ ਦੇ ਕਿਸਾਨ ਸਭ ਤੋਂ ਅੱਗੇ ਸਨ। ਉਨ੍ਹਾਂ ਮੂੰਗਫਲੀ ਦੀ ਥਾਂ ਝੋਨਾ ਲਗਾਉਣਾ ਸ਼ੁਰੂ ਕਰ ਦਿੱਤਾ। ਪਿੰਡ ਦੇ ਸਾਰੇ ਫਾਰਮ ਦਰਸ਼ਨੀ ਸਨ। ਪਿੰਡ ਦਾ ਸਭ ਤੋਂ ਵੱਡਾ ਕਿਸਾਨ ਸਰਦਾਰ ਰਾਮ ਸਿੰਘ ਸੀ, ਜਿਸ ਕੋਲ ਤਿੰਨ ਮੁਰੱਬੇ ਜ਼ਮੀਨ ਸੀ। ਉਹ ਪੰਜਾਬ ਦੇ ਸਾਬਕਾ ਖੇਤੀਬਾੜੀ ਡਾਇਰੈਕਟਰ ਤੇ ਲੋਕ ਸਭਾ ਮੈਂਬਰ ਸਰਦਾਰ ਬਹਾਦਰ ਲਾਲ ਸਿੰਘ ਦਾ ਛੋਟਾ ਭਰਾ ਸੀ।

### ਮੁਢਲਾ ਜੀਵਨ ਤੇ ਖੇਤੀ ਪਿਛੋਕੜ

ਸਰਦਾਰ ਰਾਮ ਸਿੰਘ ਦੇ ਚਾਰ ਪੁੱਤਰ ਸਨ। ਵੱਡਾ ਅੱਡ ਹੋ ਕੇ ਵੱਖਰੀ ਖੇਤੀ ਕਰਦਾ ਸੀ। ਸਭ ਤੋਂ ਛੋਟਾ ਅਮਰੀਕਾ ਚਲਾ ਗਿਆ। ਜਗਜੀਤ ਸਿੰਘ ਤੇ ਪਰਮਜੀਤ ਸਿੰਘ ਪਿਤਾ ਦੇ ਨਾਲ ਸਨ। ਪਰਮਜੀਤ ਬਚਪਨ 'ਚ ਪੋਲੀਓ ਹੋਣ ਕਾਰਨ ਖੇਤੀ ਦਾ ਹੀ ਕੰਮ ਕਰਦਾ ਸੀ ਪਰ ਜਗਜੀਤ ਲੁਧਿਆਣੇ ਦੇ ਸਰਕਾਰੀ ਕਾਲਜ 'ਚ ਐੱਮਏ-ਅਰਥ ਸ਼ਾਸਤਰ ਕਰ ਰਿਹਾ ਸੀ। ਐੱਮਏ ਕਰਨ ਪਿੱਛੋਂ ਜਗਜੀਤ ਸਿੰਘ ਨੇ ਖੇਤੀਬਾੜੀ ਕਰਨ ਦਾ ਫ਼ੈਸਲਾ ਲਿਆ। ਅਸਲ 'ਚ ਖੇਤੀ ਨਾਲ ਉਹ ਸੁਰਤ ਸੰਭਾਲਦਿਆਂ ਹੀ ਜੁੜ ਗਿਆ ਸੀ। ਬਹੁਤੇ ਪੰਜਾਬੀ ਪਰਿਵਾਰਾਂ ਵਾਂਗ ਉਨ੍ਹਾਂ ਦੇ ਪਿਤਾ ਜੀ ਵੀ ਪੱਛਮੀ ਪੰਜਾਬ 'ਚ ਨਵੀਆਂ ਆਬਾਦ ਹੋਈਆਂ ਬਾਰਾਂ ਵਿਚ ਚਲੇ ਗਏ ਸਨ। ਉਨ੍ਹਾਂ ਦਾ ਬਚਪਨ ਚੱਕ ਨੰਬਰ-327 ਸੰਗਤਪੁਰਾ ਜ਼ਿਲ੍ਹਾ ਮੁਲਤਾਨ 'ਚ ਬੀਤਿਆ। ਛੋਟੇ ਹੁੰਦਿਆਂ ਹੀ ਉਹ ਖੇਤਾਂ 'ਚ ਕੰਮ ਕਰ ਕੇ ਖ਼ੁਸ਼ ਸੀ। ਖੇਤੀ ਨਾਲ ਇੰਨਾਂ ਲਗਾਅ ਸੀ ਕਿ ਸਕੂਲ ਤੋਂ ਆ ਕੇ ਸਿੱਧਾ ਖੇਤਾਂ ਵੱਲ ਚਲੇ ਜਾਣਾ।

ਪ੍ਰਾਇਮਰੀ ਦੀ ਪੜ੍ਹਾਈ ਪਿੱਛੋਂ ਨੇੜਲੇ ਕਸਬੇ ਬੂੜੇਵਾਲ ਦੇ ਸਰਕਾਰੀ ਹਾਈ ਸਕੂਲ 'ਚ ਜਗਜੀਤ ਨੂੰ ਦਾਖ਼ਲ ਕਰਵਾ ਦਿੱਤਾ ਗਿਆ। ਇਹ ਸਕੂਲ ਪਿੰਡੋਂ ਅੱਠ ਕਿੱਲੋਮੀਟਰ ਸੀ ਤੇ ਪੈਦਲ ਹੀ ਜਾਣਾ ਪੈਂਦਾ ਸੀ। ਰਾਹ 'ਚ ਰੇਤ ਦੇ ਟਿੱਬੇ ਸਨ, ਜਿਹੜੇ ਗਰਮੀਆਂ 'ਚ ਤਪ ਜਾਂਦੇ ਸਨ। ਸਕੂਲੋਂ ਵਾਪਸੀ ਵੇਲੇ ਬਹੁਤ ਔਖ ਹੁੰਦੀ ਸੀ। ਦੋਵਾਂ ਪੁੱਤਰਾਂ ਦੀ ਤਕਲੀਫ਼ ਨੂੰ ਦੇਖਦਿਆਂ ਪਿਤਾ ਜੀ ਨੇ ਉਨ੍ਹਾਂ ਨੂੰ ਸਾਈਕਲ ਲੈ ਦਿੱਤਾ। ਜਗਜੀਤ ਅਜੇ ਛੇਵੀਂ ਜਮਾਤ 'ਚ ਹੀ ਸੀ ਕਿ ਦੇਸ਼ ਆਜ਼ਾਦ ਹੋ ਗਿਆ ਤੇ ਪੰਜਾਬ ਦੇ ਦੋ ਟੁਕੜੇ ਹੋ ਗਏ। ਜਗਜੀਤ ਦੇ ਪਰਿਵਾਰ ਨੂੰ ਵਾਪਸ ਆਉਣਾ ਪਿਆ। ਉਨ੍ਹਾਂ ਦੇ ਪਰਿਵਾਰ ਨੇ ਜਗਾਧਰੀ ਨੇੜੇ ਪਿੰਡ ਅਮਾਦਲਪੁਰ 'ਚ ਜ਼ਮੀਨ ਖ਼ਰੀਦੀ ਹੋਈ ਸੀ। ਪਾਕਿਸਤਾਨ ਤੋਂ ਆ ਕੇ ਇਥੇ ਹੀ ਉਨ੍ਹਾਂ ਨੇ ਖੇਤੀ ਸ਼ੁਰੂ ਕੀਤੀ। ਖੇਤੀ ਦੀ ਸੌਖ ਲਈ ਪਰਿਵਾਰ ਨੇ ਟ੍ਰੈਕਟਰ ਖ਼ਰੀਦਿਆ, ਉਸ ਇਲਾਕੇ ਦਾ ਸ਼ਾਇਦ ਇਹ ਪਹਿਲਾ ਟ੍ਰੈਕਟਰ ਸੀ। ਜਗਜੀਤ ਨੂੰ ਟ੍ਰੈਕਟਰ ਚਲਾਉਣ ਦਾ ਬਹੁਤ ਸ਼ੌਕ ਸੀ ਪਰ ਪੜ੍ਹਾਈ ਵੀ ਜ਼ਰੂਰੀ ਹੈ। ਇਸ ਲਈ ਦੋਵਾਂ ਭਰਾਵਾਂ ਨੂੰ ਐੱਸਡੀ ਹਾਈ ਸਕੂਲ 'ਚ ਦਾਖ਼ਲ ਕਰਵਾ ਦਿੱਤਾ। ਪੜ੍ਹਾਈ 'ਚ ਦਿਲ ਨਹੀਂ ਸੀ ਲਗਦਾ ਪਰ ਦਸਵੀਂ ਤਾਂ ਪਾਸ ਕਰਨੀ ਹੀ ਪੈਣੀ ਸੀ।

ਮੁਸ਼ਕਿਲ ਨਾਲ ਦਸਵੀਂ ਪਾਸ ਕੀਤੀ ਤਾਂ ਜਗਜੀਤ ਤੇ ਉਨ੍ਹਾਂ ਦੇ ਪਿਤਾ ਨੇ ਫ਼ੈਸਲਾ ਕਰ ਲਿਆ ਕਿ ਜਗਜੀਤ ਹੁਣ ਖੇਤੀ ਹੀ ਕਰੇਗਾ। ਪਾਕਿਸਤਾਨ ਵਿਚ ਛੱਡੀ ਜ਼ਮੀਨ ਬਦਲੇ ਉਨ੍ਹਾਂ ਨੂੰ ਪਿੰਡ ਕੰਗਣਵਾਲ 'ਚ ਜ਼ਮੀਨ ਅਲਾਟ ਹੋ ਗਈ। ਇਹ ਇਕ ਗਾਰਡਨ ਕਾਲੋਨੀ ਸੀ। ਇਥੇ ਹਰ ਕਿਸਾਨ ਲਈ ਬਾਗ਼ ਲਗਾਉਣਾ ਲਾਜ਼ਮੀ ਸੀ। ਇਥੇ ਉਨ੍ਹਾਂ ਕੋਲ ਤਿੰਨ ਮੁਰੱਬੇ ਜ਼ਮੀਨ ਹੋ ਗਈ, ਜਿਸ ਨਾਲ ਇਹ ਪਰਿਵਾਰ ਵੱਡੇ ਕਿਸਾਨਾਂ 'ਚ ਸ਼ੁਮਾਰ ਹੋਣ ਲੱਗਾ। ਜਗਜੀਤ ਸਿੰਘ ਦਾ ਪਰਿਵਾਰ ਕੰਗਣਵਾਲ ਆ ਗਿਆ ਤੇ ਖੇਤੀ ਸ਼ੁਰੂ ਕਰ ਦਿੱਤੀ। ਟ੍ਰੈਕਟਰ ਖ਼ਰੀਦਣ ਤੇ ਟਿਊਬਵੈੱਲ ਲਗਵਾਉਣ ਵਾਲਾ ਇਹ ਪਹਿਲਾ ਪਰਿਵਾਰ ਸੀ।

### ਤਰੱਕੀ ਲਈ ਦੋ ਸੰਕਲਪ

ਖੇਤੀਬਾੜੀ ਕਰਨ ਦੌਰਾਨ ਇਕ ਦਿਨ ਜਗਜੀਤ ਸਿੰਘ ਦੇ ਹੱਥ ਇਕ ਮੈਗਜ਼ੀਨ ਲੱਗਾ, ਜਿਸ 'ਚ ਇਕ ਲੇਖ ਸੀ ਕਿ 'ਕਾਲਜ ਬਗ਼ੈਰ ਗਿਆਨ ਨਹੀਂ ਤੇ ਪਤਨੀ ਬਗ਼ੈਰ ਜੀਵਨ ਨਹੀਂ।' ਜਗਜੀਤ ਦੇ ਮਨ 'ਚ ਖ਼ਿਆਲ ਆਇਆ ਕਿ ਕਾਲਜ ਜ਼ਰੂਰ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਆਪਣੀ ਮਾਤਾ ਨੂੰ ਆਪਣੀ ਪੜ੍ਹਾਈ ਲਈ ਰਾਜ਼ੀ ਕਰ ਲਿਆ। ਜਗਜੀਤ ਨੇ ਪਿਤਾ ਨੂੰ ਯਕੀਨ ਦਵਾਇਆ ਕਿ ਉਹ ਖੇਤੀ ਦੇ ਕੰਮ 'ਚ ਢਿੱਲ ਨਹੀਂ ਆਉਣ ਦੇਵੇਗਾ। ਜਗਜੀਤ ਨੇ ਲੁਧਿਆਣੇ ਗੁਜਰਾਂਵਾਲਾ ਖ਼ਾਲਸਾ ਕਾਲਜ 'ਚ ਦਾਖ਼ਲਾ ਲਿਆ ਤੇ ਚੰਗੇ ਨੰਬਰਾਂ 'ਚ ਐੱਫਏ ਪਾਸ ਕੀਤੀ। ਬੀਏ ਵੀ ਚੰਗੇ ਨੰਬਰ ਲੈ ਕੇ ਪਾਸ ਕੀਤੀ। ਫਿਰ ਜਗਜੀਤ ਨੇ ਸਰਕਾਰੀ ਕਾਲਜ ਲੁਧਿਆਣਾ ਵਿਖੇ ਐੱਮਏ (ਅਰਥ ਸ਼ਾਸਤਰ) 'ਚ ਦਾਖ਼ਲਾ ਲੈ ਲਿਆ ਤੇ 1960 ਵਿਚ ਵਧੀਆ ਨੰਬਰ ਲੈ ਕੇ ਡਿਗਰੀ ਪ੍ਰਾਪਤ ਕੀਤੀ।

ਨੌਕਰੀ ਬਾਰੇ ਉਨ੍ਹਾਂ ਨੇ ਕਦੇ ਸੋਚਿਆ ਹੀ ਨਹੀਂ ਸੀ, ਇਸ ਲਈ ਪੂਰੀ ਤਰ੍ਹਾਂ ਖੇਤੀ ਨੂੰ ਸਮਰਪਿਤ ਹੋ ਕੇ ਦਿਨ-ਰਾਤ ਮਿਹਨਤ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ ਆਪਣੇ ਦੋ ਅਸੂਲ ਬਣਾ ਲਏ ਕਿ ਖੇਤੀ ਖ਼ਰਚ ਤੇ ਆਮਦਨ ਦਾ ਪੂਰਾ ਹਿਸਾਬ ਕਿਤਾਬ ਰੱਖਣਾ ਤੇ ਕਦੇ ਵੀ ਉਪਜ ਨੂੰ ਲੈ ਕੇ ਮੰਡੀ 'ਚ ਨਹੀਂ ਜਾਣਾ। ਉਹ ਸੌਣ ਤੋਂ ਪਹਿਲਾਂ ਰੋਜ਼ਾਨਾ ਖ਼ਰਚਿਆਂ ਦਾ ਪੂਰਾ ਹਿਸਾਬ-ਕਿਤਾਬ ਰੱਖਦੇ। ਉਨ੍ਹਾਂ ਦਾ ਮੰਨਣਾ ਹੈ ਕਿ ਜਦ ਤਕ ਕਿਸਾਨ ਖ਼ਰਚ ਤੇ ਆਮਦਨ ਦਾ ਹਿਸਾਬ ਨਹੀਂ ਕਰਦਾ, ਉਸ ਨੂੰ ਪੈ ਰਹੇ ਘਾਟੇ ਦਾ ਗਿਆਨ ਹੀ ਨਹੀਂ ਹੁੰਦਾ। ਦੂਜੀ ਗੱਲ ਇਹ ਕਿ ਉਪਜ ਨੂੰ ਮੰਡੀ 'ਚ ਲਿਜਾਣ ਤੋਂ ਤਦ ਹੀ ਬਚਿਆ ਜਾ ਸਕਦਾ ਹੈ ਜੇ ਜਿਣਸ ਨੂੰ ਬੀਜ ਦੇ ਰੂਪ 'ਚ ਵੇਚਿਆ ਜਾਵੇ। ਕੋਈ ਵੀ ਉਪਜ ਬੀਜ ਦੇ ਰੂਪ 'ਚ ਉਦੋਂ ਹੀ ਵਿਕਦੀ ਹੈ ਜੇ ਉਹ ਕਿਸੇ ਨਵੀਂ ਪ੍ਰਮਾਣਿਤ ਕਿਸਮ ਦਾ ਬੀਜ ਹੋਵੇ। ਬੀਜ ਤੰਦਰੁਸਤ, ਨਿਰੋਲ ਅਤੇ ਸਾਫ਼-ਸੁਥਰਾ ਹੋਵੇ।

### ਨਵੀਆਂ ਕਿਸਮਾਂ ਦੀ ਕਾਢ

ਜਗਜੀਤ ਖੇਤੀ ਦੇ ਸਾਰੇ ਕੰਮ ਆਪਣੇ ਸਾਹਮਣੇ ਕਰਵਾਉਂਦਾ ਸੀ। ਕਣਕ-ਝੋਨੇ ਦੇ ਨਾਲ-ਨਾਲ ਉਨ੍ਹਾਂ ਨੇ ਸਬਜ਼ੀਆਂ ਦੇ ਬੀਜ ਵੀ ਪੈਦਾ ਕਰਨੇ ਸ਼ੁਰੂ ਕਰ ਦਿੱਤੇ। ਤਰਬੂਜ ਦੀ 'ਬੇਬੀ ਸ਼ੂਗਰ' ਕਿਸਮ ਦਾ ਬੀਜ ਉਨ੍ਹਾਂ ਨੇ ਵੱਡੇ ਪੱਧਰ 'ਤੇ ਤਿਆਰ ਕੀਤਾ। ਉਨ੍ਹਾਂ ਫ਼ੈਸਲਾ ਕੀਤਾ ਕਿ ਖੇਤ ਵਿੱਚੋਂ ਸਾਲ 'ਚ ਘੱਟੋ-ਘੱਟ ਤਿੰਨ ਫ਼ਸਲਾਂ ਜ਼ਰੂਰ ਲੈਣੀਆਂ ਹਨ। 84 ਸਾਲਾਂ ਨੂੰ ਢੁੱਕਣ ਵਾਲਾ ਇਹ ਕਿਸਾਨ ਹੁਣ ਵੀ ਸਾਲ 'ਚ ਤਿੰਨ ਫ਼ਸਲਾਂ ਲੈਂਦਾ ਹੈ। ਖੇਤੀ ਵਿਚ ਪਾਣੀ, ਰਸਾਇਣਕ ਖਾਦਾਂ ਤੇ ਕੀੜੇਮਾਰ ਜ਼ਹਿਰਾਂ ਦੀ ਘੱਟ ਵਰਤੋਂ ਦੇ ਉਹ ਆਪ ਤਜ਼ਰਬੇ ਕਰਦਾ ਹੈ। ਇਸ ਕਰਕੇ ਉਸ ਨੂੰ 'ਵਿਗਿਆਨੀ ਕਿਸਾਨ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਕ ਪੜ੍ਹੇ-ਲਿਖੇ ਤੇ ਖੇਤੀ ਵਿਚ ਨਿੱਤ ਨਵੇਂ ਤਜਰਬੇ ਕਰਨ ਵਾਲੇ ਅਗਾਂਹਵਧੂ ਕਿਸਾਨ ਦੀ ਤਮੰਨਾ ਹੁੰਦੀ ਹੈ ਕਿ ਉਹ ਉੱਨਤ ਦੇਸ਼ਾਂ ਦੀ ਖੇਤੀ ਨੂੰ ਵੇਖ ਕੇ ਕੁਝ ਨਵਾਂ ਸਿੱਖੇ। ਇਹ ਮੌਕਾ ਵੀ ਜਗਜੀਤ ਸਿੰਘ ਹਾਰਾ ਨੂੰ ਛੇਤੀ ਹੀ ਮਿਲ ਗਿਆ। 1965 ਵਿਚ 'ਇੰਟਰਨੈਸ਼ਨਲ ਫਾਰਮ ਯੂਥ ਐਕਸਚੇਂਜ ਪ੍ਰੋਗਰਾਮ' ਤਹਿਤ ਉਨ੍ਹਾਂ ਦੀ ਚੋਣ ਹੋਈ। ਉਹ 1966 ਵਿਚ ਅਮਰੀਕਾ ਗਏ ਤੇ ਛੇ ਮਹੀਨੇ ਉਥੋਂ ਦੇ ਵੱਖ-ਵੱਖ ਕਿਸਾਨ ਪਰਿਵਾਰਾਂ ਦੇ ਮਹਿਮਾਨ ਬਣ ਕੇ ਰਹੇ। ਇਸ ਨਾਲ ਵਿਗਿਆਨਕ ਖੇਤੀ ਲਈ ਉਨ੍ਹਾਂ ਅੰਦਰ ਹੋਰ ਵੀ ਉਤਸ਼ਾਹ ਭਰਿਆ ਗਿਆ। •

### ਪ੍ਰਾਪਤੀਆਂ ਤੇ ਮਾਣ-ਸਨਮਾਨ





ਜਗਜੀਤ ਸਿੰਘ ਵੱਲੋਂ ਖੇਤੀ ਖੇਤਰ 'ਚ ਕੀਤੇ ਜਾ ਰਹੇ ਤਜਰਬਿਆਂ ਨੂੰ ਵੇਖਦਿਆਂ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੇ ਉਨ੍ਹਾਂ ਨੂੰ ਵਿਜ਼ਟਿੰਗ ਪ੍ਰੋਫੈਸਰ ਬਣਾਇਆ। ਇਸ ਨਾਲ ਉਨ੍ਹਾਂ ਦਾ ਫਾਰਮ ਮਿੰਨੀ ਖੋਜ ਕੇਂਦਰ ਬਣ ਗਿਆ। ਸਿਆਸੀ ਨੇਤਾ, ਖੇਤੀ ਮਾਹਿਰ ਜਾਂ ਵਿਦੇਸ਼ੀ ਮਾਹਿਰ ਯੂਨੀਵਰਸਿਟੀ ਆਉਂਦੇ ਤਾਂ ਉਨ੍ਹਾਂ ਨੂੰ ਜਗਜੀਤ ਸਿੰਘ ਦਾ 'ਹਾਰਾ ਫਾਰਮ' ਜ਼ਰੂਰ ਵਿਖਾਇਆ ਜਾਂਦਾ ਸੀ। ਇਸ ਨਾਲ ਹਾਰਾ ਫਾਰਮ ਦੀ ਮਸ਼ਹੂਰੀ ਦੇਸ਼-ਵਿਦੇਸ਼ ਵਿਚ ਹੋਈ। ਉਹ ਪੀਏਯੂ ਦੇ ਪ੍ਰਬੰਧਕੀ ਬੋਰਡ ਦੇ ਮੈਂਬਰ ਵੀ ਥਾਪੇ ਗਏ। ਜਗਜੀਤ ਸਿੰਘ ਦੀਆਂ ਖੇਤੀ ਪ੍ਰਾਪਤੀਆਂ ਨੂੰ ਮੁੱਖ ਰੱਖਦਿਆਂ ਭਾਰਤ ਸਰਕਾਰ ਨੇ 1992 ਵਿਚ ਉਨ੍ਹਾਂ ਨੂੰ 'ਪਦਮਸ਼੍ਰੀ' ਨਾਲ ਸਨਮਾਨਿਤ ਕੀਤਾ। ਨੋਬਲ ਪੁਰਸਕਾਰ ਜੇਤੂ ਤੇ ਮਧਰੀਆਂ ਕਣਕਾਂ ਦੇ ਜਨਮਦਾਤਾ ਡਾ. ਬੋਰਲੋਗ ਨੇ ਪੰਜ ਵਾਰ ਉਨ੍ਹਾਂ ਦੇ ਫਾਰਮ ਦਾ ਦੌਰਾ ਕੀਤਾ। ਅੰਤਰਰਾਸ਼ਟਰੀ ਝੋਨਾ ਖੋਜ ਕੇਂਦਰ ਫਿਲੀਪੀਨ ਨੇ ਆਪਣੇ ਸਿਲਵਰ ਜੁਬਲੀ ਸਮਾਗਮ ਸਮੇਂ ਸੰਸਾਰ ਦੇ 14 ਕਿਸਾਨਾਂ ਨੂੰ ਸਨਮਾਨਿਤ ਕੀਤਾ, ਇਨ੍ਹਾਂ ਵਿਚ ਜਗਜੀਤ ਸਿੰਘ ਦਾ ਨਾਂ ਵੀ ਸ਼ਾਮਲ ਸੀ। ਉਨ੍ਹਾਂ ਨੂੰ ਰੂਸ ਵਿਚ ਵੀ ਸਨਮਾਨਿਤ ਕੀਤਾ ਗਿਆ। ਭਾਰਤ ਸਰਕਾਰ ਨੇ ਉਨ੍ਹਾਂ ਨੂੰ 'ਭਾਰਤੀ ਬੀਜ ਨਿਗਮ' ਦਾ ਡਾਇਰੈਕਟਰ ਥਾਪਿਆ। ਚੀਨ ਸਰਕਾਰ ਨੇ ਸੰਨ 2003 ਵਿਚ ਉਨ੍ਹਾਂ ਨੂੰ ਚੀਨ ਬੁਲਾਇਆ ਤੇ ਖੇਤੀ ਸਾਂਝਾਂ ਪਾਈਆਂ। ਉਨ੍ਹਾਂ ਨੂੰ 'ਸਟੇਟ ਬੈਂਕ ਆਫ ਪਟਿਆਲਾ' ਤੇ 'ਯੂਕੋ ਬੈਂਕ' ਦਾ ਡਾਇਰੈਕਟਰ ਬਣਨ ਦਾ ਵੀ ਮੌਕਾ ਮਿਲਿਆ। ਇਸ ਤੋਂ ਇਲਾਵਾ ਉਨ੍ਹਾਂ ਨੂੰ ਹੋਰ ਬਹੁਤ ਸਾਰੇ ਇਨਾਮ-ਸਨਮਾਨ ਵੀ ਪ੍ਰਾਪਤ ਹੋਏ। ਅੱਧੀ ਸਦੀ ਦੇ ਆਪਣੇ ਖੇਤੀ ਸਫ਼ਰ ਦੌਰਾਨ ਜਗਜੀਤ ਸਿੰਘ ਹਾਰਾ ਦੂਸਰੇ ਕਿਸਾਨਾਂ ਲਈ ਰਾਹ ਦਸੇਰਾ ਬਣਿਆ ਹੈ। ਦੇਸ਼ ਦੇ ਸਭ ਤੋਂ ਅਗਾਂਹਵਧੂ ਪਿੰਡ ਕੰਗਣਵਾਲ ਨੂੰ ਭਾਵੇਂ ਅੱਜ ਕਾਰਖ਼ਾਨਿਆਂ ਦੀਆਂ ਚਿਮਨੀਆਂ ਦੇ ਧੂੰਏਂ ਨੇ ਨਿਗਲ ਲਿਆ ਹੈ ਅਤੇ ਹੁਣ ਸਿਰਫ਼ 'ਹਾਰਾ ਫਾਰਮ' ਹੀ ਇਸ ਦੀ ਨਿਸ਼ਾਨੀ ਰਹਿ ਗਿਆ ਹੈ ਪਰ ਜਗਜੀਤ ਸਿੰਘ ਹਾਰਾ ਨੇ ਸਿੱਧ ਕਰ ਦਿੱਤਾ ਹੈ ਕਿ ਦ੍ਰਿੜ ਇਰਾਦੇ ਨਾਲ ਕੀਤੀ ਮਿਹਨਤ ਸਫਲਤਾ ਜ਼ਰੂਰ ਮਿਲਦੀ ਹੈ।

# ਮੁਹਾਲੀ ਵਿਖੇ ਬਣੇਗਾ ਜਲ ਭਵਨ, ਇੱਕ ਛੱਤ ਹੇਠ ਮਿਲਣਗੀਆਂ ਸਾਰੀਆਂ ਸੇਵਾਵਾਂ: ਮੁੰਡੀਆ



**ਚੰਡੀਗੜ੍ਹ, 9 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਸੂਬਾ ਵਾਸੀਆਂ ਨੂੰ ਬਿਹਤਰੀਨ ਤੇ ਸੁਖਾਲੀਆਂ ਨਾਗਰਿਕ ਸੇਵਾਵਾਂ ਦੇਣ ਦੀ ਵਚਨਬੱਧਤਾ ਤਹਿਤ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵੱਲੋਂ ਮੁਹਾਲੀ ਵਿਖੇ ਜਲ ਭਵਨ ਬਣਾਇਆ ਜਾ ਰਿਹਾ ਹੈ ਜਿੱਥੇ ਇੱਕ ਛੱਤ ਹੇਠ ਲੋਕਾਂ ਨੂੰ ਸਾਰੀਆਂ ਸੇਵਾਵਾਂ ਮਿਲਣਗੀਆਂ।

ਇਹ ਜਾਣਕਾਰੀ ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਅੱਜ ਇੱਥੇ ਪੰਜਾਬ ਭਵਨ ਵਿਖੇ ਇਸ ਭਵਨ ਦੀ ਉਸਾਰੀ ਲਈ ਸਬੰਧਤ ਅਧਿਕਾਰੀਆਂ ਨਾਲ ਮੀਟਿੰਗ ਕਰਨ ਉਪਰੰਤ ਦਿੱਤੀ। ਉਨ੍ਹਾਂ ਕਿਹਾ ਕਿ ਇਹ ਭਵਨ ਦੋ ਸਾਲ ਦੇ ਅੰਦਰ-ਅੰਦਰ ਮੁਕੰਮਲ ਹੋਵੇਗਾ। ਮੀਟਿੰਗ ਵਿੱਚ ਆਰਕੀਟੈਕਚਰ ਵਿਭਾਗ ਦੇ ਮੁੱਖ ਆਰਕੀਟੈਕਟ ਵੱਲੋਂ ਜਲ ਭਵਨ ਦੀ ਉਸਾਰੀ ਸਬੰਧੀ ਪੇਸ਼ਕਾਰੀ ਵੀ ਦਿੱਤੀ ਗਈ।

ਸ. ਮੁੰਡੀਆ ਨੇ ਕਿਹਾ ਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਕੋਲ ਮੁਹਾਲੀ ਜਾਂ ਚੰਡੀਗੜ੍ਹ ਵਿਖੇ ਕੋਈ ਵੀ ਅਜਿਹੀ ਆਪਣੀ ਇਮਾਰਤ ਨਹੀਂ ਹੈ, ਜਿਸ ਵਿੱਚ ਵਿਭਾਗ ਦਾ ਸਾਰਾ ਸਟਾਫ ਇਕੱਠਾ ਬੈਠ ਸਕੇ। ਇਸ ਮੰਤਵ ਲਈ ਮਾਡਰਨ ਸਟੇਟ ਆਫ ਆਰਟ ਜਲ ਭਵਨ ਬਣਾਉਣ ਦਾ ਫੈਸਲਾ ਕੀਤਾ ਗਿਆ ਜਿਸ ਵਿੱਚ ਵਿਭਾਗ ਦੇ ਸਾਰੇ ਦਫਤਰ ਇਕੱਠੇ ਹੋਣਗੇ। ਇਸ ਨਾਲ ਦਫਤਰ ਦੀ ਕਾਰਜਪ੍ਰਣਾਲੀ ਵਿੱਚ ਇਜ਼ਾਫਾ ਹੋਵੇਗਾ ਅਤੇ ਆਮ ਲੋਕਾਂ ਨੂੰ ਵੀ ਇੱਕ ਛੱਤ ਹੇਠ ਸਾਰੀਆਂ ਸੇਵਾਵਾਂ ਮਿਲਣਗੀਆਂ।

ਨਵੇਂ ਬਣਾਏ ਜਾਣ ਵਾਲੇ ਜਲ ਭਵਨ ਦੀਆਂ ਵਿਸ਼ੇਸ਼ਤਾਵਾਂ ਬਾਰੇ ਦੱਸਦਿਆਂ ਸ. ਮੁੰਡੀਆ ਨੇ ਕਿਹਾ ਕਿ ਇਸ ਇਮਾਰਤ ਵਿੱਚ ਵੱਡਾ ਆਡੀਟੋਰੀਅਮ, ਕਈ ਤਰ੍ਹਾਂ ਦੇ ਕਾਨਫਰੰਸ ਹਾਲ, ਵੱਡਾ ਮੀਟਿੰਗ ਹਾਲ, ਕਰੈਚ, ਰੈਸਟ ਹਾਊਸ ਆਦਿ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ ਤਾਂ ਜੋ ਵਿਭਾਗ ਨਾਲ ਸਬੰਧਤ ਕੰਮਾਂ ਕਾਰਾਂ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ ਜਲ ਸਪਲਾਈ ਮੰਤਰੀ ਨੇ ਅਧਿਕਾਰੀਆਂ ਨੂੰ ਇਸ ਇਮਾਰਤ ਨੂੰ ਉੱਚ ਮਿਆਰੀ ਬਣਾਉਣ ਦੀ ਹਦਾਇਤ ਕਰਦਿਆਂ ਕਿਹਾ ਕਿ ਉੱਚ ਦਰਜੇ ਦੀਆਂ ਸਹੂਲਤਾਂ ਮੁਹੱਈਆ ਕਰਵਾਉਣਾ ਯਕੀਨੀ ਬਣਾਇਆ ਜਾਵੇ।

ਮੀਟਿੰਗ ਦੌਰਾਨ ਆਰਕੀਟੈਕਚਰ ਵਿਭਾਗ ਵੱਲੋਂ ਦੱਸਿਆ ਗਿਆ ਹੈ ਕਿ ਇਸ ਇਮਾਰਤ ਨੂੰ ਗ੍ਰਿਹਾ/ਈ.ਸੀ.ਬੀ.ਸੀ. ਨਾਰਮਜ਼ ਅਨੁਸਾਰ ਬਣਾਇਆ ਜਾਵੇਗਾ, ਤਾਂ ਜੋ ਭਵਿੱਖ ਵਿੱਚ ਇਸ ਇਮਾਰਤ ਵਿੱਚ ਹੋਣ ਵਾਲੇ ਓਪਰੇਸ਼ਨ ਦੇ ਖਰਚੇ ਨੂੰ ਘਟਾਇਆ ਜਾ ਸਕੇ।

ਪ੍ਰਮੁੱਖ ਸਕੱਤਰ ਨੀਲ ਕੰਠ ਅਵਾਡ ਵੱਲੋਂ ਦੱਸਿਆ ਗਿਆ ਹੈ ਕਿ ਵਿਭਾਗ ਕੋਲ ਸਾਲ 2025-26 ਲਈ ਇਸ ਇਮਾਰਤ ਨੂੰ ਬਣਾਉਣ ਸਬੰਧੀ 10 ਕਰੋੜ ਰੁਪਏ ਦਾ ਬਜਟ ਉਪਬੰਧ ਹੈ ਅਤੇ ਜੇਕਰ ਇਹ ਬਜਟ ਲੋਕ ਨਿਰਮਾਣ ਵਿਭਾਗ ਵੱਲੋਂ ਨਵੰਬਰ-ਦਸੰਬਰ ਮਹੀਨੇ ਤੱਕ ਖਰਚ ਲਿਆ ਜਾਂਦਾ ਹੈ ਤਾਂ ਵਿੱਤ ਵਿਭਾਗ ਕੋਲ ਵਧੇਰੇ ਬਜਟ ਮੁਹੱਈਆ ਕਰਵਾਉਣ ਲਈ ਪਹੁੰਚ ਕੀਤੀ ਜਾਵੇਗੀ।

# ਪੰਜਾਬ ਪੁਲਿਸ ਨੇ ਸੂਬੇ ਭਰ ਦੀਆਂ ਜ਼ਿਲ੍ਹਾ ਅਤੇ ਸਬ-ਡਵੀਜ਼ਨਲ ਅਦਾਲਤਾਂ ਵਿੱਚ ਚਲਾਈ ਘੇਰਾਬੰਦੀ ਅਤੇ ਤਲਾਸ਼ੀ ਮੁਹਿੰਮ

**ਚੰਡੀਗੜ੍ਹ, 9 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਆਜ਼ਾਦੀ ਦਿਵਸ-2025 ਦੇ ਸ਼ਾਂਤੀਪੂਰਨ ਜਸ਼ਨਾਂ ਨੂੰ ਯਕੀਨੀ ਬਣਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸਖ਼ਤ ਸੁਰੱਖਿਆ ਪ੍ਰਬੰਧਾਂ ਸਬੰਧੀ ਜਾਰੀ ਨਿਰਦੇਸ਼ਾਂ ਅਨੁਸਾਰ ਪੰਜਾਬ ਪੁਲਿਸ ਨੇ ਅੱਜ ਰਾਜ ਭਰ ਦੀਆਂ ਸਾਰੀਆਂ ਜ਼ਿਲ੍ਹਾ ਅਤੇ ਸਬ-ਡਵੀਜ਼ਨਲ ਅਦਾਲਤਾਂ ਅਤੇ ਉਨ੍ਹਾਂ ਦੇ ਆਲੇ-ਦੁਆਲੇ ਘੇਰਾਬੰਦੀ ਅਤੇ ਤਲਾਸ਼ੀ ਮੁਹਿੰਮ (ਕਾਸੋ) ਚਲਾਈ ਤਾਂ ਜੋ ਸਾਰੇ ਨਿਆਂਇਕ ਕੰਪਲੈਕਸਾਂ ਵਿੱਚ ਠੋਸ ਸੁਰੱਖਿਆ ਪ੍ਰਬੰਧਾਂ ਨੂੰ ਯਕੀਨੀ ਬਣਾਇਆ ਜਾ ਸਕੇ।

ਇਹ ਮੁਹਿੰਮ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਰਾਜ ਭਰ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਚਲਾਈ ਗਈ।

ਸਪੈਸ਼ਲ ਡੀਜੀਪੀ ਕਾਨੂੰਨ ਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਕਿਹਾ ਕਿ ਸੀਪੀਜ਼/ਐਸਐਸਪੀਜ਼ ਨੂੰ ਇਸ ਕਾਰਵਾਈ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰਨ ਅਤੇ ਐਸਪੀ ਰੈਂਕ ਦੇ ਅਧਿਕਾਰੀਆਂ ਦੀ ਦੇਖਰੇਖ ਹੇਠ ਚੈਕਿੰਗ ਲਈ ਲੋੜੀਂਦੀ ਗਿਣਤੀ ਵਿੱਚ ਪੁਲਿਸ ਟੀਮਾਂ ਬਣਾਉਣ ਦੇ ਨਿਰਦੇਸ਼ ਦਿੱਤੇ ਗਏ ਸਨ।

ਉਨ੍ਹਾਂ ਕਿਹਾ ਕਿ ਇਸ ਦੌਰਾਨ ਸੀਪੀਜ਼/ਐਸਐਸਪੀਜ਼ ਨੂੰ ਅਦਾਲਤੀ ਕੰਪਲੈਕਸ ਦੇ ਅੰਦਰ ਅਤੇ ਆਲੇ-ਦੁਆਲੇ ਸਾਰੇ ਸ਼ੱਕੀ ਵਿਅਕਤੀਆਂ ਦੀ ਜਾਂਚ ਕਰਨ ਦੇ ਨਾਲ-ਨਾਲ ਵਾਹਨ ਐਂਪ ਦੀ ਵਰਤੋਂ ਜ਼ਰੀਏ ਕੰਪਲੈਕਸ ਦੇ ਆਲੇ-ਦੁਆਲੇ ਖੜ੍ਹੇ ਸਾਰੇ ਵਾਹਨਾਂ ਦੀ ਜਾਂਚ ਕਰਨ ਲਈ ਵੀ ਕਿਹਾ ਗਿਆ।

# ਪੰਜਾਬ ਆਜ਼ਾਦੀ ਘੁਲਾਟੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੈ: ਹਰਪਾਲ ਸਿੰਘ ਚੀਮਾ



**ਚੰਡੀਗੜ੍ਹ, 9 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੇ ਆਜ਼ਾਦੀ ਸੰਘਰਸ਼ ਦੀ ਵਿਰਾਸਤ ਦਾ ਸਨਮਾਨ ਕਰਨ ਵੱਲ ਇੱਕ ਦ੍ਰਿੜ ਕਦਮ ਚੁੱਕਦੇ ਹੋਏ ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਵੱਲੋਂ ਅੱਜ ਸੁਤੰਤਰਤਾ ਸੰਗਰਾਮੀ ਵਿਭਾਗ ਨੂੰ 'ਫਰੀਡਮ ਫਾਈਟਰਜ਼, ਉੱਤਰਾਅਧਿਕਾਰੀ ਸੰਸਥਾ' ਦੁਆਰਾ ਉਠਾਈਆਂ ਗਈਆਂ ਸਾਰੀਆਂ ਜਾਇਜ਼ ਮੰਗਾਂ ਦੇ ਹੱਲ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਦੇਸ਼ ਆਜ਼ਾਦੀ ਅੰਦੋਲਨ ਦੌਰਾਨ ਕੀਤੀਆਂ ਗਈਆਂ ਬੇਮਿਸਾਲ ਕੁਰਬਾਨੀਆਂ ਦਾ ਹਮੇਸ਼ਾਂ ਰਿਣੀ ਅਤੇ ਪੰਜਾਬ ਸਰਕਾਰ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਦੇ ਨਾਲ-ਨਾਲ ਉਨ੍ਹਾਂ ਦੇ ਵਾਰਸਾਂ ਦੇ ਸਨਮਾਨ ਨੂੰ ਕਾਇਮ ਰੱਖਣ ਪ੍ਰਤੀ ਵਚਨਬੱਧ ਹੈ।

'ਫਰੀਡਮ ਫਾਈਟਰਜ਼, ਉੱਤਰਾਅਧਿਕਾਰੀ ਸੰਸਥਾ, ਪੰਜਾਬ' ਦੇ ਨੁਮਾਇੰਦਿਆਂ ਨਾਲ ਪੰਜਾਬ ਸਿਵਲ ਸਕੱਤਰੇਤ ਵਿੱਚ ਆਪਣੇ ਦਫਤਰ ਵਿਖੇ ਹੋਈ ਮੀਟਿੰਗ ਦੌਰਾਨ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਉਨ੍ਹਾਂ ਦੁਆਰਾ ਉਠਾਏ ਗਏ ਵੱਖ-ਵੱਖ ਮੁੱਦਿਆਂ 'ਤੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ। ਉਨ੍ਹਾਂ ਦੇ ਮੁੱਦਿਆਂ ਦੀ ਭਾਵਨਾਤਮਕ ਅਤੇ ਇਤਿਹਾਸਕ ਮਹੱਤਤਾ ਨੂੰ ਪਛਾਣਦੇ ਹੋਏ, ਵਿੱਤ ਮੰਤਰੀ ਨੇ ਵਿਸ਼ੇਸ਼ ਮੁੱਖ ਸਕੱਤਰ, ਸੁਤੰਤਰਤਾ ਸੰਗਰਾਮੀ ਵਿਭਾਗ, ਰਾਜੀ ਪੀ. ਸ਼੍ਰੀਵਾਸਤਵ ਨੂੰ ਸੰਸਥਾ ਦੀਆਂ ਸਾਰੀਆਂ ਜਾਇਜ਼ ਮੰਗਾਂ ਦੇ ਸਮੇਂ ਸਿਰ ਅਤੇ ਪਾਰਦਰਸ਼ੀ ਹੱਲ ਨੂੰ ਯਕੀਨੀ ਬਣਾਉਂਦੇ ਹੋਏ ਨਿਵਾਰਣ ਪ੍ਰਕਿਰਿਆ ਨੂੰ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ।

ਵਿੱਤ ਮੰਤਰੀ ਚੀਮਾ ਨੇ ਕਿਹਾ ਕਿ ਪੰਜਾਬ ਸਰਕਾਰ ਆਜ਼ਾਦੀ ਘੁਲਾਟੀਆਂ ਅਤੇ ਉਨ੍ਹਾਂ ਦੇ ਵਾਰਸਾਂ ਨਾਲ ਨਾ ਸਿਰਫ਼ ਭਾਵਨਾਤਮਕ ਤੌਰ 'ਤੇ ਸਗੋਂ ਹਕੀਕੀ ਤੌਰ 'ਤੇ ਵੀ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ।

ਉਨ੍ਹਾਂ ਅੱਗੇ ਕਿਹਾ ਕਿ ਆਜ਼ਾਦੀ ਘੁਲਾਟੀਆਂ ਨੇ ਹਿੰਮਤ ਅਤੇ ਦ੍ਰਿੜ੍ਹਤਾ ਨਾਲ ਸਾਡੇ ਦੇਸ਼ ਦੀ ਨੀਂਹ ਰੱਖੀ ਸੀ, ਅਤੇ ਨਿਆਂ ਤੇ ਸਨਮਾਨ ਨਾਲ ਉਸ ਵਿਰਾਸਤ ਦਾ ਸਨਮਾਨ ਕਰਨਾ ਸਾਡਾ ਫ਼ਰਜ਼ ਹੈ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਇਸ ਮੌਕੇ ਆਜ਼ਾਦੀ ਘੁਲਾਟੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਲਈ 'ਆਪ' ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਜ਼ੋਰ ਦਿੱਤਾ ਕਿ ਪੰਜਾਬ ਦੇ ਵਿਕਾਸ ਦੇ ਬਿਰਤਾਂਤ ਵਿੱਚ ਉਨ੍ਹਾਂ ਦੇ ਸਹੀ ਸਥਾਨ ਨੂੰ ਪਛਾਣਨ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ।

ਮੀਟਿੰਗ ਦੇ ਅੰਤ ਵਿੱਚ 'ਫਰੀਡਮ ਫਾਈਟਰਜ਼, ਉੱਤਰਾਅਧਿਕਾਰੀ ਸੰਸਥਾ, ਪੰਜਾਬ' ਦੇ ਨੁਮਾਇੰਦਿਆਂ ਨੂੰ ਪੰਜਾਬ ਸਰਕਾਰ ਵੱਲੋਂ ਲਗਾਤਾਰ ਸਹਿਯੋਗ ਅਤੇ ਜਵਾਬਦੇਹੀ ਦਾ ਭਰੋਸਾ ਦਿੰਦਿਆਂ ਉਨ੍ਹਾਂ ਲੋਕਾਂ ਦੇ ਜੀਵਨ ਵਿੱਚ ਸਥਾਈ ਪ੍ਰਭਾਵ ਪੈਦਾ ਕਰਨ ਲਈ ਸਹਿਯੋਗੀ ਯਤਨਾਂ ਨੂੰ ਜਾਰੀ ਰੱਖਣ ਦੀ ਵਚਨਬੱਧਤਾ ਦੁਹਰਾਈ ਗਈ ਜੋ ਭਾਰਤ ਦੇ ਸੁਤੰਤਰਤਾ ਸੰਗਰਾਮ ਦੀ ਵਿਰਾਸਤ ਨੂੰ ਅੱਗੇ ਲਿਜਾ ਰਹੇ ਹਨ।

ਮੀਟਿੰਗ ਦੌਰਾਨ 'ਫਰੀਡਮ ਫਾਈਟਰਜ਼, ਉੱਤਰਾਅਧਿਕਾਰੀ ਸੰਸਥਾ, ਪੰਜਾਬ' ਦੀ ਨੁਮਾਇੰਦਗੀ ਕਰਦਿਆਂ ਸੂਬਾ ਪ੍ਰਧਾਨ ਚਤਿੰਨ ਸਿੰਘ ਸੇਖੋਂ ਮਾਨਸਾ, ਜਨਰਲ ਸਕੱਤਰ ਰਵਿੰਦਰ ਸਿੰਘ ਨੰਗਲਾ ਬਠਿੰਡਾ ਅਤੇ ਸੀਨੀਅਰ ਮੀਤ ਪ੍ਰਧਾਨ ਮੇਜਰ ਸਿੰਘ ਬਰਨਾਲਾ ਵੱਲੋਂ ਸੰਸਥਾ ਦੀਆਂ ਮੰਗਾਂ ਅਤੇ ਮੁੱਦੇ ਪੇਸ਼ ਕੀਤੇ ਗਏ।

# ਅਗਨੀਵੀਰ ਦੀ ਭਰਤੀ ਲਈ ਫਿਜ਼ੀਕਲ ਤਿਆਰੀ ਸਬੰਧੀ ਮੁਫ਼ਤ ਸਿਖਲਾਈ ਕੈਂਪ ਸ਼ੁਰੂ



**ਗੁਰਦਾਸਪੁਰ, 9 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਵਿਭਾਗ ਸੀ-ਪਾਈਟ ਆਰਮੀ ਕੈਂਪ ਡੇਰਾ ਬਾਬਾ ਨਾਨਕ (ਜ਼ਿਲ੍ਹਾ ਗੁਰਦਾਸਪੁਰ) ਵਿਖੇ ਜ਼ਿਲ੍ਹਾ ਗੁਰਦਾਸਪੁਰ, ਅੰਮ੍ਰਿਤਸਰ ਅਤੇ ਪਠਾਨਕੋਟ ਦੇ ਨੌਜਵਾਨ ਜੋ ਫ਼ੌਜ ਦੀ ਭਰਤੀ ਲਈ ਲਿਖਤੀ ਪੇਪਰ ਪਾਸ ਕਰ ਚੁੱਕੇ ਹਨ, ਉਨ੍ਹਾਂ ਨੌਜਵਾਨਾਂ ਦੀ ਫਿਜ਼ੀਕਲ ਟਰੇਨਿੰਗ ਪੂਰੇ ਜ਼ੋਰਾਂ ਨਾਲ ਚੱਲ ਰਹੀ ਹੈ।

ਪੈਰਾ ਮਿਲਟਰੀ ਫੋਰਸ ਵਿੱਚ ਭਰਤੀ ਹੋਣ ਦੇ ਚਾਹਵਾਨ ਨੌਜਵਾਨਾਂ ਲਈ ਵੀ ਸੀ-ਪਾਈਟ ਡੇਰਾ ਬਾਬਾ ਨਾਨਕ ਵਿਖੇ ਟਰੇਨਿੰਗ ਕੈਂਪ ਸ਼ੁਰੂ ਕਰ ਦਿੱਤਾ ਗਿਆ ਹੈ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੀ-ਪਾਈਟ ਕੈਂਪ ਦੇ ਟਰੇਨਿੰਗ ਅਫ਼ਸਰ ਸੂਬੇਦਾਰ ਗੁਰਨਾਮ ਸਿੰਘ ਨੇ ਦੱਸਿਆ ਕਿ ਪੈਰਾ ਮਿਲਟਰੀ ਫੋਰਸ ਜਿਵੇਂ ਐੱਸ.ਐੱਸ.ਸੀ, ਬੀ.ਐੱਸ.ਐੱਫ ਦੀ ਭਰਤੀ ਦੀ ਤਿਆਰੀ ਲਈ ਸੀ-ਪਾਈਟ ਕੈਂਪ ਡੇਰਾ ਬਾਬਾ ਨਾਨਕ ਵਿਖੇ ਸਰੀਰਕ ਤੇ ਲਿਖਤੀ ਪੇਪਰ ਦੀ ਤਿਆਰੀ ਸ਼ੁਰੂ ਹੋ ਚੁੱਕੀ ਹੈ ਜੋ ਕਿ ਬਿਲਕੁਲ ਮੁਫ਼ਤ ਕਰਵਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸਿਖਲਾਈ ਦੌਰਾਨ ਨੌਜਵਾਨਾਂ ਦੇ ਰਹਿਣ ਲਈ ਮੁਫ਼ਤ ਹੋਸਟਲ ਦਾ ਪ੍ਰਬੰਧ ਹੈ ਅਤੇ ਨੌਜਵਾਨਾਂ ਨੂੰ ਤਿੰਨ ਟਾਈਮ ਦਾ ਖਾਣਾ ਵੀ ਮੁਫ਼ਤ ਦਿੱਤਾ ਜਾਂਦਾ ਹੈ।

ਸੂਬੇਦਾਰ ਸਤਨਾਮ ਸਿੰਘ ਨੇ ਦੱਸਿਆ ਕਿ ਚਾਹਵਾਨ ਨੌਜਵਾਨ ਦਸਵੀਂ, ਬਾਰ੍ਹਵੀਂ ਦੇ ਸਰਟੀਫਿਕੇਟ, ਅਧਾਰ ਕਾਰਡ, ਜਾਤੀ ਸਰਟੀਫਿਕੇਟ ਦੇ ਨਾਲ ਦੋ ਪਾਸਪੋਰਟ ਸਾਈਜ਼ ਫ਼ੋਟੋਆਂ ਲੈ ਕੇ ਈ-ਪਾਈਟ ਆਰਮੀ ਕੈਂਪ ਡੇਰਾ ਬਾਬਾ ਨਾਨਕ (ਜ਼ਿਲ੍ਹਾ ਗੁਰਦਾਸਪੁਰ) ਵਿਖੇ ਜਲਦੀ ਤੋਂ ਜਲਦੀ ਪਹੁੰਚ ਕੇ ਫ਼ਾਇਦਾ ਉਠਾ ਸਕਦੇ ਹਨ। ਉਨ੍ਹਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ ਸੀ-ਪਾਈਟ ਕੈਂਪ ਡੇਰਾ ਬਾਬਾ ਨਾਨਕ ਦੇ ਸੰਪਰਕ ਨੰਬਰਾਂ 62830-31125, 94647-56808 ਜਾਂ 94174-20125 ਉੱਪਰ ਰਾਬਤਾ ਕੀਤਾ ਜਾ ਸਕਦਾ ਹੈ।

# ਹਰ ਮਨੁੱਖ ਨੂੰ ਜ਼ਿੰਦਗੀ ਵਿੱਚ ਪੰਜ ਬੂਟੇ ਲਗਾਕੇ ਉਹਨਾਂ ਦੀ ਸਾਂਭ ਸੰਭਾਲ ਕਰਨੀ ਚਾਹੀਦੀ ਹੈ : ਪਰਮਿੰਦਰ ਭਲਵਾਨ

**ਪਟਿਆਲਾ, 9 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹੇ ਦੀ ਨਾਮਵਰ ਸਮਾਜ ਸੇਵੀ ਸੰਸਥਾ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ,ਯੁਵਕ ਸੇਵਾਵਾਂ ਕਲੱਬ ਦੀਪ ਨਗਰ ਵੱਲੋਂ ਦੂਸ਼ਿਤ ਹੁੰਦੇ ਜਾ ਰਹੇ ਵਾਤਾਵਰਣ ਨੂੰ ਬਚਾਉਣ ਲਈ ਵੱਖ ਵੱਖ ਥਾਵਾਂ ਉਪਰ ਬੂਟੇ ਲਗਾਏ ਗਏ।ਜਿਸ ਵਿੱਚ ਮੁੱਖ ਮਹਿਮਾਨ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਪ੍ਰਧਾਨ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਮੈਂਬਰ ਜ਼ਿਲ੍ਹਾ ਸਾਝ ਕੇਂਦਰ , ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੌਸਲਿੰਗ ਸੈਲ ਪਟਿਆਲਾ ਪੁਲਿਸ ਨੇ ਸ਼ਿਰਕਤ ਕੀਤੀ।ਪ੍ਰੋਗਰਾਮ ਦੀ ਪ੍ਰਧਾਨਗੀ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ। ਵਿਸ਼ੇਸ਼ ਤੌਰ ਤੇ ਲੈਫਟੀਨੈਂਟ ਜਗਦੀਪ ਸਿੰਘ ਜੌਸੀ,ਵਿਨੇ ਸ਼ਰਮਾ,ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ,ਹਰਮਨਜੀਤ ਸਿੰਘ ਰੰਧਾਵਾ , ਗੁਰਜੀਤ ਸਿੰਘ ਲੱਕੀ ਹਰਦਾਸਪੁਰ ਨੇ ਭਰਪੂਰ ਸਹਿਯੋਗ ਦਿੱਤਾ। ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਹਰ ਸਾਲ ਅਨੇਕਾਂ ਸਰਕਾਰੀ ਵਿਭਾਗ, ਸਮਾਜ ਸੇਵੀ ਸੰਸਥਾਵਾਂ ਲੱਖਾਂ ਦੀ ਗਿਣਤੀ ਵਿੱਚ ਰੁੱਖ ਲਗਾਉਂਦੀਆਂ ਹਨ ਜੋਂ ਕਿ ਬਹੁਤ ਹੀ ਵਧੀਆ ਉਪਰਾਲਾ ਹੈ ਵਾਤਾਵਰਣ ਨੂੰ ਬਚਾਉਣ ਲਈ, ਪ੍ਰੰਤੂ ਰੁੱਖ ਲਗਾਕੇ ਉਹਨਾਂ ਦੀ ਸਾਭ ਸੰਭਾਲ ਕਰਨੀ ਵੀ ਬਹੁਤ ਜ਼ਰੂਰੀ ਹੈ।ਉਹਨਾਂ ਕਿਹਾ ਕਿ ਹਰ ਮਨੁੱਖ ਨੂੰ ਜ਼ਿੰਦਗੀ ਵਿਚ ਪੰਜ ਰੁੱਖ ਲਗਾਕੇ ਉਹਨਾਂ ਦੀ ਸਾਭ ਸੰਭਾਲ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਅੱਜ ਹਰ ਦਿਨ ਵੱਧਦੇ ਤਾਪਮਾਨ ਲਈ ਇੰਨਸਾਨ ਖੁਦ ਜ਼ਿੰਮੇਵਾਰ ਹੈ ਮਨੁੱਖ ਨੇ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਰੁੱਖਾਂ ਨੂੰ ਕੱਟਣਾ ਸ਼ੁਰੂ ਕਰ ਦਿੱਤਾ ਅਤੇ ਨਵੇਂ ਬੂਟੇ ਨਹੀਂ ਲਗਾਏ ਜਿਸ ਕਾਰਨ ਗੋਲਬਲ ਵਾਰਮਿੰਗ ਕਾਰਨ ਮਨੁੱਖ ਨੂੰ ਕੀਤੇ ਅੱਜ ਹੜਾ,ਸੋਕਾ,ਕੀਤੇ ਭਿਆਨਕ ਗਰਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ।ਉਹਨਾਂ ਪਬਲਿਕ ਨੂੰ ਵੀ ਅਪੀਲ ਕੀਤੀ ਕਿ ਦੂਸ਼ਿਤ ਹੁੰਦੇ ਵਾਤਾਵਰਨ ਨੂੰ ਬਚਾਉਣ ਲਈ ਸਾਨੂੰ ਸਾਰਿਆਂ ਨੂੰ ਵੱਧ ਤੋਂ ਵੱਧ ਬੂਟੇ ਲਗਾਕੇ ਉਹਨਾਂ ਦੀ ਸਾਭ ਸੰਭਾਲ ਕਰਨੀ ਵੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਹਰ ਇਨਸਾਨ ਨੂੰ ਆਪਣੀ ਜ਼ਿੰਦਗੀ ਵਿੱਚ ਘੱਟ ਤੋਂ ਘੱਟ ਪੰਜ ਬੂਟੇ ਲਗਾਕੇ ਉਸ ਦੀ ਸਾਭ ਸੰਭਾਲ ਕਰਨੀ ਚਾਹੀਦੀ ਹੈ ਤਾਂ ਹੀ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਨ ਦੇ ਸਕਾਂਗੇ।



# ਸੜਕ ਦੀ ਮੁਰੰਮਤ ਨਾ ਹੋਣ ਕਾਰਨ ਕਿਸਾਨਾਂ ਵੱਲੋਂ ਧਰਨਾ

**ਯਮੁਨਾਨਗਰ, 9 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਵਰ੍ਹਦੇ ਮੀਂਹ ਵਿੱਚ ਕਿਸਾਨਾਂ ਨੇ ਸੜਕ ਦੀ ਮੁਰੰਮਤ ਦੀ ਮੰਗ ਨੂੰ ਲੈ ਕੇ ਧਰਨਾ ਦਿੱਤਾ। ਇਸ ਦੌਰਾਨ ਕਿਸਾਨ ਯਮੁਨਾਨਗਰ ਦੇ ਦਾਮਲਾ ਨੇੜੇ ਕੁਰੂਕਸ਼ੇਤਰ- ਸਹਾਰਨਪੁਰ ਸੜਕ 'ਤੇ ਬੈਠ ਗਏ। ਕਿਸਾਨਾਂ ਨੇ 28 ਜੁਲਾਈ ਨੂੰ ਪ੍ਰਸ਼ਾਸਨ ਕੋਲ ਪਹੁੰਚ ਕੀਤੀ ਸੀ ਅਤੇ ਸੜਕ ਦੀ ਮੁਰੰਮਤ ਦੀ ਮੰਗ ਕੀਤੀ ਸੀ। ਉਨ੍ਹਾਂ ਇਹ ਵੀ ਅਲਟੀਮੇਟਮ ਦਿੱਤਾ ਸੀ ਕਿ ਜੇਕਰ 5 ਅਗਸਤ ਤੱਕ ਸੜਕ ਦੀ ਮੁਰੰਮਤ ਨਹੀਂ ਕੀਤੀ ਗਈ ਤਾਂ ਉਹ ਸੜਕ 'ਤੇ ਬੈਠਣ ਲਈ ਮਜਬੂਰ ਹੋਣਗੇ।



ਅਲਟੀਮੇਟਮ ਦੇ ਬਾਵਜੂਦ, ਪ੍ਰਸ਼ਾਸਨ ਦਾ ਕੋਈ ਅਧਿਕਾਰੀ ਮੌਕੇ 'ਤੇ ਨਹੀਂ ਪਹੁੰਚਿਆ ਅਤੇ ਨਾ ਹੀ ਸੜਕ ਦੀ ਮੁਰੰਮਤ ਕੀਤੀ ਗਈ। ਇਸ ਤੋਂ ਬਾਅਦ, ਅੱਜ ਕਿਸਾਨਾਂ ਨੇ ਦਾਮਲਾ ਵਿੱਚ ਇੱਕਜੁੱਟ ਹੋ ਕੇ ਸੰਯੁਕਤ ਮੋਰਚੇ ਦੇ ਬੈਨਰ ਹੇਠ ਸਹਾਰਨਪੁਰ- ਕੁਰੂਕਸ਼ੇਤਰ ਮਾਰਗ ਨੂੰ ਜਾਮ ਕਰ ਦਿੱਤਾ। ਜਿਵੇਂ ਹੀ ਸੜਕ ਜਾਮ ਹੋਈ, ਸੜਕ ਦੇ ਦੋਵੇਂ ਪਾਸੇ ਵਾਹਨਾਂ ਦੀਆਂ ਲੰਬੀਆਂ ਕਤਾਰਾਂ ਵੀ ਲੱਗ ਗਈਆਂ।

ਪੁਲੀਸ ਪ੍ਰਸ਼ਾਸਨ ਮੌਕੇ 'ਤੇ ਪਹੁੰਚਿਆ ਅਤੇ ਕਿਸਾਨਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਕਿਸਾਨ ਆਪਣੀ ਜ਼ਿੱਦ 'ਤੇ ਅੜੇ ਰਹੇ ਕਿ ਉਹ ਪਹਿਲਾਂ ਸੜਕ ਦਾ ਕੰਮ ਸ਼ੁਰੂ ਹੋਣ ਤੋਂ ਬਾਅਦ ਹੀ ਇੱਥੋਂ ਜਾਣਗੇ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਨੇ ਕੁਰੂਕਸ਼ੇਤਰ ਯਮੁਨਾਨਗਰ ਸੜਕ ਨੂੰ ਚਾਰ ਮਾਰਗੀ ਸੜਕ ਬਣਾਉਣ ਦਾ ਐਲਾਨ ਬਹੁਤ ਸਮਾਂ ਪਹਿਲਾਂ ਕੀਤਾ ਸੀ ਅਤੇ ਅੱਜ ਵੀ ਇਹ ਕੰਮ ਲਟਕਿਆ ਹੋਇਆ ਹੈ।

ਕਿਸਾਨਾਂ ਦਾ ਕਹਿਣਾ ਸੀ ਕਿ ਰਾਦੌਰ ਹਲਕੇ ਦੀ ਮੁੱਖ ਸੜਕ ਦੀ ਹਾਲਤ ਬਹੁਤ ਹੀ ਖਸਤਾ ਹੈ, ਜੋ ਮੁੱਖ ਮੰਤਰੀ ਦੇ ਹਲਕੇ ਨਾਲ ਲੱਗਦੀ ਹੈ ਅਤੇ ਇਸ ਰਸਤੇ ਤੋਂ ਰੋਜ਼ਾਨਾ ਹਜ਼ਾਰਾਂ ਵਾਹਨ ਆਉਂਦੇ ਜਾਂਦੇ ਹਨ। ਜਿਸ ਸੜਕ ਨੂੰ ਬਣਾਉਣ ਦੀ ਮੰਗ ਕਿਸਾਨ ਕਰ ਰਹੇ ਸਨ, ਉਸ ਤੋਂ ਕੁਝ ਕਦਮ ਦੀ ਦੂਰੀ 'ਤੇ ਇੱਕ ਪੌਲੀਟੈਕਨਿਕ ਕਾਲਜ ਹੈ ਅਤੇ ਇੱਥੇ ਹਰ ਰੋਜ਼ ਕੋਈ ਨਾ ਕੋਈ ਹਾਦਸਾ ਵਾਪਰਦਾ ਹੈ।

ਇਸ ਕਾਰਨ ਕਿਸਾਨ ਸੜਕਾਂ 'ਤੇ ਉਤਰ ਆਏ। ਹਾਲਾਂਕਿ, ਮੌਕੇ 'ਤੇ ਪਹੁੰਚੇ ਡਿਊਟੀ ਮੈਜਿਸਟ ?ਰੇਟ ਨੇ ਵੀ ਕਿਸਾਨਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਕਿਸਾਨਾਂ ਨੇ ਉਨ੍ਹਾਂ ਦੀ ਗੱਲ ਨਹੀਂ ਸੁਣੀ। ਬਾਅਦ ਵਿੱਚ ਡੀਐੱਸਪੀ ਦੇ ਭਰੋਸੇ 'ਤੇ, ਉਹ ਸੜਕ ਤੋਂ ਹਟ ਗਏ।

# ਕਾਮਰਸ ਡੇਅ ਮੌਕੇ ਅਧਿਆਪਕਾਂ ਵੱਲੋਂ ਵਿਸ਼ੇਸ਼ ਸਭਾ



**ਸ਼ਾਹਬਾਦ ਮਾਰਕੰਡਾ, 9 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੇ ਮਾਤਾ ਰੁਕਮਣੀ ਰਾਏ ਆਰੀਆ ਸੀਨੀਅਰ ਸੰਕੈਡਰੀ ਸਕੂਲ ਵਿੱਚ ਕਾਮਰਸ ਡੇਅ ਮੌਕੇ ਕਾਮਰਸ ਵਿਭਾਗ ਦੇ ਅਧਿਆਪਕਾਂ ਨੇ ਵਿਸ਼ੇਸ਼ ਸਵੇਰ ਪ੍ਰਾਰਥਨਾ ਸਭਾ ਕਰਵਾਈ। ਇਹ ਵਿਸ਼ੇਸ਼ ਸਭਾ ਅਧਿਆਪਕ ਨਿਧੀ ਗੁਪਤਾ ਤੇ ਡਾ. ਹਰੀਸ਼ ਦੀ ਅਗਵਾਈ ਵਿੱਚ ਹੋਈ। ਜਿਸ ਵਿੱਚ 11ਵੀਂ ਤੇ 12ਵੀਂ ਦੇ ਸਾਰੇ ਕਾਮਰਸ ਵਿਭਾਗ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ। ਜਿਸ ਵਿੱਚ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ।

ਸਭਾ ਦੀ ਸ਼ੁਰੂਆਤ ਪ੍ਰਾਰਥਨਾ ਅਤੇ ਵਿਚਾਰ ਪੇਸ਼ ਕਰ ਕੇ ਹੋਈ। ਇਸ ਤੋਂ ਬਾਅਦ ਵਣਜ ਵਿਭਾਗ ਦੇ ਵਿਦਿਆਰਥੀਆਂ ਨੇ ਕਾਮਰਸ ਦੀ ਮਹੱਤਤਾ ਬਾਰੇ ਵਿਚਾਰ ਪੇਸ਼ ਕੀਤੇ। ਵਿਦਿਆਰਥੀਆਂ ਨੇ ਲਘੂ ਨਾਟਿਕਾ ਰਾਹੀਂ ਇਹ ਦਰਸਾਇਆ ਕਿ ਅੱਜ ਦੇ ਯੁੱਗ ਵਿੱਚ ਕਾਮਰਸ ਕਿਸ ਤਰ੍ਹਾਂ ਰੁਜ਼ਗਾਰ ਅਤੇ ਅਰਥ ਵਿਵਸਥਾ ਦਾ ਇੱਕ ਮਜ਼ਬੂਤ ਆਧਾਰ ਹੈ। ਸਕੂਲ ਦੀ ਪ੍ਰਿੰਸੀਪਲ ਨਦੀਪ ਕੌਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਣਜ ਸਿਰਫ਼ ਵਪਾਰ ਤੱਕ ਸੀਮਤ ਨਹੀਂ ਹੈ, ਇੱਕ ਅਜਿਹਾ ਖੇਤਰ ਹੈ ਜੋ ਸਮਾਜਿਕ ਵਿਕਾਸ ਦੇ ਲਈ ਕਈ ਮੌਕੇ ਪ੍ਰਦਾਨ ਕਰਦਾ ਹੈ। ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਗਿਆਨ ਦੇ ਨਾਲ ਨੈਤਿਕ ਕਦਰਾਂ ਕੀਮਤਾਂ ਨੂੰ ਵੀ ਅਪਨਾਉਣ।

# ਪੰਜਾਬ ਤੇ ਹਰਿਆਣਾ ਵਿਚਾਲੇ ਦੁਵੱਲੀ ਵਾਰਤਾ ਅੱਗੇ ਵਧੀ, ਨਾਸੂਰ ਬਣੇ ਮੁੱਦੇ ਦੇ ਹੱਲ ਲਈ ਰਾਹ ਕੱਢਾਂਗੇ : ਭਗਵੰਤ ਮਾਨ



**ਨਵੀਂ ਦਿੱਲੀ, 9 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰ ਸਰਕਾਰ ਦੀ ਅਗਵਾਈ 'ਚ ਅੱਜ ਸਤਲੁਜ-ਯਮੁਨਾ ਲਿੰਕ (SYL) ਨਹਿਰ ਦੇ ਮਾਮਲੇ 'ਤੇ ਪੰਜਾਬ ਤੇ ਹਰਿਆਣਾ ਦੇ ਮੁੱਖ ਮੰਤਰੀਆਂ ਵਿਚਾਲੇ ਪੰਜਵੇਂ ਗੇੜ ਦੀ ਹੋਈ ਦੁਵੱਲੀ ਵਾਰਤਾ ਦੋ ਕਦਮ ਅੱਗੇ ਵਧੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਮੀਟਿੰਗ ਮਗਰੋਂ ਕਿਹਾ ਕਿ ਜੇ ਕੇਂਦਰ ਸਰਕਾਰ ਸੱਚੀ ਨੀਅਤ ਨਾਲ ਸਿੰਧ ਜਲ ਸੰਧੀ ਦੇ ਰੱਦ ਹੋਣ ਦੇ ਵਜੋਂ ਚਨਾਬ ਦੇ ਪਾਣੀ ਦਾ ਮੋੜਾ ਪੰਜਾਬ ਦੇ ਡੈਮਾਂ ਵੱਲ ਕਰ ਦੇਵੇ ਤਾਂ ਪੰਜਾਬ ਤੇ ਹਰਿਆਣਾ ਦਾ ਮਸਲਾ ਹਮੇਸ਼ਾ ਲਈ ਖ਼ਤਮ ਹੋ ਸਕਦਾ ਹੈ। ਉਨ੍ਹਾਂ ਦੱਸਿਆ ਕਿ ਅੱਜ ਸੁਖਾਵੇਂ ਮਾਹੌਲ ਵਿੱਚ ਮੀਟਿੰਗ ਹੋਈ ਅਤੇ ਇਸ ਮਾਮਲੇ ਦੇ ਹੱਲ ਲਈ ਅੱਗੇ ਵਧਣ ਦਾ ਰਸਤਾ ਬਣਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਪਾਣੀਆਂ ਦਾ ਝਗੜਾ ਵਿਰਾਸਤ ਵਿੱਚ ਮਿਲਿਆ ਹੈ ਅਤੇ ਪੁਰਾਣੇ ਆਗੂਆਂ ਨੇ ਇਸ ਮਾਮਲੇ 'ਤੇ ਸਿਆਸਤ ਖੇਡੀ, ਜਿਸ ਕਰਕੇ ਇਹ ਮੁੱਦਾ ਅੱਜ ਨਾਸੂਰ ਬਣ ਚੁੱਕਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਤੇ ਹਰਿਆਣਾ ਦੇ ਲੋਕਾਂ ਵਿਚਾਲੇ ਕੋਈ ਝਗੜਾ ਨਹੀਂ ਹੈ।

ਉਨ੍ਹਾਂ ਮੀਟਿੰਗ 'ਚ ਸਾਫ਼ ਕਿਹਾ ਕਿ ਪੰਜਾਬ ਕੋਲ ਫ਼ਾਲਤੂ ਪਾਣੀ ਨਹੀਂ ਹੈ, ਜਿਸ ਕਰਕੇ ਐੱਸਵਾਈਐੱਲ ਬਣਾਉਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਮੁੱਖ ਮੰਤਰੀ ਨੇ ਮੁੜ ਦੁਹਰਾਇਆ ਕਿ ਯਮੁਨਾ ਸਤਲੁਜ ਲਿੰਕ 'ਚੋਂ ਪੰਜਾਬ ਨੂੰ ਹਿੱਸਾ ਮਿਲਣਾ ਚਾਹੀਦਾ ਹੈ

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਮੀਟਿੰਗ ਵਿੱਚ ਕਿਹਾ ਕਿ ਭਾਖੜਾ ਨਹਿਰ ਕਾਫ਼ੀ ਪੁਰਾਣੀ ਹੋ ਗਈ ਹੈ, ਜਿਸ ਦੇ ਟੁੱਟਣ ਦਾ ਖ਼ਤਰਾ ਹੈ ਜਿਸ ਕਰਕੇ ਹਰਿਆਣਾ ਨੂੰ ਇੱਕ ਬਦਲ ਵਜੋਂ ਨਵੀਂ ਨਹਿਰ ਦੀ ਲੋੜ ਹੈ।

ਮੀਟਿੰਗ ਵਿਚ ਹਿੱਸਾ ਲੈਂਦੇ ਹੋਏ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ, ਕੇਂਦਰੀ ਜਲ ਸ਼ਕਤੀ ਮੰਤਰੀ ਸੀਆਰ ਪਾਟਿਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ। ਦੱਸਣਯੋਗ ਹੈ ਕਿ ਸੁਪਰੀਮ ਕੋਰਟ ਦੇ ਨਿਰਦੇਸ਼ਾਂ 'ਤੇ ਕੇਂਦਰ ਸਰਕਾਰ ਵੱਲੋਂ ਦੋਵੇਂ ਸੂਬਿਆਂ ਦਰਮਿਆਨ ਸਾਲਸ ਦੀ ਭੂਮਿਕਾ ਨਿਭਾਈ ਜਾ ਰਹੀ ਹੈ। ਕੇਂਦਰ ਤਰਫ਼ੋਂ ਹੁਣ 13 ਅਗਸਤ ਨੂੰ ਸੁਪਰੀਮ ਕੋਰਟ ਵਿੱਚ ਹੋਣ ਵਾਲੀ ਅਗਲੀ ਸੁਣਵਾਈ ਮੌਕੇ ਆਪਣੀ ਪ੍ਰਗਤੀ ਰਿਪੋਰਟ ਪੇਸ਼ ਕੀਤੀ ਜਾਵੇਗੀ।

ਕੇਂਦਰੀ ਜਲ ਸ਼ਕਤੀ ਮੰਤਰਾਲੇ ਤਰਫ਼ੋਂ ਪੰਜਾਬ ਤੇ ਹਰਿਆਣਾ ਵਿਚਾਲੇ ਉਪਰੋਕਤ ਮਸਲੇ 'ਤੇ ਆਮ ਸਹਿਮਤੀ ਬਣਾਏ ਜਾਣ ਲਈ ਕੋਸ਼ਿਸ਼ ਕੀਤੀ ਗਈ ਹੈ। ਕੇਂਦਰੀ ਜਲ ਸ਼ਕਤੀ ਮੰਤਰੀ ਸੀ.ਆਰ. ਪਾਟਿਲ ਨੇ ਅੱਜ ਮੀਟਿੰਗ ਦੀ ਪ੍ਰਧਾਨਗੀ ਕੀਤੀ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ 9 ਜੁਲਾਈ ਨੂੰ ਚੌਥੇ ਗੇੜ ਦੀ ਹੋਈ ਗੱਲਬਾਤ 'ਚ ਫ਼ਾਰਮੂਲਾ ਪੇਸ਼ ਕੀਤਾ ਸੀ ਕਿ ਸਿੰਧ ਜਲ ਸੰਧੀ ਰੱਦ ਕੀਤੇ ਜਾਣ ਮਗਰੋਂ ਹੁਣ ਚਨਾਬ ਦਾ ਪਾਣੀ ਤਰਜੀਹੀ ਅਧਾਰ 'ਤੇ ਪੰਜਾਬ ਨੂੰ ਦਿੱਤਾ ਜਾਵੇ। ਪੰਜਾਬ ਆਪਣੀਆਂ ਲੋੜਾਂ ਦੀ ਪੂਰਤੀ ਮਗਰੋਂ ਹਰਿਆਣਾ ਨੂੰ ਵਾਧੂ ਪਾਣੀ ਦੇ ਦੇਵੇਗਾ। ਪੰਜਾਬ ਅਤੇ ਹਰਿਆਣਾ ਵਿਚਾਲੇ 9 ਜੁਲਾਈ ਦੀ ਮੀਟਿੰਗ ਵਿੱਚ ਸੁਖਾਵੇਂ ਮਾਹੌਲ ਦਾ ਮੁੱਢ ਬੱਝ ਗਿਆ ਸੀ।

# ਨਸ਼ਾ ਮੁਕਤੀ ਕੇਂਦਰ 'ਚ ਨੌਜਵਾਨ ਦੀ ਹੱਤਿਆ ਮਾਮਲਾ: ਛੇ ਮੁਲਜ਼ਮ ਕਾਬੂ

**ਅੰਬਾਲਾ, 9 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੇ ਨੱਗਲ ਥਾਣੇ 'ਚ ਦਰਜ ਹੋਏ ਕਤਲ ਦੇ ਮਾਮਲੇ 'ਚ ਪੁਲੀਸ ਨੇ ਕਾਰਵਾਈ ਕਰਦਿਆਂ ਛੇ ਮੁਲਜਮਾ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾ 'ਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਨੌਜਵਾਨ ਸ਼ਾਮਲ ਹਨ। ਪੁਲੀਸ ਮੁਤਾਬਕ ਸ਼ਿਕਾਇਤਕਰਤਾ ਅਨਿਲ ਕੁਮਾਰ ਵਾਸੀ ਲਾਡਵਾ ਨੇ 3 ਅਗਸਤ ਨੂੰ ਨੱਗਲ ਥਾਣੇ ਵਿੱਚ ਦਰਖ਼ਾਸਤ ਦਿੱਤੀ ਸੀ ਕਿ ਉਸ ਦੇ ਭਤੀਜੇ ਆਕਾਸ਼ ਮਾਟਾ ਦੀ 2 ਅਗਸਤ ਨੂੰ ਰਸੂਲਪੁਰ ਸਥਿਤ ਨਸ਼ਾ ਮੁਕਤੀ ਕੇਂਦਰ ਵਿੱਚ ਕੁਝ ਨੌਜਵਾਨਾਂ ਨੇ ਹੱਤਿਆ ਕਰ ਦਿੱਤੀ ਹੈ। ਪੁਲੀਸ ਨੇ ਮਾਮਲੇ ਦੀ ਜਾਂਚ ਕੀਤੀ ।

# ਪੰਜਾਬ ਵਿੱਚ ਉਦਯੋਗਿਕ ਨੀਤੀ ਵਧਾਉਣ ਲਈ ਅੰਤਿਮ ਸੈਕਟਰਲ ਕਮੇਟੀਆਂ ਕੀਤੀਆਂ ਨੋਟੀਫਾਈ : ਕੈਬਨਿਟ ਮੰਤਰੀ ਸੰਜੀਵ ਅਰੋੜਾ

**ਚੰਡੀਗੜ੍ਹ, 9 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਦੀ ਉਦਯੋਗਿਕ ਨੀਤੀ ਨੂੰ ਮਜ਼ਬੂਤ ਕਰਨ ਅਤੇ ਕਾਰੋਬਾਰ ਕਰਨ ਦੀ ਸੌਖ ਨੂੰ ਬਿਹਤਰ ਬਣਾਉਣ ਦੇ ਮੱਦੇਨਜ਼ਰ ਉਦਯੋਗ ਮਾਹਿਰਾਂ ਤੋਂ ਸੁਝਾਅ ਇਕੱਠੇ ਕਰਨ ਦੀ ਪੰਜਾਬ ਸਰਕਾਰ ਦੀ ਪਹਿਲਕਦਮੀ ਨੂੰ ਜਾਰੀ ਰੱਖਦੇ ਹੋਏ, ਪੰਜਾਬ ਦੇ ਕੈਬਨਿਟ ਮੰਤਰੀ ਸ਼ ?ਰੀ ਸੰਜੀਵ ਅਰੋੜਾ ਨੇ ਅੱਜ ਪੰਦਰਾਂ ਹੋਰ ਸੈਕਟਰਲ ਕਮੇਟੀਆਂ ਦੇ ਗਠਨ ਦਾ ਐਲਾਨ ਕੀਤਾ, ਜਿਸ ਨਾਲ ਕਮੇਟੀਆਂ ਦੀ ਕੁੱਲ ਗਿਣਤੀ ਹੁਣ 24 ਹੋ ਗਈ ਹੈ। ਅੱਜ ਦੇ ਐਲਾਨ ਤੋਂ ਬਾਅਦ ਮੰਤਰੀ ਵੱਲੋਂ ਐਲਾਨੀਆਂ ਗਈਆਂ ਕਮੇਟੀਆਂ ਦੀ ਇਹ ਅੰਤਿਮ ਸੂਚੀ ਹੈ।

ਸ਼ ?ਰੀ ਅਰੋੜਾ ਨੇ ਮੰਗਲਵਾਰ ਨੂੰ ਇੱਥੇ ਪ੍ਰੈਸ ਕਾਨਫਰੰਸ ਵਿੱਚ ਇਹ ਐਲਾਨ ਕੀਤਾ ਅਤੇ ਕਿਹਾ ਕਿ ਨਵੀਆਂ ਬਣੀਆਂ ਕਮੇਟੀਆਂ ਵਿੱਚ ਵਿਭਿੰਨ ਉਦਯੋਗਿਕ ਖੇਤਰਾਂ ਦੇ ਮੈਂਬਰ ਸ਼ਾਮਲ ਹਨ ਅਤੇ ਇਹ ਖੇਤਰ -ਵਿਸ਼ੇਸ਼ ਨੀਤੀਗਤ ਉਪਾਵਾਂ ਦੀ ਸਿਫ਼ਾਰਸ਼ ਕਰਨ ਲਈ ਥਿੰਕ ਟੈਂਕ ਵਜੋਂ ਕੰਮ ਕਰਨਗੀਆਂ। ਨਵੀਆਂ ਕਮੇਟੀਆਂ ਆਈ.ਟੀ. ਸੈਕਟਰ, ਸਾਈਕਲ ਉਦਯੋਗ, ਆਟੋ ਅਤੇ ਆਟੋ ਕੰਪੋਨੈਂਟਸ, ਇਲੈਕਟ੍ਰਿਕ ਵਾਹਨ, ਨਵਿਆਉਣਯੋਗ ਊਰਜਾ, ਸਟੀਲ ਅਤੇ ਰੋਲਿੰਗ ਮਿੱਲਾਂ, ਪਲਾਸਟਿਕ ਅਤੇ ਰਸਾਇਣਕ ਉਤਪਾਦ, ਲੌਜਿਸਟਿਕਸ ਅਤੇ ਵੇਅਰਹਾਊਸਿੰਗ, ਫਿਲਮ ਮੀਡੀਆ, ਫਾਰਮਾਸਿਊਟੀਕਲ ਅਤੇ ਬਾਇਓਟੈਕਨਾਲੋਜੀ, ਯੂਨੀਵਰਸਿਟੀਆਂ ਅਤੇ ਕੋਚਿੰਗ ਸੰਸਥਾਵਾਂ, ਹਸਪਤਾਲ ਅਤੇ ਸਿਹਤ ਸੰਭਾਲ, ਸਟਾਰਟਅੱਪ, ਪ੍ਰਚੂਨ ਅਤੇ ਈ.ਐਸ.ਡੀ.ਐਮ.- ਇਲੈਕਟ ?ਰਾਨਿਕਸ ਸਿਸਟਮ ਡਿਜ਼ਾਈਨ ਅਤੇ ਨਿਰਮਾਣ 'ਤੇ ਕੇਂਦ੍ਰਿਤ ਹਨ।

ਨਵੀਆਂ ਗਠਿਤ 15 ਕਮੇਟੀਆਂ ਦੇ ਚੇਅਰਮੈਨ ਹੇਠ ਲਿਖੇ ਅਨੁਸਾਰ ਹਨ: ਪ੍ਰਤਾਪ ਅਗਰਵਾਲ (ਆਈਡੀਐਸ ਇਨਫੋਟੈਕ, ਮੋਹਾਲੀ) – ਆਈਟੀ ਸੈਕਟਰ, ਓਂਕਾਰ ਸਿੰਘ ਪਾਹਵਾ (ਏਵਨ ਸਾਈਕਲ, ਲੁਧਿਆਣਾ) – ਸਾਈਕਲ ਉਦਯੋਗ, ਪਰਿਤੋਸ਼ ਗਰਗ (ਹੈਪੀ ਫੋਰਜਿੰਗਜ਼, ਲੁਧਿਆਣਾ)- ਆਟੋ ਅਤੇ ਆਟੋ ਕੰਪੋਨੈਂਟਸ, ਇੰਦਰਵੀਰ ਸਿੰਘ (ਈਵੇਜ ਮੋਟਰਜ਼, ਮੋਹਾਲੀ)- ਇਲੈਕਟ੍ਰਿਕ ਵਾਹਨ, ਅਸ਼ੀਸ਼ ਕੁਮਾਰ (ਵਰਬੀਓ, ਸੰਗਰੂਰ)- ਨਵਿਆਉਣਯੋਗ ਊਰਜਾ, ਸਚਿਤ ਜੈਨ (ਵਰਧਮਾਨ ਸਟੀਲ, ਲੁਧਿਆਣਾ)- ਸਟੀਲ ਐਂਡ ਰੋਲਿੰਗ ਮਿੱਲਜ਼, ਅਭੀ ਬਾਂਸਲ (ਐਸੋਚੈਮ ਅਤੇ ਐਮ.ਡੀ. ਸਰਸਵਤੀ ਐਗਰੋ ਕੈਮੀਕਲਜ਼, ਐਸ.ਏ.ਐਸ. ਨਗਰ)- ਪਲਾਸਟਿਕ ਅਤੇ ਰਸਾਇਣਕ ਉਤਪਾਦ, ਅਸ਼ਵਨੀ ਨਈਅਰ (ਕੈਪਟਨ) ਅਤੇ (ਹਿੰਦ ਟਰਮੀਨਾ ਲੁਧਿਆਣਾ)-ਲਾਜਿਸਟਿਕਸ ਐਂਡ ਵੇਅਰਹਾਊਸਿੰਗ , ਦਿਨੇਸ਼ ਔਲਕ (ਸਪੀਡ ਰਿਕਾਰਡ) – ਫਿਲਮ ਮੀਡੀਆ, ਵਰਿੰਦਰ ਗੁਪਤਾ (ਆਈ.ਓ.ਐਲ. ਕੈਮੀਕਲਜ਼ ਐਂਡ ਫਾਰਮਾਸਿਊਟੀਕਲਜ਼, ਬਰਨਾਲਾ)- ਫਾਰਮਾਸਿਊਟੀਕਲ ਅਤੇ ਬਾਇਓਟੈਕਨਾਲੋਜੀ, ਜਸਪਾਲ ਸਿੰਘ ਸੰਧੂ (ਡਾ.) (ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਜਲੰਧਰ)- ਯੂਨੀਵਰਸਿਟੀਆਂ ਅਤੇ ਕੋਚਿੰਗ ਸੰਸਥਾਵਾਂ, ਬਿਸ਼ਵ ਮੋਹਨ (ਡਾ.) (ਡੀ.ਐਮ.ਸੀ. ਲੁਧਿਆਣਾ)- ਹਸਪਤਾਲ ਅਤੇ ਸਿਹਤ ਸੰਭਾਲ, ਮਮਤਾ ਭਾਰਦਵਾਜ (ਨਿਊਰੋਨ, ਪੰਜਾਬ ਸਟਾਰਟਅੱਪ ਹੱਬ)- ਸਟਾਰਟਅੱਪ, ਉਮੰਗ ਜਿੰਦਲ (ਹੋਮ ਲੈਂਡ ਗਰੁੱਪ)- ਰਿਟੇਲ, ਕਮਲਜੀਤ ਸਿੰਘ (ਡਾ.) (ਸੈਮੀਕੰਡਕਟਰ ਲੈਬਾਰਟਰੀ ਲਿਮਟਿਡ)- ਈ.ਐਸ.ਡੀ.ਐਮ.- ਇਲੈਕਟ ?ਰਾਨਿਕਸ ਸਿਸਟਮ ਡਿਜ਼ਾਈਨ ਅਤੇ ਨਿਰਮਾਣ।

ਸ਼ਰੀ ਸੰਜੀਵ ਅਰੋੜਾ ਨੇ ਕਿਹਾ ਕਿ ਹਰੇਕ ਕਮੇਟੀ ਦਾ ਮੁੱਖ ਕੰਮ ਸਰਕਾਰ ਨੂੰ ਪੰਜਾਬ ਦੇ ਵਿਲੱਖਣ ਉਦਯੋਗਿਕ ਵਾਤਾਵਰਨ ਦੇ ਨਾਲ-ਨਾਲ ਢਾਂਚਾਗਤ ਅਤੇ ਵਿੱਤੀ ਸੰਦਰਭ ਨੂੰ ਧਿਆਨ ਵਿੱਚ ਰੱਖਦੇ ਹੋਏ ਆਪਣੇ ਖਾਸ ਖੇਤਰ ਲਈ ਇੱਕ ਅਨੁਕੂਲਿਤ ਉਦਯੋਗਿਕ ਢਾਂਚੇ/ਨੀਤੀ ਲਈ ਇੱਕ ਢਾਂਚਾਗਤ ਧਰਾਤਲ ਪ੍ਰਦਾਨ ਕਰਨਾ ਹੋਵੇਗਾ। ਇਸਦੇ ਲਈ ਕਮੇਟੀ ਨੂੰ ਦੇਸ਼ ਦੇ ਹੋਰ ਸਾਰੇ ਸਬੰਧਿਤ ਰਾਜਾਂ ਦੀਆਂ ਨੀਤੀਆਂ ਅਤੇ ਢਾਂਚੇ ਦੀ ਜਾਂਚ ਕਰਨੀ ਚਾਹੀਦੀ ਹੈ ਅਤੇ ਇਸ ਤਰ੍ਹਾਂ ਪੰਜਾਬ ਲਈ ਇੱਕ 'ਸਰਬੋਤਮ-ਦਰਜਾ' ਨੀਤੀਗਤ ਢਾਂਚਾ ਵਿਕਸਤ ਕਰਨਾ ਚਾਹੀਦਾ ਹੈ। ਕਮੇਟੀਆਂ 1 ਅਕਤੂਬਰ 2025 ਤੱਕ ਲਿਖਤੀ ਰੂਪ ਵਿੱਚ ਇਹਨਾਂ ਸਿਫ਼ਾਰਸ਼ਾਂ ਜਮ ?ਹਾਂ ਕਰਾਉਣਗੀਆਂ।

ਹਰੇਕ ਕਮੇਟੀ ਵਿੱਚ ਇੱਕ ਚੇਅਰਪਰਸਨ ਅਤੇ ਉਦਯੋਗ ਤੋਂ ਕੁਝ ਮੈਂਬਰ ਹੋਣਗੇ। ਹਾਲਾਂਕਿ ਸਰਕਾਰ ਵੱਲੋਂ ਲੋੜ ਅਨੁਸਾਰ ਹੋਰ ਮੈਂਬਰ ਸ਼ਾਮਲ ਕੀਤੇ ਜਾ ਸਕਦੇ ਹਨ। ਮੈਂਬਰ ਆਕਾਰ, ਪੈਮਾਨੇ ਅਤੇ ਭੂਗੋਲ ਵਿੱਚ ਵਿਭਿੰਨ ਹੋਣਗੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਚਰਚਾ ਦੌਰਾਨ ਸਾਰੇ ਵਿਚਾਰ ਪੇਸ਼ ਕੀਤੇ ਜਾਣ। ਮੈਂਬਰ ਸਮੁੱਚੇ ਖੇਤਰ ਦੇ ਵੱਖ-ਵੱਖ ਉਪ-ਭਾਗਾਂ ਦੀ ਨੁਮਾਇੰਦਗੀ ਵੀ ਕਰਨਗੇ।

ਹਰੇਕ ਕਮੇਟੀ ਨੂੰ ਸਕੱਤਰੇਤ ਸਹਾਇਤਾ ਕਮੇਟੀ ਦੇ ਮੈਂਬਰ-ਸਕੱਤਰ ਦੁਆਰਾ ਪ੍ਰਦਾਨ ਕੀਤੀ ਜਾਵੇਗੀ ਜਿਵੇਂ ਕਿ ਉੱਪਰ ਦੱਸਿਆ ਗਿਆ ਹੈ, ਜੋ ਕਮੇਟੀ ਦੀਆਂ ਮੀਟਿੰਗਾਂ ਦੇ ਆਯੋਜਨ ਅਤੇ ਮਿੰਟ ਤਿਆਰ ਕਰਨ ਦਾ ਇੰਚਾਰਜ ਵੀ ਹੋਵੇਗਾ। ਉਦਯੋਗ ਅਤੇ ਵਣਜ ਵਿਭਾਗ ਤੋਂ ਜਨਰਲ ਮੈਨੇਜਰ ਜ਼ਿਲ੍ਹਾ ਉਦਯੋਗ ਕੇਂਦਰ (ਜੀਐਮਡੀਆਈਸੀ) ਅਤੇ ਪੰਜਾਬ ਬਿਊਰੋ ਆਫ਼ ਇਨਵੈਸਟਮੈਂਟ ਪ੍ਰਮੋਸ਼ਨ ਨਾਲ ਸਬੰਧਤ ਸੈਕਟਰ ਅਧਿਕਾਰੀ ਲੋੜ ਅਨੁਸਾਰ ਕਮੇਟੀ ਨੂੰ ਸੰਬੰਧਿਤ ਪ੍ਰਸ਼ਾਸਕੀ ਸਹਾਇਤਾ ਪ੍ਰਦਾਨ ਕਰਨਗੇ।ਇਸ ਤੋਂ ਪਹਿਲਾਂ, 9 ਕਮੇਟੀਆਂ ਜਿਵੇਂ ਕਿ ਸਪਿਨਿੰਗ ਅਤੇ ਬੁਣਾਈ ਕਮੇਟੀ, ਲਿਬਾਸ ਕਮੇਟੀ, ਰੰਗਾਈ ਅਤੇ ਫਿਨਿਸ਼ਿੰਗ ਯੂਨਿਟ ਕਮੇਟੀ, ਖੇਡਾਂ/ਚਮੜੇ ਦੇ ਸਾਮਾਨ ਕਮੇਟੀ, ਮਸ਼ੀਨ/ਹੈਂਡ ਟੂਲ ਕਮੇਟੀ, ਫੂਡ ਪ੍ਰੋਸੈਸਿੰਗ ਅਤੇ ਡੇਅਰੀ, ਸੈਰ-ਸਪਾਟਾ ਅਤੇ ਪ੍ਰਾਹੁਣਚਾਰੀ ਕਮੇਟੀ, ਭਾਰੀ ਮਸ਼ੀਨਰੀ, ਫਰਨੀਚਰ ਅਤੇ ਪਲਾਈ ਉਦਯੋਗ ਕਮੇਟੀ ਦਾ ਗਠਨ ਕੀਤਾ ਗਿਆ ਸੀ।

# ਚਰਨ ਗੰਗਾ ਸਟੇਡੀਅਮ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਮਨਾਇਆ ਜਾਵੇਗਾ ਅਜ਼ਾਦੀ ਦਿਹਾੜੇ ਦਾ ਸਮਾਰੋਹ : ਜਸਪ੍ਰੀਤ ਸਿੰਘ



**ਸ੍ਰੀ ਆਨੰਦਪੁਰ ਸਾਹਿਬ, 9 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਅਜਾਦੀ ਦਿਹਾੜੇ ਸਮਾਰੋਹ 19 ਅਗਸਤ ਨੂੰ ਚਰਨ ਗੰਗਾ ਸਟੇਡੀਅਮ ਸ੍ਰੀ ਅਨੰਦਪੁਰ ਸਾਹਿਬ ਵਿਖੇ ਪ੍ਰਭਾਵਸ਼ਾਲੀ ਢੰਗ ਨਾਲ ਮਨਾਏ ਜਾਣਗੇ। ਉਪ ਮੰਡਲ ਪੱਧਰ ਤੇ ਸਮਾਰੋਹ ਦੌਰਾਨ ਦੇਸ਼ ਭਗਤੀ ਅਤੇ ਸੱਭਿਆਚਾਰਕ ਪੇਸ਼ਕਾਰੀਆਂ ਦੀ ਪ੍ਰਸਤੁਤੀ ਹੋਵੇਗੀ।

ਇਹ ਜਾਣਕਾਰੀ ਜਸਪ੍ਰੀਤ ਸਿੰਘ ਉਪ ਮੰਡਲ ਮੈਜਿਸਟ ?ਰੇਟ ਸ੍ਰੀ ਅਨੰਦਪੁਰ ਸਾਹਿਬ ਨੇ ਅੱਜ ਸਮਾਰੋਹ ਦੀਆਂ ਤਿਆਰੀਆਂ ਦਾ ਰੀਵਿਊ ਕਰਨ ਉਪਰੰਤ ਦਿੱਤੀ। ਉਨ੍ਹਾਂ ਵੱਲੋਂ ਸਮਾਰੋਹ ਦੇ ਪ੍ਰਬੰਧਾ ਸਬੰਧੀ ਅਧਿਕਾਰੀਆਂ ਦੀਆਂ ਲਗਾਈਆਂ ਡਿਊਟੀਆਂ ਦੇ ਕੰਮ ਦੀ ਪ੍ਰਗਤੀ ਬਾਰੇ ਜਾਇਜਾ ਲਿਆ ਗਿਆ।

ਸੁਤੰਤਰਤਾ ਦਿਵਸ 19 ਅਗਸਤ ਨੂੰ ਚਰਨ ਗੰਗਾ ਸਟੇਡੀਅਮ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਏ ਜਾਣ ਵਾਲੇ ਸਮਾਗਮ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਐਸ.ਡੀ.ਐਮ ਨੇ ਦੱਸਿਆ ਕਿ ਸਮਾਰੋਹ ਤੋ ਪਹਿਲਾ ਸੱਭਿਆਚਾਰਕ ਤੇ ਦੇਸ਼ ਭਗਤੀ ਦੀਆਂ ਪੇਸ਼ਕਾਰੀਆਂ ਦੀ ਚੋਣ ਕੀਤੀ ਜਾਵੇਗੀ। ਉਨ੍ਹਾਂ ਨੇ ਦੱਸਿਆ ਕਿ ਸੁਤੰਤਰਤਾ ਦਿਵਸ ਮੌਕੇ ਰਾਸ਼ਟਰੀ ਝੰਡਾ ਲਹਿਰਾਉਣ ਉਪਰੰਤ, ਮਾਰਚ ਪਾਸਟ ਅਤੇ ਪੀ.ਟੀ.ਸ਼ੋਅ ਹੋਵੇਗਾ। ਮੁੱਖ ਮਹਿਮਾਨ ਪਹਿਲਾ ਪਰੇਡ ਤੋ ਸਲਾਮੀ ਲੈਣਗੇ, ਉਸ ਤੋ ਬਾਅਦ ਸੱਭਿਆਚਾਰਕ ਗਤੀਵਿਧੀਆ ਵਿਚ ਸ਼ਾਮਿਲ ਵਿਦਿਆਰਥੀਆਂ ਦਾ ਵਿਸ਼ੇਸ ਸਨਮਾਨ ਹੋਵੇਗਾ।

ਉਨ੍ਹਾਂ ਦੱਸਿਆ ਕਿ 9 ਅਗਸਤ ਨੂੰ ਆਈਟਮਾਂ ਦੀ ਚੋਣ 11,12 ਅਗਸਤ ਨੂੰ ਰਿਹਸਲ ਤੇ 13 ਅਗਸਤ ਨੂੰ ਫੁੱਲ ਡਰੈੱਸ ਰਿਹਸਲ ਕਰਵਾਈ ਜਾਵੇਗੀ। ਉਨ੍ਹਾਂ ਨੇ ਦੱਸਿਆ ਕਿ ਸਮਾਰੋਹ ਵਾਲੇ ਸਥਾਨ ਦੀ ਸਾਫ ਸਫਾਈ, ਪੀਣ ਵਾਲਾ ਪਾਣੀ, ਮੈਡੀਕਲ ਟੀਮ ਲਗਾਉਣ ਲਈ ਵੱਖ ਵੱਖ ਵਿਭਾਗਾ ਦੀਆ ਡਿਊਟੀਆ ਲਗਾ ਦਿੱਤੀਆਂ ਹਨ।

ਇਸ ਮੌਕੇ ਨਾਇਬ ਤਹਿਸੀਲਦਾਰ ਸ੍ਰੀ ਅਨੰਦਪੁਰ ਸਾਹਿਬ ਕਰਨਵੀਰ ਸਿੰਘ, ਨਾਇਬ ਤਹਿਸੀਲਦਾਰ ਨੂਰਪੁਰ ਬੇਦੀ ਸੁਨੀਤਾ ਖਿਲਾਨ, ਡਾ.ਰਣਵੀਰ ਸਿੰਘ, ਪ੍ਰਿੰ.ਸੁਖਪਾਲ ਕੌਰ ਵਾਲੀਆ, ਪ੍ਰਿੰ. ਨੀਰਜ ਕੁਮਾਰ ਵਰਮਾ, ਪ੍ਰਿੰ.ਸ਼ਰਨਜੀਤ ਸਿੰਘ, ਰਣਜੀਤ ਸਿੰਘ ਐਨ.ਸੀ.ਸੀ.ਅਫਸਰ, ਡਾਇਰੈਕਟਰ ਗੁਰਮਿੰਦਰ ਸਿੰਘ ਭੁੱਲਰ, ਮਦਨ ਲਾਲ ਸੈਨੇਟਰੀ ਇੰਸਪੈਕਟਰ, ਬਰਜਿੰਦਰ ਸਿੰਘ, ਸਿਮਰਨਪਾਲ ਸਿੰਘ, ਰਾਜੀਵ ਕੁਮਾਰ ਉੱਪਲ, ਇਕਬਾਲ ਸਿੰਘ, ਰੁਪਿੰਦਰਜੀਤ ਕੌਰ, ਦਲਜੀਤ ਕੌਰ, ਸਤੀਸ਼ ਕੁਮਾਰ ਤੇ ਵੱਖ ਵੱਖ ਸਕੂਲਾ ਦੇ ਮੁਖੀ ਹਾਜਰ ਸਨ।

# ਭੋਜਨ ’ਚ ਮਿਲਾਵਟ ਖਿਲਾਫ ਮਾਨ ਸਰਕਾਰ ਦੀ ਸਭ ਤੋਂ ਵੱਡੀ ਮੁਹਿੰਮ !

**ਕੌਮੀ ਪਤ੍ਰਿਕਾ**

ਚੰਡੀਗੜ੍ਹ 9 ਅਗਸਤ। ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਨੇ ਜਿਸ ਪੱਧਰ ’ਤੇ ਮਿਲਾਵਟਖੋਰੀ ਅਤੇ ਘਟੀਆ ਗੁਣਵੱਤਾ ਵਾਲੀਆਂ ਖਾਣ-ਪੀਣ ਦੀਆਂ ਵਸਤਾਂ ਵਿਰੁੱਧ ਕਾਰਵਾਈ ਕੀਤੀ ਹੈ, ਉਹ ਪੂਰੇ ਦੇਸ਼ ਵਿੱਚ ਇੱਕ ਉਦਾਹਰਣ ਬਣ ਗਈ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸਰਕਾਰ ਨੇ ਭੋਜਨ ਸੁਰੱਖਿਆ ਨੂੰ ਸਿਰਫ਼ ਕਾਗਜ਼ਾਂ ਦਾ ਮਾਮਲਾ ਨਹੀਂ ਰਹਿਣ ਦਿੱਤਾ, ਸਗੋਂ ਇਸਨੂੰ ਹਰ ਪੰਜਾਬੀ ਦੀ ਥਾਲੀ ਵਿੱਚ ਲਿਆਂਦਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਕੀਤਾ। ਉਨ੍ਹਾਂ ਕਿਹਾ ਕਿ ਇਹ ਉਹੀ ਸਰਕਾਰ ਹੈ ਜਿਸਨੇ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦੀ ਗੁਣਵੱਤਾ ਨੂੰ ਬਿਹਤਰ ਬਣਾਉਣ ਲਈ ਵੱਡੇ ਫੈਸਲੇ ਲਏ, ਮੁਹੱਲਾ ਕਲੀਨਿਕ ਵਰਗੀਆਂ ਸਿਹਤ ਸੇਵਾਵਾਂ ਨੂੰ ਹਰ ਘਰ ਤੱਕ ਪਹੁੰਚਾਇਆ ਅਤੇ ਨਸ਼ਾ ਵਿਰੋਧੀ ਪਾਠਕ੍ਰਮ ਤੋਂ ਲੈ ਕੇ ਸੜਕ ਸੁਰੱਖਿਆ ਤੱਕ ਕਈ ਮੋਰਚਿਆਂ ’ਤੇ ਕੰਮ ਕੀਤਾ। ਹੁਣ ਖਾਣ-ਪੀਣ ਦੀਆਂ ਵਸਤਾਂ ਵਿੱਚ ਮਿਲਾਵਟ ਵਿਰੁੱਧ ਇਹ ਵੱਡੀ ਮੁਹਿੰਮ ਪੰਜਾਬ ਵਿੱਚ ਬਦਲਾਅ ਦੀ ਇੱਕ ਹੋਰ ਠੋਸ ਉਦਾਹਰਣ ਬਣ ਗਈ ਹੈ। ਸਰਕਾਰ ਵੱਲੋਂ ਪਿਛਲੇ ਤਿੰਨ ਸਾਲਾਂ ਵਿੱਚ ਖਾਣ-ਪੀਣ ਦੀਆਂ ਵਸਤਾਂ ਦੀ ਸ਼ੁੱਧਤਾ ਨੂੰ ਲੈ ਕੇ ਕੀਤਾ ਗਿਆ ਜ਼ਮੀਨੀ ਕੰਮ ਬੇਮਿਸਾਲ ਹੈ। ਦੁੱਧ, ਪਨੀਰ, ਦੇਸੀ ਘਿਓ, ਮਸਾਲੇ, ਮਠਿਆਈਆਂ, ਫਾਸਟ ਫੂਡ, ਫਲ ਅਤੇ ਸਬਜ਼ੀਆਂ ਦੇ ਹਜ਼ਾਰਾਂ ਨਮੂਨੇ ਲਏ ਗਏ ਅਤੇ ਟੈਸਟ ਕੀਤੇ ਗਏ। ਜਿੱਥੇ ਵੀ ਮਿਲਾਵਟ ਜਾਂ ਮਾੜੀ ਗੁਣਵੱਤਾ ਪਾਈ ਗਈ, ਸਰਕਾਰ ਨੇ ਤੁਰੰਤ ਕਾਰਵਾਈ ਕੀਤੀ, ਸਾਮਾਨ ਜ਼ਬਤ ਕਰਕੇ ਨਸ਼ਟ ਕਰ ਦਿੱਤਾ ਗਿਆ ਅਤੇ ਸਬੰਧਤ ਲੋਕਾਂ ਵਿਰੁੱਧ ਕਾਨੂੰਨੀ ਮਾਮਲੇ ਦਰਜ ਕੀਤੇ ਗਏ। ਸਰਕਾਰ ਦੀ ਚੌਕਸੀ ਦਾ ਨਤੀਜਾ ਇਹ ਨਿਕਲਿਆ ਕਿ ਪਨੀਰ ਦੇ 2340 ਨਮੂਨਿਆਂ ਦੀ ਜਾਂਚ ਵਿੱਚ 1000 ਤੋਂ ਵੱਧ ਬੇਨਿਯਮੀਆਂ ਦੀ ਪਛਾਣ ਕੀਤੀ ਗਈ ਅਤੇ



ਮਿਲਾਵਟਖੋਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਗਈ। 5300 ਕਿਲੋਗ੍ਰਾਮ ਤੋਂ ਵੱਧ ਪਨੀਰ ਜ਼ਬਤ ਕੀਤਾ ਗਿਆ ਅਤੇ 4200 ਕਿਲੋਗ੍ਰਾਮ ਨਸ਼ਟ ਕਰ ਦਿੱਤਾ ਗਿਆ। 2559 ਦੁੱਧ ਦੇ ਨਮੂਨਿਆਂ ਵਿੱਚੋਂ 700 ਘਟੀਆ ਪਾਏ ਗਏ, ਅਤੇ 4000 ਕਿਲੋਗ੍ਰਾਮ ਦੁੱਧ ਜ਼ਬਤ ਕਰਕੇ ਨਸ਼ਟ ਕਰ ਦਿੱਤਾ ਗਿਆ। ਇਸੇ ਤਰ੍ਹਾਂ, ਜਿੱਥੇ ਵੀ ਦੇਸੀ ਘਿਓ, ਮਸਾਲੇ, ਮਠਿਆਈਆਂ, ਫਲਾਂ ਅਤੇ ਸਬਜ਼ੀਆਂ ਵਿੱਚ ਬੇਨਿਯਮੀਆਂ ਪਾਈਆਂ ਗਈਆਂ, ਸਰਕਾਰ ਨੇ ਬਿਨਾਂ ਦੇਰੀ ਕੀਤੇ ਕਾਰਵਾਈ ਕੀਤੀ। ਇਹ ਸਰਕਾਰ ਦੀ ਮਜ਼ਬੂਤ ਅਤੇ ਆਧੁਨਿਕ ਪ੍ਰਣਾਲੀ ਕਾਰਨ ਸੰਭਵ ਹੋਇਆ। ਹਰ ਜ਼ਿਲ੍ਹੇ ਵਿੱਚ ਫੂਡ ਸੇਫਟੀ ਆਨ ਵ?ਹੀਲਜ਼ ਮੋਬਾਈਲ ਲੈਬ ਯੂਨਿਟ ਤਾਇਨਾਤ ਕੀਤੇ ਗਏ ਹਨ, ਜੋ ਮੌਕੇ ’ਤੇ ਜਾ ਕੇ ਜਾਂਚ ਕਰਦੇ ਹਨ। ਖਰੜ ਦੀ ਸਟੇਟ ਫੂਡ ਟੈਸਟਿੰਗ ਲੈਬ, ਮੋਹਾਲੀ ਦੀ ਬਾਇਓਟੈਕਨਾਲੋਜੀ ਇਨਕਿਊਬੇਟਰ, ਲੁਧਿਆਣਾ ਦੀ ਵੈਟਰਨਰੀ ਯੂਨੀਵਰਸਿਟੀ ਵਰਗੀਆਂ ਸੰਸਥਾਵਾਂ ਇਸ ਮਿਸ਼ਨ ਨੂੰ ਤਕਨੀਕੀ ਸਹਾਇਤਾ ਪ੍ਰਦਾਨ ਕਰ ਰਹੀਆਂ ਹਨ। ਇਸ ਦੇ ਨਾਲ ਹੀ, ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਜਿਸਨੇ ਬੱਚਿਆਂ ਨੂੰ ਵੇਚੇ ਜਾਣ ਵਾਲੇ ਐਨਰਜੀ ਡਰਿੰਕਸ ’ਤੇ ਪੂਰੀ ਤਰ੍ਹਾਂ ਪਾਬੰਦੀ ਲਗਾਈ। 500 ਤੋਂ ਵੱਧ ਜਾਗਰੂਕਤਾ ਕੈਂਪ, 150 ਤੋਂ ਵੱਧ ’ਈਟ ਰਾਈਟ ਇੰਡੀਆ’ ਪ੍ਰਮਾਣਿਤ ਸਟ?ਰੀਟ ਫੂਡ ਹੱਬ ਅਤੇ ਸਾਫ਼-ਸੁਥਰੇ ਕੈਂਪਸ – ਇਹ ਸਭ ਇਹ ਦੱਸਣ ਲਈ ਕਾਫ਼ੀ ਹਨ ਕਿ ਸਰਕਾਰ ਨੇ ਨਾ ਸਿਰਫ਼ ਕਾਨੂੰਨ ਲਾਗੂ ਕੀਤਾ ਹੈ, ਸਗੋਂ ਲੋਕਾਂ ਦੀ ਸੋਚ ਅਤੇ ਆਦਤਾਂ ਵਿੱਚ ਵੀ ਤਬਦੀਲੀ ਲਿਆਉਣ ਦੀ ਕੋਸ਼ਿਸ਼ ਕੀਤੀ ਹੈ। ਮਾਨ ਸਰਕਾਰ ਦੀ ਇਹ ਮੁਹਿੰਮ ਸਿਰਫ਼ ਇੱਕ ਪ੍ਰਸ਼ਾਸਕੀ ਕਾਰਵਾਈ ਨਹੀਂ ਹੈ, ਸਗੋਂ ਲੋਕਾਂ ਨੂੰ ਇਹ ਭਰੋਸਾ ਦਿਵਾਉਣ ਦੀ ਕੋਸ਼ਿਸ਼ ਹੈ ਕਿ ਉਨ੍ਹਾਂ ਦੀ ਸਿਹਤ ਅਤੇ ਉਨ੍ਹਾਂ ਦੇ ਬੱਚਿਆਂ ਦੇ ਭਵਿੱਖ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਇਹ ਸਰਕਾਰ ਸਿਰਫ਼ ਐਲਾਨ ਨਹੀਂ ਕਰਦੀ, ਸਗੋਂ ਕੰਮ ਕਰਨ ਵਿੱਚ ਵਿਸ਼ਵਾਸ ਰੱਖਦੀ ਹੈ। ਪੰਜਾਬ ਦੀ ਇਸ ਨਵੀਂ ਤਸਵੀਰ ਵਿੱਚ ਇੱਕ ਨਵਾਂ ਵਿਸ਼ਵਾਸ, ਇੱਕ ਨਵੀਂ ਉਮੀਦ ਹੈ। ਅੱਜ ਹਰ ਪੰਜਾਬੀ ਮਹਿਸੂਸ ਕਰਦਾ ਹੈ ਕਿ ਉਨ੍ਹਾਂ ਦੀ ਸਰਕਾਰ ਉਨ੍ਹਾਂ ਦੇ ਨਾਲ ਖੜ੍ਹੀ ਹੈ, ਇਮਾਨਦਾਰੀ, ਮਿਹਨਤੀ ਅਤੇ ਪੂਰੇ ਦਿਲ ਨਾਲ। ਭਗਵੰਤ ਮਾਨ ਦੀ ਸਰਕਾਰ ਨੇ ਇੱਕ ਗੱਲ ਸਪੱਸ਼ਟ ਕਰ ਦਿੱਤੀ ਹੈ, ਹੁਣ ਪੰਜਾਬ ਵਿੱਚ ਸਿਹਤ ਨਾਲ ਕੋਈ ਸਮਝੌਤਾ ਨਹੀਂ ਹੋਵੇਗਾ, ਅਤੇ ਹਰ ਘਰ ਵਿੱਚ ਸਿਰਫ਼ ਸਾਫ਼, ਸੁਰੱਖਿਅਤ ਅਤੇ ਭਰੋਸੇਯੋਗ ਭੋਜਨ ਹੀ ਪਹੁੰਚੇਗਾ।

## ਨਗਰ ਨਿਗਮ ਦਾ ਸ਼ਹਿਰ ਦੀਆਂ ਸੜਕਾਂ ਦੇ ਸੁੰਦਰੀਕਰਨ ਅਤੇ ਸਾਫ ਸਫਾਈ ਦਾ ਅਭਿਆਨ 7ਵੇਂ ਦਿਨ ਵੀ ਮਕਬੁਲਪੁਰਾ ਚੌਂਕ ਤੇ ਰਿਹਾ ਜਾਰੀ

ਅੰਮ੍ਰਿਤਸਰ 9 ਅਗਸਤ: ਨਗਰ ਨਿਗਮ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਦੀ ਅਗੁਵਾਈ ਹੇਠ ਸ਼ਹਿਰ ਦੀਆਂ ਸੜਕਾਂ ਦੀ ਸੁੰਦਰੀਕਰਨ ਅਤੇ ਸਾਫ ਸਫਾਈ ਦਾ 7 ਦਿਨਾ ਆਭਿਆਨ ਚਲਾਇਆ ਜਾ ਰਿਹਾ ਹੈ ਇਸ ਅਭਿਆਨ ਦੀ ਸੁਰੂਆਤ ਮਿਤੀ 28 ਜੁਲਾਈ 2025 ਨੂੰ ਸ਼ਹਿਰ ਦੇ ਮੁੱਖ ਐਂਟਰੀ ਪੁਆਂਇੰਟ ਗੋਲਡਨ ਗੇਟ ਤੋ ਕੀਤੀ ਗਈ ਸੀ ਇਸ ਅਭਿਆਨ ਵਿੱਚ ਡੇਰਾ ਬਾਬਾ ਭੂਰੀ ਵਾਲਿਆਂ ਵਲੋਂ ਆਪਣਾ ਯੋਗਦਾਨ ਦਿਤਾ ਜਾ ਰਿਹਾ ਹੈ ਅਤੇ ਨਗਰ ਨਿਗਮ ਅਤੇ ਡੇਰਾ ਬਾਬਾ ਭੂਰੀ ਵਾਲਿਆਂ ਦੀਆ ਟੀਮਾਂ ਮਿਲ ਕੇ ਜੀ.ਟੀ. ਰੋਡ ਤੇ ਸੜਕਾ ਦੀ ਸਾਫ ਸਫਾਈ , ਘਾਹ ਅਤੇ ਜੰਗਲੀ ਬੂਟੀ ਦੀ ਸਫਾਈ , ਅਸਟੇਟ ਵਿਭਾਗ ਵਲੋਂ ਸੜਕਾਂ ਦੇ ਆਸੇ-ਪਾਸੇ ਹੋਏ ਨਜਾਇਜ ਕਬਜੇ ਅਤੇ ਰੇਹੜੀਆਂ ਨੂੰ ਹਟਾਉਣਾ , ਸਿਵਲ ਵਿਭਾਗ ਵਲੋਂ ਮਲਬੇ ਦੇ ਢੇਰ ਚੁੱਕਣ ਤੋਂ ਇਲਾਵਾ ਸੜਕਾਂ ਦੀ ਮੁਰੰਮਤ ਅਤੇ ਪੈਚ-ਵਰਕ ਦਾ ਕੰਮ , ਓ ਐਂਡ ਐਮ ਵਿਭਾਗ ਵਲੋਂ ਹੋਦੀਆਂ ਅਤੇ ਸੀਵਰੇਜ ਦੇ ਢੱਕਣਾਂ ਦੀ ਰਿਪੇਅਰ ਅਤੇ ਵਿਗਿਆਪਨ ਵਿਭਾਗ ਵਲੋਂ ਸੜਕੇ ਦੇ ਆਲੇ-ਦੁਆਲੇ ਲਗੇ ਨਜਾਇਜ ਇਸਤਿਹਾਰ ਅਤੇ ਬੋਰਡਾ ਨੂੰ ਉਤਾਰਨ ਦਾ ਕੰਮ ਕੀਤਾ ਜਾ ਰਿਹਾ ਹੈ । ਇਸ ਅਭਿਆਨ ਵਿੱਚ ਸ਼ਹਿਰ ਦੀ ਵੱਖ-2 ਰਿਹਾਇਸ਼ੀ ਸਮਾਜਸੇਵੀ ਅਤੇ ਕਾਰੋਬਾਰੀ ਸੰਸਥਾਵਾ ਵੱਧ-ਚੜ ਕੇ ਹਿਸਾ ਪਾ ਰਹੇ ਹਨ । ਇਸੇ ਹੀ ਲੜੀ ਵਿੱਚ ਅੱਜ ਮਿਤੀ 9 ਅਗਸਤ 2025 ਨੂੰ ਵਧੀਕ ਕਮਿਸ਼ਨਰ ਸੁਰਿੰਦਰ ਸਿੰਘ ਦੀ ਅਗੁਵਾਈ ਵਿੱਚ ਇਹ ਅਭਿਆਨ ਆਪਣੇ ਸਤਵੇ ਦਿਨ ਵੀ ਜਾਰੀ ਰਿਹਾ ਅਤੇ ਅੱਜ ਜੀ.ਟੀ. ਰੋਡ ਮਕਬੁਲ ਪੁਰਾ ਚੌਂਕ ਵਿਖੇ ਇਸ ਅਭਿਆਨ ਦੀ ਵਿੱਧੀ ਵਤ ਸ਼ੁਰੂਆਤ ਕੀਤੀ ਗਈ ਅੱਜ ਦੇ ਇਸ ਅਭਿਆਨ ਵਿੱਚ ਮਹਿਤਾ ਰੋਡ ਮਕਬੁਲਪੁਰਾ ਚੌਂਕ ਦੀ ਰਿਹਾਇਸ਼ੀ ਵੈਲਵੈਅਰ ਸੋਸਾਇਟੀ ਦੇ ਮੈਂਬਰਾ ਵਲੋਂ ਆਪਣਾ ਪੁਰਾ ਸਹਿਯੋਗ ਦਿਤਾ ਗਿਆ ਅਤੇ ਸੜਕਾ ਤੇ ਸਾਫ-ਸਫਾਈ ਆਦਿ ਦੇ ਕੰਮ ਕੀਤੇ ਗਏ । ਇਸ ਮੌਕੇ ਵਧੀਕ ਕਮਿਸ਼ਨਰ ਸੁਰਿੰਦਰ ਸਿੰਘ ਨੇ ਦਸਿਆ ਕਿ ਨਿਗਮ ਵਲੋਂ ਚਲਾਈ ਜਾ ਰਹੀ ਇਸ ਮੁਹਿੰਮ ਨੂੰ ਸ਼ਹਿਰਵਾਸੀਆਂ ਦਾ ਭਰਵਾਂ ਹੁੰਗਾਰਾ ਮਿਲਿਆ ਹੈ ਅਤੇ ਸ਼ਹਿਰ ਦੀਆਂ ਕਈ ਧਾਰਮਿਕ ਵਪਾਰਿਕ ਅਤੇ ਸਮਾਜਸੇਵੀ ਸੰਸਥਾਵਾ ਸ਼ਹਿਰ ਦੀ ਸੁੰਦਰਤਾ ਲਈ ਆਪਣਾ ਯੋਗਦਾਨ ਪਾਉਣ ਲਈ ਨਗਰ ਨਿਗਮ ਨੂੰ ਸੰਪਰਕ ਕਰ ਰਹੇ ਹਨ ।

## ਪਿੱਟਬੁਲ ਨੇ ਕੁੜੀ ’ਤੇ ਕੀਤਾ ਅਚਾਨਕ ਹਮਲਾ, ਡਾਕਟਰਾਂ ਨੇ ਚਿਹਰੇ ਦੀ ਪਲਾਸਟਿਕ ਸਰਜਰੀ ਕਰਵਾਉਣ ਦੀ ਦਿੱਤੀ ਸਲਾਹ

ਚੇਨਈ 9 ਅਗਸਤ। ਤਾਮਿਲਨਾਡੂ ਦੀ ਰਾਜਧਾਨੀ ਚੇਨਈ ਦੇ ਟੋਂਡੀਅਰਪੇਟ ਇਲਾਕੇ ਵਿੱਚ ਇੱਕ ਸੱਤ ਸਾਲ ਦੀ ਬੱਚੀ ’ਤੇ ਅਚਾਨਕ ਹਮਲਾ ਹੋਣ ਕਾਰਨ ਉਹ ਜ਼ਖਮੀ ਹੋ ਗਈ। ਪੁਲਸ ਨੇ ਮੰਗਲਵਾਰ ਨੂੰ ਇਸ ਸਬੰਧ ਵਿਚ ਜਾਣਕਾਰੀ ਦਿੱਤੀ। ਅਧਿਕਾਰੀ ਨੇ ਦੱਸਿਆ ਕਿ ਬੱਚੀ ਦੇ ਚਿਹਰੇ ਅਤੇ ਠੋਡੀ ’ਤੇ ਸੱਟਾਂ ਲੱਗੀਆਂ ਹਨ ਅਤੇ ਉਸਨੂੰ ਇੱਥੇ ਸਟੈਨਲੀ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਬੱਚੀ ਦੀ ਹਾਲਤ ਸਥਿਰ ਹੈ ਅਤੇ ਡਾਕਟਰਾਂ ਨੇ ਉਸਨੂੰ ਪਲਾਸਟਿਕ ਸਰਜਰੀ ਕਰਵਾਉਣ ਦੀ ਸਲਾਹ ਦਿੱਤੀ ਹੈ। ਉਨ੍ਹਾਂ ਕਿਹਾ ਕਿ ਹਿੰਸਕ ਹੋਏ ਪਾਲਤੂ ਕੁੱਤੇ ਨੂੰ ਫੜ ਕੇ ਚੇਨਈ ਕਾਰਪੋਰੇਸ਼ਨ ਦੇ ਪਸ਼ੂ ਆਸ਼ਰਮ ਵਿਚ ਭੇਜ



ਦਿੱਤਾ ਗਿਆ ਹੈ। ਅਧਿਕਾਰੀ ਨੇ ਕਿਹਾ ਕਿ ਇਹ ਘਟਨਾ ਐਤਵਾਰ ਨੂੰ ਉਸ ਸਮੇਂ ਵਾਪਰੀ, ਜਦੋਂ ਲੜਕੀ ਟੋਂਡੀਅਰਪੇਟ ਸਥਿਤ ਆਪਣੇ ਘਰ ਦੀ ਪਹਿਲੀ ਮੰਜ਼ਿਲ ਤੋਂ ਬਾਹਰ ਆਈ, ਉਸੇ ਸਮੇਂ ਮਕਾਨ ਮਾਲਕਣ ਦੇ ਕੁੱਤੇ ਨੇ ਉਸਦਾ ਚਿਹਰਾ ਫੜ ਲਿਆ। ਉਨ੍ਹਾਂ ਕਿਹਾ ਕਿ ਲੜਕੀ ਦੀਆਂ ਚੀਕਾਂ ਸੁਣ ਕੇ ਉਸ ਦੇ ਪਿਤਾ ਅਤੇ ਗੁਆਂਢੀ ਮਦਦ ਲਈ ਦੌੜੇ ਅਤੇ ਕਿਸੇ ਤਰ੍ਹਾਂ ਕੁੜੀ ਨੂੰ ਉਹਨਾਂ ਨੇ ਕੁੱਤੇ ਤੋਂ ਬਚਾਇਆ। ਅਧਿਕਾਰੀ ਨੇ ਦੱਸਿਆ ਕਿ ਕੁੱਤੇ ਦੀ ਮਾਲਕਣ ਜੋਤੀ ਗਰਾਊਂਡ ਫਲੋਰ ’ਤੇ ਰਹਿੰਦੀ ਹੈ ਅਤੇ ਉਸ ਵਿਰੁੱਧ ਭਾਰਤੀ ਦੰਡਾਵਲੀ (ਬੀਐਨਐਸ) ਦੀ ਧਾਰਾ 125 ਅਤੇ 291 ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਨਗਰ ਨਿਗਮ ਦੇ ਇੱਕ ਅਧਿਕਾਰੀ ਨੇ ਹਸਪਤਾਲ ਵਿੱਚ ਜਾ ਕੇ ਬੱਚੀ ਨਾਲ ਮੁਲਾਕਾਤ ਕੀਤੀ ਅਤੇ ਉਸਦੀ ਸਿਹਤ ਸਬੰਧੀ ਸਥਿਕੀ ਬਾਰੇ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਕਿਹਾ ਕਿ ਤਿੰਨ ਸਾਲ ਦੇ ਪਿਟਬੁੱਲ ਨੂੰ ਉਸ ਦੇ ਮਾਲਕ ਨੇ ਇੱਕ ਮਹੀਨਾ ਪਹਿਲਾਂ ਆਪਣੇ ਰਿਸ਼ਤੇਦਾਰ ਦੇ ਘਰੋਂ ਲਿਆਂਦਾ ਸੀ। ਅਧਿਕਾਰੀ ਦੇ ਅਨੁਸਾਰ ਔਰਤ ਕੋਲ ਪਾਲਤੂ ਜਾਨਵਰ ਰੱਖਣ ਦਾ ਲਾਇਸੈਂਸ ਨਹੀਂ ਸੀ। ਉਨ੍ਹਾਂ ਕਿਹਾ ਕਿ ਹਮਲੇ ਤੋਂ ਬਾਅਦ ਪੁਲਸ ਨੇ ਜੋਤੀ ਨੂੰ ਜਾਨਵਰਾਂ ਪ੍ਰਤੀ ਲਾਪਰਵਾਹੀ ਅਤੇ ਮਨੁੱਖੀ ਜੀਵਨ ਨੂੰ ਖ਼ਤਰੇ ਵਿੱਚ ਪਾਉਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕਰ ਲਿਆ।

## ਜਾਨਲੇਵਾ ਸਾਬਿਤ ਹੋਈ ਜ਼ਮੀਨ ਦੀ ਵੰਡ ! ਭਰਾ ਨੇ ਲੈ ਲਈ ਭਰਾ ਦੀ ਜਾਨ

**ਕੌਮੀ ਪਤ੍ਰਿਕਾ**

ਤਲਵੰਡੀ ਸਾਬੋ 9 ਅਗਸਤ। ਉਪ ਮੰਡਲ ਤਲਵੰਡੀ ਸਾਬੋ ਦੇ ਪਿੰਡ ਨੰਗਲਾ ਵਿਚ ਜ਼ਮੀਨ ਦੀ ਤਕਸੀਮ ਨੂੰ ਲੈ ਕੇ ਦੋ ਭਰਾਵਾਂ ਵਿਚਕਾਰ ਹੋਈ ਲੜਾਈ ਵਿਚ ਇਕ ਭਰਾ ਦੀ ਮੌਤ ਤੇ ਉਸ ਦਾ ਪੁੱਤਰ ਗੰਭੀਰ ਜ਼ਖਮੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਜ਼ਖਮੀ ਨੂੰ ਤਲਵੰਡੀ ਸਾਬੋ ਦੇ ਸ਼ਹੀਦ ਬਾਬਾ ਦੀਪ ਸਿੰਘ ਸਿਵਲ ਹਸਪਤਾਲ ਵਿਚ ਇਲਾਜ ਲਈ ਭਰਤੀ ਕਰਵਾਇਆ ਗਿਆ ਹੈ। ਪੁਲਸ ਨੇ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪਰਿਵਾਰ ਨੇ ਕਥਿਤ ਦੋਸ਼ੀਆਂ ਦੀ ਗ੍ਰਿਫਤਾਰੀ ਨਾ ਹੋਣ ਤੱਕ ਮ੍ਰਿਤਕ ਦਾ ਪੋਸਟਮਾਰਟਮ ਤੇ ਸਸਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਹੈ।ਜ਼ਖਮੀ ਮ੍ਰਿਤਕ ਮੇਜਰ ਸਿੰਘ ਦੇ ਪੁੱਤਰ ਗੁਰਪ੍ਰੀਤ ਸਿੰਘ ਵਾਸੀ ਨੰਗਲਾ ਨੇ ਦੱਸਿਆ ਕਿ ਸਾਡਾ ਮੇਰੇ ਤਾਏ ਤੇ ਚਚੇਰੇ ਭਰਾਵਾਂ ਨਾਲ ਜ਼ਮੀਨ ਦਾ ਝਗੜਾ ਚੱਲ ਰਿਹਾ ਸੀ ਤੇ 17 ਸਾਲਾਂ ਬਾਅਦ ਫੈਸਲਾ ਸਾਡੇ ਹੱਕ ਵਿਚ ਆਇਆ ਸੀ, ਜਿਸ ਤੋਂ ਬਾਅਦ ਸਾਡੇ ਹੱਕ ਵਿਚ ਇੰਤਕਾਲ ਹੋ ਗਿਆ ਸੀ ਤੇ ਹੁਣ ਉਹ ਖਾਲ ਤੇ ਪਹੀਆਂ ਨਹੀਂ ਛੱਡਦੇ ਸਨ। ਇਸ ਸਬੰਧੀ ਅਸੀਂ ਪਿੰਡ ਦੇ ਸਰਪੰਚ ਕੋਲੋਂ ਮੈਂ ਤੇ ਮੇਰਾ ਪਿਤਾ ਮੇਜਰ ਸਿੰਘ ਵਾਪਸ ਆਪਣੇ ਘਰ ਨੂੰ? ਸਕੂਟਰੀ ’ਤੇ ਆ ਰਹੇ ਸੀ ਕਿ ਮੇਰੇ ਤਾਏ, ਚਚੇਰੇ ਭਰਾਵਾਂ ਤੇ ਹੋਰ ਪਰਿਵਾਰਕ ਮੈਂਬਰਾਂ ਨੇ ਰਸਤੇ ਵਿਚ ਸਾਨੂੰ ਘੇਰ ਕੇ ਸਾਡੇ ਪੱਥਰ ਮਾਰਨੇ ਸ਼ੁਰੂ ਕਰ ਦਿੱਤੇ, ਜਿਸ ਨਾਲ ਸਾਡੀ ਸਕੂਟਰੀ ਹੇਠ ਡਿੱਗ ਪਈ ਤੇ ਸਾਡੇ ਪੱਥਰ ਸਿਰ ਵਿੱਚ ਆ ਵੱਜੇ ਜਿਸ ਵਿਚ ਮੇਰੇ ਪਿਤਾ ਮੇਜਰ ਸਿੰਘ ਪੁੱਤਰ ਮੁਖਤਿਆਰ ਸਿੰਘ ਬੇਹੋਸ਼ ਹੋ ਗਏ ਤੇ ਜਦੋਂ ਮੈ ਜ਼ਖਮੀ ਹੋ ਗਿਆ। ਇਸ ਦੌਰਾਨ ਸਾਨੂੰ ਤਲਵੰਡੀ ਸਾਬੋ ਦੇ ਸ਼ਹੀਦ ਬਾਬਾ ਦੀਪ ਸਿੰਘ ਹਸਪਤਾਲ ਵਿਚ ਇਲਾਜ ਲਈ ਲਿਆਂਦਾ ਪਰ ਡਾਕਟਰਾਂ ਨੇ ਮੇਰੇ ਪਿਤਾ ਨੂੰ ਮ੍ਰਿਤਕ ਐਲਾਨ ਦਿੱਤਾ। ਜ਼ਖਮੀ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਮੇਰੇ ਪਿਤਾ ਦਾ ਕਤਲ ਕੀਤਾ ਗਿਆ, ਇਸ ਕਰ ਕੇ ਦੋਸ਼ੀਆਂ ਖਿਲ਼ਾਫ ਸਖਤ ਕਰਵਾਈ ਕੀਤੀ ਜਾਵੇ। ਡੀ.ਐੱਸ.ਪੀ. ਤਲਵੰਡੀ ਸਾਬੋ ਨੇ ਦੱਸਿਆਂ ਕਿ ਜ਼ਖਮੀ ਗੁਰਪ੍ਰੀਤ ਸਿੰਘ ਵਾਸੀ ਨੰਗਲਾ ਦੇ ਬਿਆਨ ’ਤੇ ਬਲਦੇਵ ਸਿੰਘ ਕਾਕਾ,ਗੁਰਮੀਤ ਕੌਰ,ਅਵਤਾਰ ਸਿੰਘ ਤੇ ਜਸਪ੍ਰੀਤ ਸਿੰਘ ਖਿਲਾਫ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਦੱਸਿਆਂ ਕਿ ਮਾਮਲੇ ਵਿਚ ਕਥਿਤ ਮੁਲਜ਼ਮ ਗੁਰਮੀਤ ਕੌਰ ਨੂੰ ਗ੍ਰਿਫਤਾਰ ਕਰ ਲਿਆ ਹੈ, ਜਦੋਂਕਿ ਬਾਕੀਆਂ ਨੂੰ ਜਲਦੀ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ।



## ਪੇਟ ‘ਚ ਲੁਕਾਏ ਹੋਏ ਸਨ ਕੋਕੀਨ ਨਾਲ ਭਰੇ 156 ਕੈਪਸੂਲ, ਏਅਰਪੋਰਟ ਤੋਂ 2 ਵਿਦੇਸ਼ੀ ਨਾਗਰਿਕ ਗ੍ਰਿਫ਼ਤਾਰ

ਨਵੀਂ ਦਿੱਲੀ 9 ਅਗਸਤ। ਇੰਦਰਾ ਗਾਂਧੀ ਇੰਟਰਨੈਸ਼ਨਲ ਹਵਾਈ ਅੱਡੇ ‘ਤੇ ਕਸਟਮ ਵਿਭਾਗ ਨੇ 2 ਫਿਲੀਪੀਨਜ ਦੇ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਨੇ ਆਪਣੇ ਪੇਟ ‘ਚ ਕੋਕੀਨ ਨਾਲ ਭਰੇ 156 ਕੈਪਸੂਲ ਲੁਕਾਏ ਹੋਏ ਸਨ। ਸ਼ੁੱਕਰਵਾਰ ਨੂੰ ਕਸਟਮ ਵਿਭਾਗ ਨੇ ਇਸ ਮਾਮਲੇ ਦੀ ਜਾਣਕਾਰੀ ਦਿੱਤੀ। ਦੋਵਾਂ ਮੁਲਜਮਾਂ ਨੂੰ 13 ਦਸੰਬਰ ਨੂੰ ਬੈਂਕਾਕ ਤੋਂ ਅਦੀਸ ਅਬਾਬਾ ਰਾਹੀਂ ਦਿੱਲੀ ਪਹੁੰਚਣ ਤੋਂ ਬਾਅਦ ਹਿਰਾਸਤ ਵਿਚ ਲਿਆ ਗਿਆ ਸੀ। ਪੁੱਛਗਿੱਛ ਦੌਰਾਨ ਉਨ੍ਹਾਂ ਨੇ ਕੋਕੀਨ ਨਾਲ ਭਰੇ ਕੈਪਸੂਲ ਨਿਗਲਣ ਦੀ



ਗੱਲ ਕਬੂਲੀ, ਜਿਸ ਦੀ ਕੀਮਤ 17 ਕਰੋੜ ਰੁਪਏ ਤੋਂ ਵੱਧ ਦੱਸੀ ਜਾਂਦੀ ਹੈ। ਕਸਟਮ ਵਿਭਾਗ ਅਨੁਸਾਰ, ਟਰਮੀਨਲ-3 ਦੇ ਆਗਮਨ ਹਾਲ ਵਿਚ ਬਣੇ ਪ੍ਰਿਵੇਂਟਿਵ ਰੂਮ ਦੀ ਟਾਇਲਟ ਵਿਚ ਇਕ ਯਾਤਰੀ ਦੇ ਪੇਟ ਵਿਚੋਂ 35 ਕੈਪਸੂਲ ਕੱਢੇ ਗਏ। ਇਸ ਤੋਂ ਬਾਅਦ ਉਸ ਨੂੰ ਸਫਦਰਜੰਗ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਨੇ 31 ਹੋਰ ਕੈਪਸੂਲ ਕੱਢ ਲਏ। ਇਸ ਯਾਤਰੀ ਕੋਲੋਂ ਕੁੱਲ 66 ਕੈਪਸੂਲ ਬਰਾਮਦ ਹੋਏ। ਜਦੋਂ ਇਨ੍ਹਾਂ ਕੈਪਸੂਲਾਂ ਨੂੰ ਖੋਲ੍ਹਿਆ ਗਿਆ ਤਾਂ ਉਨ੍ਹਾਂ ‘ਚ ਚਿੱਟਾ ਪਾਊਡਰ ਅਤੇ ਦਾਣੇਦਾਰ ਪਦਾਰਥ ਪਾਇਆ ਗਿਆ, ਜੋ ਟੈਸਟ ‘ਚ ਕੋਕੀਨ ਪਾਇਆ ਗਿਆ। ਇਸ ਦਾ ਭਾਰ 503 ਗ੍ਰਾਮ ਸੀ। ਦੂਜੇ ਯਾਤਰੀ ਨੇ ਏਅਰਪੋਰਟ ਦੇ ਕਸਟਮ ਰੂਮ ਵਿਚ 77 ਕੈਪਸੂਲ ਕੱਢ ਲਏ। ਬਾਅਦ ਵਿਚ ਉਸ ਨੂੰ ਸਫਦਰਜੰਗ ਹਸਪਤਾਲ ਵੀ ਲਿਜਾਇਆ ਗਿਆ, ਜਿੱਥੇ ਉਸ ਨੇ 13 ਹੋਰ ਕੈਪਸੂਲ ਕੱਢ ਲਏ। ਇਸ ਯਾਤਰੀ ਕੋਲੋਂ ਕੁੱਲ 90 ਕੈਪਸੂਲ ਬਰਾਮਦ ਹੋਏ, ਜਿਨ੍ਹਾਂ ‘ਚ 676 ਗ੍ਰਾਮ ਕੋਕੀਨ ਬਰਾਮਦ ਹੋਈ। ਇਸ ਮਾਮਲੇ ‘ਚ ਜਬਤ ਕੀਤੀ ਗਈ ਕੋਕੀਨ ਦੀ ਕੀਮਤ 10.14 ਕਰੋੜ ਰੁਪਏ ਦੱਸੀ ਜਾ ਰਹੀ ਹੈ।

## ਭਾਰੀ ਮੀਂਹ ਕਾਰਨ 52 ਸ਼ਰਧਾਲੂਆਂ ਨਾਲ ਭਰੀ ਬੱਸ ਪਲਟੀ

ਚੇਨਈ 9 ਅਗਸਤ। ਤਾਮਿਲਨਾਡੂ ‘ਚ ਚੇਨਈ ਨੇੜੇ ਦੇਵੀ ਮੇਲਮਾਰੂਵਾਥੁਰ ਅੰਮਾਨ ਮੰਦਰ ਦੀ ਯਾਤਰਾ ‘ਤੇ ਆਏ ਕਰੀਬ 40 ਲੋਕ ਸੜਕ ਹਾਦਸੇ ‘ਚ ਜਖਮੀ ਹੋ ਗਏ। ਮਿਲੀ ਜਾਣਕਾਰੀ ਮੁਤਾਬਕ, ਜਿਹੜੇ ਨਿੱਜੀ ਬੱਸ ‘ਚ ਪੀੜਤ ਲੋਕ ਸਵਾਰ ਸਨ, ਸ਼ੁੱਕਰਵਾਰ ਨੂੰ ਤਾਮਿਲਨਾਡੂ ਦੇ ਕ੍ਰਿਸਨਾਗਿਰੀ ਜ?ਿਲ੍ਹੇ ‘ਚ ਊਥਾਨਗਰਾਈ ਨੇੜੇ ਭਾਰੀ ਮੀਂਹ ਕਾਰਨ ਪਲਟ ਗਈ। ਜਾਣਕਾਰੀ ਮੁਤਾਬਕ ਬੱਸ ‘ਚ ਕੁੱਲ 52 ਲੋਕ ਸਵਾਰ ਸਨ। ਬੱਸ ਨੂੰ ਇਕ ਸਮੂਹ ਨੇ ਤੀਰਥ ਯਾਤਰਾ ਲਈ ਕਿਰਾਏ ‘ਤੇ ਲਿਆ ਸੀ। ਭਾਰੀ ਮੀਂਹ ਕਾਰਨ ਡਰਾਈਵਰ ਬੱਸ ਤੋਂ ਕੰਟਰੋਲ ਗੁਆ ਬੈਠਾ ਅਤੇ ਬੱਸ ਪਲਟ ਗਈ, ਜਿਸ ਕਾਰਨ ਕਰੀਬ 40 ਸਰਧਾਲੂ ਜਖਮੀ ਹੋ ਗਏ। ਜਖਮੀਆਂ ਨੂੰ ਕ੍ਰਿਸਨਾਗਿਰੀ ਦੇ ਸਰਕਾਰੀ ਹਸਪਤਾਲ ਅਤੇ ਹੋਰ ਹਸਪਤਾਲਾਂ ‘ਚ ਇਲਾਜ ਲਈ ਦਾਖਲ ਕਰਵਾਇਆ ਗਿਆ ਹੈ। ਹਾਦਸੇ ਕਾਰਨ ਕ੍ਰਿਸਨਾਗਿਰੀ ਹਾਈਵੇਅ ’ਤੇ ਕੁਝ ਘੰਟਿਆਂ ਲਈ ਆਵਾਜਾਈ ਠੱਪ ਰਹੀ।

## ਕਮਿਸ਼ਨਰੇਟ ਪੁਲਸ ਜਲੰਧਰ ਵੱਲੋਂ ਨਸ਼ੇ ਵਿਰੁੱਧ ਵੱਡੀ ਕਾਰਵਾਈ, ਹੈਰੋਇਨ ਸਮੇਤ 8 ਮੁਲਜ਼ਮ ਗ੍ਰਿ.ਫ਼ਤਾਰ

ਜਲੰਧਰ 9 ਅਗਸਤ। ਨਸ਼ਿਆਂ ਵਿਰੁੱਧ ਆਪਣੀ ਅਟੱਲ ਮੁਹਿੰਮ ਜਾਰੀ ਰੱਖਦਿਆਂ ਕਮਿਸ਼ਨਰੇਟ ਪੁਲਸ ਜਲੰਧਰ ਨੇ ਨਸ਼ਾ ਤਸਕਰੀ ਨਾਲ ਜੁੜੇ 8 ਵਿਅਕਤੀਆਂ ਨੂੰ ਗ੍ਰਿ.ਫ਼ਤਾਰ ਕਰਦੇ ਹੋਏ 65.54 ਗ੍ਰਾਮ ਹੈਰੋਇਨ ਬਰਾਮਦ ਕੀਤੀ। ਇਹ ਕਾਰਵਾਈ ਇਲਾਕੇ ਵਿਚ ਨਸ਼ੇ ਨੂੰ ਖ਼ਤਮ ਕਰਨ ਅਤੇ ਨਸ਼ਿਆਂ ਦੇ ਗੈਰ-ਕਾਨੂੰਨੀ ਨੈੱਟਵਰਕ ਨੂੰ ਤੋੜਨ ਲਈ ਜਾਰੀ ਪੁਲਸ ਯਤਨਾਂ ਨੂੰ ਦਰਸਾਉਂਦੀ ਹੈ। ਵੇਰਵਾ ਦਿੰਦਿਆਂ ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਕਿਹਾ ਕਿ ਕਮਿਸ਼ਨਰੇਟ ਪੁਲਸ ਜਲੰਧਰ ਵੱਲੋਂ ਨਸ਼ਿਆਂ ਦੇ ਨੈੱਟਵਰਕ ਵਿਰੁੱਧ ਦਿਨ ਪ੍ਰਤੀ ਦਿਨ ਕਾਰਵਾਈ ਤੇਜ਼ ਕੀਤੀ ਜਾ ਰਹੀ ਹੈ। ਨਸ਼ਿਆਂ ਖਿਲਾਫ ਕੱਲ੍ਹ ਕੀਤੀ ਗਈ ਕਾਰਵਾਈ ਦੌਰਾਨ ਪੁਲਸ ਨੇ 8 ਵਿਅਕਤੀਆਂ ਨੂੰ ਗ੍ਰਿ.ਫ਼ਤਾਰ ਕੀਤਾ, ਜਿਨ੍ਹਾਂ ਵਿੱਚੋਂ 4 ਅਜਿਹੇ ਵਿਅਕਤੀ ਹਨ, ਜੋ ਪਹਿਲਾਂ ਵੀ ਨਸ਼ਾ ਤਸਕਰੀ ਦੇ ਨੈੱਟਵਰਕ ਨਾਲ ਜੁੜੇ ਰਹੇ ਹਨ । ਇਨ੍ਹਾਂ ਗ੍ਰਿ.ਫ਼ਤਾਰੀਆਂ ਦੇ ਨਤੀਜੇ ਵਜੋਂ NDPS ਐਕਟ ਅਧੀਨ 8 ਮਕੱਦਮੇ ਦਰਜ ਕੀਤੇ ਗਏ ਹਨ ਅਤੇ ਕੁੱਲ੍ਹ 65.54 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ। ਇਸ ਦੇ ਨਾਲ ਹੀ ਪੁਨਰਵਾਸ ਲਈ 4 ਨਸ਼ੇ ਦੇ ਆਦੀ ਵਿਅਕਤੀਆਂ ਨੂੰ ਇਲਾਜ ਲਈ ਡੀ-ਐਡੀਕਸ਼ਨ ਸੈਂਟਰ ਭੇਜਿਆ ਗਿਆ ਹੈ, ਜਿਸ ਨਾਲ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਮੁੜ ਸਵਾਰਨ ਦਾ ਮੌਕਾ ਮਿਲਿਆ ਹੈ।

## ਸਿਹਤ ਵਿਭਾਗ ਵੱਲੋਂ ਹਰ ਸ਼ੁਕਰਵਾਰ ਡੇਂਗੂ ’ਤੇ ਵਾਰ ਮੁਹਿੰਮ ਤਹਿਤ ਜਾਗਰੂਕਤਾ ਜਾਰੀ

ਰਾਮਪੁਰਾ ਫੂਲ 9 ਅਗਸਤ। ਸਿਹਤ ਮੰਤਰੀ ਪੰਜਾਬ ਬਲਵੀਰ ਸਿੰਘ ਦੇ ਹੁਕਮਾਂ ਅਨੁਸਾਰ ਸਿਵਲ ਸਰਜਨ ਬਠਿੰਡਾ ਡਾਕਟਰ ਤਪਿੰਦਰਜੋਤ ਕੌਂਸਲ ,ਜ਼ਿਲ੍ਹਾ ਸਿਹਤ ਅਫ਼ਸਰ ਡਾਕਟਰ ਊਸ਼ਾ ਗੋਇਲ, ਜ਼ਿਲ੍ਹਾ ਐਪੀਡੀਮੋਲੋਜਿਸਟ ਡਾਕਟਰ ਸੁਕਰੀਤੀ ਸ਼ਰਮਾ ਅਤੇ ਸੀਨੀਅਰ ਮੈਡੀਕਲ ਅਫ਼ਸਰ ਭਗਤਾ ਭਾਈਕਾ ਡਾਕਟਰ ਸੀਮਾ ਗੁਪਤਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਫੂਲ ਟਾਊਨ ਸਰਕਾਰੀ ਸਕੂਲਾਂ ਵਿਖੇ ਮੱਛਰਾਂ ਦੀ ਪੈਦਾਵਾਰ ਨੂੰ ਰੋਕਣ ਲਈ ਜਾਗਰੂਕ ਕੀਤਾ ਗਿਆ। ਇਸ ਮੌਕੇ ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ ਬਲਵੀਰ ਸਿੰਘ ਸੰਧੂ ਕਲਾਂ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਟੀਮਾਂ ਬਣਾ ਕੇ ਫੂਲ ਟਾਊਨ ਅਤੇ ਵੱਖ-ਵੱਖ ਪਿੰਡਾਂ ਦੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੀ ਵਿਜ਼ਿਟ ਕਰ ਕੇ ਮੱਛਰਾਂ ਦੀ ਪੈਦਾਇਸ਼ ਵਾਲੀਆ ਥਾਵਾਂ ਦੀ ਸ਼ਨਾਖਤ ਕਰਕੇ ਮੱਛਰਾਂ ਦੇ ਪਨਪਣ ਦੇ ਆਸਾਰ ਵਾਲੀਆ ਥਾਵਾਂ ਦੀ ਮੌਕੇ ਤੇ ਸਫ਼ਾਈ ਕਰਵਾਈ ਜਾ ਰਹੀ ਹੈ ਤਾਂ ਜੋ ਸਮਾਜ ਨੂੰ ਡੇਂਗੂ, ਮਲੇਰੀਆ ਤੋਂ ਬਚਾਇਆ ਜਾ ਸਕੇ, ਲੋਕਾਂ ਨੂੰ ਆਪੋ ਆਪਣੇ ਘਰਾਂ ਅਤੇ ਘਰਾਂ ਦੇ ਆਲੇ-ਦੁਆਲੇ ਸਫਾਈ ਰੱਖਣ ਲਈ ਵੀ ਜਾਗਰੂਕ ਕੀਤਾ ਜਾ ਰਿਹਾ। ਇਸ ਮੌਕੇ ਮਲਟੀਪਰਪਜ਼ ਹੈਲਥ ਵਰਕਰਜ਼ ਨਰਪਿੰਦਰ ਸਿੰਘ, ਵਿਨੋਦ ਕੁਮਾਰ , ਬਲਦੇਵ ਸਿੰਘ, ਮਲਕੀਤ ਸਿੰਘ ਜਸਵਿੰਦਰ ਸਿੰਘ ਅਤੇ ਬਰੀਡਿੰਗ ਵਰਕਰਜ ਮੌਜੂਦ ਸਨ।

## ਮੈਂ ਹਲਕੇ ਦੀ ਨੁਮਾਇੰਦਗੀ ਨਹੀਂ ਕਰ ਸਕਦਾ, ਅਦਾਲਤ ਨੂੰ ਸ਼ਰਤ ਹਟਾਉਣ ਦੀ ਕੀਤੀ ਬੇਨਤੀ: ਰਾਸ਼ਿਦ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 9 ਅਗਸਤ। ਜੰਮੂ-ਕਸ਼ਮੀਰ ਵਿੱਚ ਵੱਖਵਾਦੀਆਂ ਅਤੇ ਅੱਤਵਾਦੀ ਸੰਗਠਨਾਂ ਨੂੰ ਫੰਡ ਮੁਹੱਈਆ ਕਰਵਾਉਣ ਦੇ ਦੋਸ਼ਾਂ ਨਾਲ ਜੁੜੇ ਇੱਕ ਮਾਮਲੇ ਵਿੱਚ ਮੁਕੱਦਮੇ ਦਾ ਸਾਹਮਣਾ ਕਰ ਰਹੇ ਲੋਕ ਸਭਾ ਮੈਂਬਰ ਇੰਜੀਨੀਅਰ ਰਾਸ਼ਿਦ ਨੇ ਦਿੱਲੀ ਹਾਈ ਕੋਰਟ ਨੂੰ ਦੱਸਿਆ ਕਿ ਉਹ ਸੰਸਦ ਸੈਸ਼ਨ ਵਿੱਚ ਸ਼ਾਮਲ ਹੋਣ ਲਈ ਰੋਜ਼ਾਨਾ ਖ਼ਰਚ ਜਮ?ਹਾ ਕਰਨ ਦੀ ਸ਼ਰਤ ਕਾਰਨ ਆਪਣੇ ਹਲਕੇ ਦੀ ਨੁਮਾਇੰਦਗੀ ਕਰਨ ਵਿੱਚ ਅਸਮਰੱਥ ਹਨ। ਰਸ਼ੀਦ ਨੇ ਜਸਟਿਸ ਵਿਵੇਕ ਚੌਧਰੀ ਅਤੇ ਜਸਟਿਸ ਅਨੂਪ ਜੈਰਾਮ ਭੰਭਾਨੀ ਦੇ ਬੈਂਚ ਨੂੰ ਤਾਲਮੇਲ ਬੈਂਚ ਦੁਆਰਾ ਪਾਸ ਕੀਤੇ ਗਏ ਹੁਕਮ ਵਿੱਚ ਸੋਧ ਕਰਨ ਦੀ ਬੇਨਤੀ ਕੀਤੀ। ਹੁਕਮ ਵਿੱਚ ਕਿਹਾ ਗਿਆ ਹੈ ਕਿ ਉਨ੍ਹਾਂ (ਰਾਸ਼ਿਦ) ਨੂੰ ਸੰਸਦ ਸੈਸ਼ਨ ਵਿੱਚ ਸ਼ਾਮਲ ਹੋਣ ਲਈ ਯਾਤਰਾ ਖਰਚ ਵਜੋਂ ਜੇਲ੍ਹ ਪ੍ਰਸ਼ਾਸਨ ਕੋਲ 4 ਲੱਖ ਰੁਪਏ ਜਮ?ਹਾ ਕਰਵਾਉਣੇ ਪੈਣਗੇ। ਸੁਣਵਾਈ ਦੌਰਾਨ ਬੈਂਚ ਨੇ ਟਿੱਪਣੀ ਕੀਤੀ ਕਿ ਹਿਰਾਸਤ ਪੈਰੋਲ ਆਮ ਤੌਰ ’ਤੇ ਪਟੀਸ਼ਨਕਰਤਾ ਦੇ ਖ਼ਰਚੇ ’ਤੇ ਦਿੱਤੀ ਜਾਂਦੀ ਹੈ। ਇਸ ’ਤੇ ਰਸ਼ੀਦ ਵਲੋਂ ਪੇਸ਼ ਕੀਤੇ ਗਏ ਸੀਨੀਅਰ ਵਕੀਲ ਐਨ, ਹਰੀਹਰਨ ਨੇ ਦਲੀਲ ਦਿੱਤੀ ਕਿ ਇਹ ਸ਼ਰਤ ਅਵਿਵਹਾਰਕ ਹੈ, ਕਿਉਂਕਿ ਉਹ (ਰਾਸ਼ਿਦ) ਇਕ ਚੁਣੇ ਹੋਏ ਪ੍ਰਤੀਨਿਧੀ ਹਨ ਅਤੇ ਸਿਰਫ਼ ਇਸ ਸ਼ਰਤ (ਪੈਸੇ ਜਮ?ਹਾ ਕਰਨ



ਦੀ) ਸ਼ਰਤ ਕਾਰਨ ਆਪਣੇ ਹਲਕੇ ਦੀ ਨੁਮਾਇੰਦਗੀ ਕਰਨ ਦੇ ਯੋਗ ਨਹੀਂ ਹਨ। ਹਰੀਹਰਨ ਨੇ ਦਲੀਲ ਦਿੱਤੀ, ਜੇਕਰ ਸ਼ਰਤ ਅਜਿਹੀ ਹੈ ਕਿ ਉਹ ਸੰਸਦ ਨਹੀਂ ਜਾ ਸਕਦਾ, ਤਾਂ ਅਸੀਂ ਦੇਸ਼ ਵਿੱਚ ਲੋਕਤੰਤਰ ਦੀ ਮੂਲ ਭਾਵਨਾ ਵਿੱਚ ਦਖਲ ਦੇ ਰਹੇ ਹਾਂ। ਉਨ੍ਹਾਂ ਕਿਹਾ, ਇਹ ਸ਼ਰਤਾਂ ਇਸ ਲਈ ਲਗਾਈਆਂ ਗਈਆਂ ਹਨ ਤਾਂ ਜੋ ਉਨ੍ਹਾਂ (ਰਾਸ਼ਿਦ ਦੇ) ਹਲਕੇ ਦੀ ਆਵਾਜ਼ ਕਿਸੇ ਵੀ ਤਰ੍ਹਾਂ ਸੰਸਦ ਤੱਕ ਨਾ ਪਹੁੰਚੇ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਉਹ ਹੁਕਮ ਦੀ ਸਮੀਖਿਆ ਨਹੀਂ ਚਾਹੁੰਦੇ, ਸਗੋਂ ਇਸ ਵਿੱਚ ਲਗਾਈਆਂ ਗਈਆਂ ਸ਼ਰਤਾਂ ਵਿੱਚ ਸੋਧ ਦੀ ਮੰਗ ਕਰ ਰਹੇ ਹਨ। ਉਨ੍ਹਾਂ ਕਿਹਾ, ਆਦੇਸ਼ ਵਿੱਚ ਕਿਹਾ ਗਿਆ ਹੈ ਕਿ ਉਸਨੂੰ ਸ਼ਰਤਾਂ ਅਧੀਨ ਹਿਰਾਸਤ ਵਿੱਚ ਲਿਆ ਜਾਣਾ ਚਾਹੀਦਾ ਹੈ। ਮੈਂ ਕਹਿ ਰਿਹਾ ਹਾਂ ਕਿ ਇਹ ਸ਼ਰਤਾਂ ਨੁਕਸਦਾਰ ਹਨ, ਜੋ ਖੁਦ ਆਦੇਸ਼ ਨੂੰ ਬੇਅਸਰ ਬਣਾ ਰਹੀਆਂ ਹਨ। ਅਦਾਲਤ ਨੇ ਮਾਮਲੇ ਦੀ ਅਗਲੀ ਸੁਣਵਾਈ 12 ਅਗਸਤ ਨੂੰ ਤੈਅ ਕੀਤੀ ਹੈ। ਬਾਰਾਮੂਲਾ ਤੋਂ ਸੰਸਦ ਮੈਂਬਰ ਰਾਸ਼ਿਦ ਨੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਉਮਰ ਅਬਦੁੱਲਾ ਨੂੰ ਹਰਾਇਆ ਸੀ।

# ਨਵੇਂ ਮੇਅਰ ਨੂੰ ਜਲੰਧਰ ਸਮਾਰਟ ਸਿਟੀ ’ਚ ਹੋਈਆਂ ਗੜਬੜੀਆਂ ’ਤੇ ਲੈਣਾ ਹੋਵੇਗਾ ਐਕਸ਼ਨ

**ਏਜੰਸੀਆਂ**

ਜਲੰਧਰ 9 ਅਗਸਤ। ਲਗਭਗ 10 ਸਾਲ ਪਹਿਲਾਂ ਤਤਕਾਲੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸ਼ੁਰੂ ਕੀਤੇ ਗਏ ਸਮਾਰਟ ਸਿਟੀ ਮਿਸ਼ਨ ਨਾਲ ਜਲੰਧਰ ਸ਼ਹਿਰ ਨੂੰ ਤਾਂ ਕੋਈ ਖਾਸ ਫਾਇਦਾ ਨਹੀਂ ਹੋਇਆ ਪਰ ਇਹ ਮਿਸ਼ਨ ਪੰਜਾਬ ਦੇ ਕਈ ਅਫਸਰਾਂ ਅਤੇ ਠੇਕੇਦਾਰਾਂ ਨੂੰ ਜਰੂਰ ਮਾਲਾਮਾਲ ਕਰ ਗਿਆ। ਜਦੋਂ ਸਮਾਰਟ ਸਿਟੀ ਬਣਨ ਜਾ ਰਹੇ ਸ਼ਹਿਰਾਂ ਦੀ ਸੂਚੀ ਵਿਚ ਜਲੰਧਰ ਦਾ ਨਾਂ ਸ਼ਾਮਲ ਹੋਇਆ ਸੀ, ਉਦੋਂ ਸ਼ਹਿਰ ਵਾਸੀਆਂ ਨੂੰ ਲੱਗਾ ਸੀ ਕਿ ਕੇਂਦਰ ਸਰਕਾਰ ਦੀ ਇਸ ਯੋਜਨਾ ਤਹਿਤ ਉਨ੍ਹਾਂ ਨੂੰ ਅਜਿਹੀਆਂ ਸਹੂਲਤਾਂ ਮਿਲਣਗੀਆਂ, ਜੋ ਨਾ ਸਿਰਫ ਵਿਸ਼ਵ ਪੱਧਰੀ ਹੋਣਗੀਆਂ, ਸਗੋਂ ਇਸ ਮਿਸ਼ਨ ਨਾਲ ਸ਼ਹਿਰ ਦੀ ਨੁਹਾਰ ਹੀ ਬਦਲ ਜਾਵੇਗੀ ਪਰ ਸਮਾਰਟ ਸਿਟੀ ਦੇ ਵਧੇਰੇ ਕੰਮ ਖਤਮ ਹੋਣ ਤੋਂ ਬਾਅਦ ਲੋਕਾਂ ਨੂੰ ਲੱਗ ਰਿਹਾ ਹੈ ਕਿ ਜਲੰਧਰ ਵਿਚ ਕੋਈ ਖਾਸ ਸੁਧਾਰ ਹੋਇਆ ਨਹੀਂ ਹੈ। ਪਿਛਲੇ 5 ਸਾਲ ਪੰਜਾਬ ਅਤੇ ਜਲੰਧਰ ਨਿਗਮ ਦੀ ਸੱਤਾ ’ਤੇ ਕਾਬਜ ਰਹੀ ਕਾਂਗਰਸ ਸਰਕਾਰ ਦੇ ਰਾਜ ਦੌਰਾਨ ਸਮਾਰਟ ਸਿਟੀ ਦੇ ਵਧੇਰੇ ਪ੍ਰਾਜੈਕਟਾਂ ਵਿਚ ਨਾ ਸਿਰਫ ਖੁੱਲ੍ਹ ਕੇ ਮਨਮਰਜੀ ਹੋਈ, ਸਗੋਂ ਚਹੇਤੇ ਠੇਕੇਦਾਰਾਂ ਨੂੰ ਹੀ ਵਧੇਰੇ ਪ੍ਰਾਜੈਕਟ ਅਲਾਟ ਕਰ ਦਿੱਤੇ ਗਏ, ਜਿਸ ਕਾਰਨ ਕਰੋੜਾਂ ਰੁਪਏ ਦੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਪਰ ਹੈਰਾਨੀ ਵਾਲੀ ਗੱਲ ਇਹ ਹੈ ਕਿ ਅੱਜ ਤਕ ਕਿਸੇ ਵੀ ਸਬੰਧਤ ਅਫਸਰ ਦੀ ਕੋਈ ਜਵਾਬਦੇਹੀ ਫਿਕਸ ਨਹੀਂ ਕੀਤੀ ਗਈ, ਉਸ ’ਤੇ ਕਾਰਵਾਈ ਤਾਂ ਬਹੁਤ ਦੂਰ ਦੀ ਗੱਲ ਹੈ। ਉਥੇ ਹੀ, ਦੂਜੇ ਪਾਸੇ ਇਹ ਵੀ ਇਕ ਤੱਥ ਹੈ ਕਿ ਕਾਂਗਰਸ ਸਰਕਾਰ ਦੌਰਾਨ ਉਸ ਸਮੇਂ ਦੀ ਨਿਗਮ ਅਤੇ ਸਮਾਰਟ ਸਿਟੀ ਦੀ ਅਫਸਰਸ਼ਾਹੀ ਨੇ ਨਵੇਂ ਚੁਣੇ ਪ੍ਰਤੀਨਿਧੀਆਂ ਅਤੇ ਮੇਅਰ ਤਕ ਦੀ ਕੋਈ ਪ੍ਰਵਾਹ ਨਹੀਂ ਕੀਤੀ। ਉਸ ਸਮੇਂ ਦੇ ਮੇਅਰ ਅਤੇ ਕੌਂਸਲਰ ਹਾਊਸ ਨੂੰ ਸਮਾਰਟ ਸਿਟੀ ਦੇ ਪ੍ਰਾਜੈਕਟਾਂ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ। ਭਾਵੇਂ ਉਸ ਸਮੇਂ ਦੇ ਮੇਅਰ ਵੀ ਸਮਾਰਟ ਸਿਟੀ ਦੇ ਡਾਇਰੈਕਟਰ ਸਨ ਪਰ ਫਿਰ ਵੀ ਉਨ੍ਹਾਂ ਸਮਾਰਟ ਸਿਟੀ ਦੇ ਅਫਸਰਾਂ ’ਤੇ ਨਾ ਖੁਦ ਕੋਈ ਐਕਸ਼ਨ ਲਿਆ ਅਤੇ ਨਾ ਹੀ ਪਾਰਟੀ ਹਾਈਕਮਾਨ ਨੇ ਇਸ ਮਾਮਲੇ ਵਿਚ ਕੁਝ ਕੀਤਾ। ਹੁਣ ਕਿਉਂਕਿ ਜਲੰਧਰ ਵਿਚ ਆਮ ਆਦਮੀ ਪਾਰਟੀ ਆਪਣਾ ਮੇਅਰ ਬਣਾਉਣ ਜਾ ਰਹੀ ਹੈ ਅਤੇ ‘ਆਪ’ ਲੀਡਰਸ਼ਿਪ ਨੇ ਸਮਾਰਟ ਸਿਟੀ ਵਿਚ ਹੋਏ ਸਕੈਂਡਲਾਂ ਦੀ ਜਾਂਚ ਦਾ ਕੰਮ ਵਿਜੀਲੈਂਸ ਨੂੰ ਵੀ ਸੌਂਪਿਆ ਹੋਇਆ ਹੈ, ਇਸ ਲਈ ਨਵੇਂ ਮੇਅਰ ਦੀ ਇਹ ਜ?ਿਮੇਵਾਰੀ ਬਣਦੀ ਹੈ ਕਿ ਉਹ ਪਾਰਟੀ ਦਾ ਅਕਸ ਸੁਧਾਰਨ ਲਈ ਜਲੰਧਰ ਸਮਾਰਟ ਸਿਟੀ ਵਿਚ ਹੋਈਆਂ ਗੜਬੜੀਆਂ ’ਤੇ ਕੋਈ ਨਾ ਕੋਈ ਐਕਸ਼ਨ ਲਵੇ ਅਤੇ ਵਿਜੀਲੈਂਸ ਦੇ ਸਾਹਮਣੇ ਕੇਸ ਦ੍ਰਿੜ੍ਹਤਾ ਨਾਲ ਰੱਖੇ ਤਾਂ ਕਿ ਭ੍ਰਿਸ਼ਟ ਅਫਸਰਾਂ ਨੂੰ ਕੋਈ ਨਾ ਕੋਈ ਸਜਾ ਮਿਲ ਸਕੇ। ਸ਼ਹਿਰ ਵਿਚ ਆਮ ਚਰਚਾ ਹੈ ਕਿ ਕਰੋੜਾਂ ਰੁਪਏ ਦੀ ਗੜਬੜੀ ਨੂੰ ਲੈ ਕੇ ਅਫਸਰ ਹੀ ਅਫਸਰਾਂ ਨੂੰ ਬਚਾਅ ਰਹੇ ਹਨ ਅਤੇ ਕਿਸੇ ਨੂੰ ਜਵਾਬਦੇਹ ਤਕ ਨਹੀਂ ਬਣਾਇਆ ਜਾ ਰਿਹਾ। ਪੰਜਾਬ ਵਿਚ ਸਮਾਰਟ ਸਿਟੀ ਮਿਸ਼ਨ ਦੀ ਦੇਖ-ਰੇਖ ਦਾ ਜ?ਿਮਾ ਪੰਜਾਬ ਮਿਊਂਸੀਪਲ ਇਨਫਰਾਸਟਰੱਕਚਰ ਡਿਵੈੱਲਪਮੈਂਟ ਕੰਪਨੀ (ਪੀ. ਐੱਮ. ਆਈ. ਡੀ. ਸੀ.) ਦੇ ਜ?ਿਮੇ ਰਿਹਾ। ਪੀ. ਐੱਮ. ਆਈ. ਡੀ.




ਸੀ. ਦੇ ਅਧਿਕਾਰੀਆਂ ਨੇ ਜਲੰਧਰ ਸਮਾਰਟ ਸਿਟੀ ਦੇ ਪ੍ਰਾਜੈਕਟ ਦੀ ਹਰ ਫਾਈਲ ਨੂੰ ਕਲੀਅਰੈਂਸ ਦਿੱਤੀ ਅਤੇ ਵਿੱਤੀ ਰੂਪ ਨਾਲ ਵੀ ਸਮਾਰਟ ਸਿਟੀ ਦੇ ਕੰਮਾਂ ’ਤੇ ਪੂਰੀ ਨਜਰ ਰੱਖੀ। ਇਸ ਦੇ ਬਾਵਜੂਦ ਜਲੰਧਰ ਵਿਚ ਸਮਾਰਟ ਸਿਟੀ ਦੇ ਨਾਂ ’ਤੇ ਖੁੱਲ੍ਹ ਕੇ ਪੈਸਾ ਵਹਾਇਆ ਗਿਆ ਅਤੇ ਕਈ ਅਜਿਹੇ ਪ੍ਰਾਜੈਕਟ ਰਹੇ, ਜਿਥੇ ਖੁੱਲ੍ਹ ਕੇ ਘਟੀਆ ਕੰਮ ਹੋਇਆ। ਚੰਡੀਗੜ੍ਹ ਬੈਠੇ ਅਫਸਰਾਂ ਨੇ ਸਮਾਰਟ ਸਿਟੀ ਜਲੰਧਰ ਬਾਰੇ ਆਈ ਹਰ ਸ਼ਿਕਾਇਤ ਨੂੰ ਸਫਾਈ ਨਾਲ ਦਬਾ ਦਿੱਤਾ ਅਤੇ ਕੋਈ ਸਖਤ ਕਾਰਵਾਈ ਨਹੀਂ ਕੀਤੀ। ਭ੍ਰਿਸ਼ਟਾਚਾਰ ਦਾ ਜ?ਿਆਦਾ ਰੌਲਾ ਪੈਣ ’ਤੇ ਜਲੰਧਰ ਸਮਾਰਟ ਸਿਟੀ ਦੇ ਕੰਮਾਂ ਦੀ ਜਾਂਚ ਲਈ ਪੰਜਾਬ ਸਰਕਾਰ ਨੇ ਥਰਡ ਪਾਰਟੀ ਏਜੰਸੀ ਸ਼੍ਰੀਖੰਡੇ ਕੰਸਲਟੈਂਸੀ ਨੂੰ ਲੱਖਾਂ ਰੁਪਏ ਦੇ ਕੇ ਜਾਂਚ ਵੀ ਕਰਵਾਈ। ਇਸ ਕੰਪਨੀ ਨੇ ਸਮਾਰਟ ਸਿਟੀ ਜਲੰਧਰ ਦੇ ਵੱਖ-ਵੱਖ ਪ੍ਰਾਜੈਕਟਾਂ ਵਿਚ ਕਰਮਚਾਰੀਆਂ ਬਾਰੇ ਆਪਣੀ ਰਿਪੋਰਟ ਚੰਡੀਗੜ੍ਹ ਬੈਠੇ ਅਫਸਰਾਂ ਨੂੰ ਸੌਂਪੀ। ਐੱਲ. ਈ. ਡੀ. ਸਟਰੀਟ ਲਾਈਟ ਪ੍ਰਾਜੈਕਟ ਵਿਚ ਠੇਕੇਦਾਰਾਂ ਨੂੰ ਵਧੇਰੇ ਪੇਮੈਂਟ ਕਰਨ, ਜੀ. ਐੱਸ. ਟੀ. ਦਾ ਵਾਧੂ ਭੁਗਤਾਨ ਕਰਨ ਅਤੇ ਕਾਂਟਰੈਕਟ ਦੇ ਉਲਟ ਜਾ ਕੇ ਕਈ ਕੰਮ ਕਰਨ ਬਾਰੇ ਜੋ ਰਿਪੋਰਟ ਦਿੱਤੀ ਗਈ, ਉਸ ’ਤੇ ਵੀ ਚੰਡੀਗੜ੍ਹ ਬੈਠੇ ਅਫਸਰਾਂ ਨੇ ਕੋਈ ਐਕਸ਼ਨ ਨਹੀਂ ਲਿਆ। ਬਾਕੀ ਪ੍ਰਾਜੈਕਟਾਂ ਵਿਚ ਵੀ ਗੜਬੜੀ ਸਬੰਧੀ ਕਈ ਤੱਥ ਦਿੱਤੇ ਗਏ ਪਰ ਕਿਸੇ ਅਫਸਰ ਨੂੰ ਗੜਬੜੀ ਲਈ ਜਵਾਬਦੇਹ ਨਹੀਂ ਬਣਾਇਆ ਗਿਆ। ਉਸ ਤੋਂ ਬਾਅਦ ਕੈਗ ਨੇ ਵੀ ਸਮਾਰਟ ਸਿਟੀ ਦਾ ਆਡਿਟ ਕਰਕੇ ਕਈ ਕਮੀਆਂ ਨੂੰ ਕੱਢਿਆ ਅਤੇ ਵਿਸਥਾਰ ਵਿਚ ਰਿਪੋਰਟ ਦਿੱਤੀ ਪਰ ਉਸ ਦੇ ਆਧਾਰ ’ਤੇ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ। ਇਸ ਮਿਸ਼ਨ ਦੌਰਾਨ ਸਮਾਰਟ ਸਿਟੀ ਦੇ ਕੰਮ ਲਿਮਟਿਡ ਕੰਪਨੀ ਬਣ ਕੇ ਕੀਤੇ ਗਏ, ਜਿਸ ਦੌਰਾਨ ਸਰਕਾਰੀ ਨਿਯਮਾਂ ਦਾ ਪਾਲਣ ਨਹੀਂ ਕੀਤਾ ਗਿਆ। ਕੰਪਨੀ ਦੇ ਵਧੇਰੇ ਰਿਟਾਇਰਡ ਅਫਸਰਾਂ ਨੂੰ ਭਰਤੀ ਕਰ ਲਿਆ ਗਿਆ, ਜਿਨ੍ਹਾਂ ਵਿਚੋਂ ਕਈਆਂ ਦੇ ਅਕਸ ਤਕ ਸਾਫ ਨਹੀਂ ਸਨ। ਸਮਾਰਟ ਸਿਟੀ ਕੰਪਨੀ ਜਲੰਧਰ ਵਿਚ ਰਹੇ ਪੁਰਾਣੇ ਅਧਿਕਾਰੀਆਂ ਨੇ ਆਪਣੇ ਕਾਰਜਕਾਲ ਦੌਰਾਨ ਖੂਬ ਮਨਮਰਜੀਆਂ ਕੀਤੀਆਂ, ਜਿਸ ਦੀ ਸਭ ਤੋਂ ਵੱਡੀ ਉਦਾਹਰਣ ਐੱਲ. ਈ. ਡੀ. ਸਟਰੀਟ ਲਾਈਟ ਪ੍ਰਾਜੈਕਟ ਹੈ, ਜਿਸ ਵਿਚ ਸਭ ਤੋਂ ਵੱਧ ਗੜਬੜੀ ਹੋਈ। ਦੋਸ਼ ਲੱਗਦੇ ਰਹੇ ਹਨ ਕਿ ਚੰਡੀਗੜ੍ਹ ਬੈਠੇ ਅਧਿਕਾਰੀਆਂ ਨਾਲ ਗੱਲ ਕਰਨ ਤੋਂ ਬਾਅਦ ਨਗਰ ਨਿਗਮਾਂ ਤੋਂ ਰਿਟਾਇਰਡ ਹੋਏ ਅਧਿਕਾਰੀਆਂ ਨੂੰ ਹੀ ਜਲੰਧਰ ਸਮਾਰਟ ਸਿਟੀ ਵਿਚ ਭਰਤੀ ਕਰ ਲਿਆ ਗਿਆ। ਜਿਹੜੇ ਅਧਿਕਾਰੀਆਂ ’ਤੇ ਨਿਗਮ ਵਿਚ ਰਹਿੰਦੇ ਹੋਏ ਕਰੋੜਾਂ ਰੁਪਏ ਦੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ, ਉਨ੍ਹਾਂ ਨੂੰ ਦੁਬਾਰਾ ਮਲਾਈਦਾਰ ਅਹੁਦਿਆਂ ’ਤੇ ਨੌਕਰੀ ਦੇ ਦਿੱਤੀ ਗਈ। ਉਨ੍ਹਾਂ ਸਮਾਰਟ ਸਿਟੀ ਵਿਚ ਵੀ ਨਿਗਮਾਂ ਵਰਗਾ ਮਾਹੌਲ ਪੈਦਾ ਕਰ ਦਿੱਤਾ ਅਤੇ ਆਪਣੇ ਚਹੇਤੇ ਠੇਕੇਦਾਰ ਫਿੱਟ ਕਰ ਕੇ ਖੂਬ ਗੋਲਮਾਲ ਕੀਤਾ। ਅਫਸਰਾਂ ਨੇ ਸਵਾ-ਸਵਾ ਲੱਖ ਤਨਖਾਹ ਤਾਂ ਲਈ ਪਰ ਕਦੀ ਸਾਈਟ ਵਿਜ?ਿਟ ਨਹੀਂ ਕੀਤੀ, ਜਿਸ ਕਾਰਨ ਵਧੇਰੇ ਪ੍ਰਾਜੈਕਟਾਂ ਵਿਚ ਜੰਮ ਕੇ ਘਟੀਆ ਮਟੀਰੀਅਲ ਦੀ ਵਰਤੋਂ ਹੋਈ।